ਜੁਲਾਈ 2026

# ਗੁਰਮਤਿ ਵਿਰਸਾ

GURMAT VIRSA गुरमति विरसा

ਗੁਰਮਤਿ ਗਿਆਨ

Year-7, Issue-12, July 2026, Ludhiana gurmatvirsa@gmail.com Multilingual Price 25/-

## ਨਾਨਕਿ ਰਾਜੁ ਚਲਾਇਆ...

ਸਫਾ 4

## ਦਲਭੰਜਨ ਗੁਰ ਸੂਰਮਾ...

ਸਫਾ 16

ਆਓ! ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਨੂੰ ਬਹਾਲ ਕਰੀਏ



# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਗੁ: ਦੁਖਭੰਜਨ ਸਾਹਿਬ ਸਤਿਗੁਰੂ ਨਗਰ (ਲੁਧਿ:) ਵਿਖੇ ਲੱਗੇ ਗੁਰਮਤਿ ਕੈਂਪ ਵਿਚ ਹਾਜ਼ਰ ਸੰਗਤ।





ਗੁ: ਸਾਹਿਬਜ਼ਾਦਾ ਫਤਹਿ ਸਿੰਘ ਜੀ ਮੁਹੱਲਾ ਫਤਹਿ ਸਿੰਘ ਨਗਰ (ਲੁਧਿ:) ਵਿਖੇ ਲੱਗੇ ਗੁਰਮਤਿ ਕੈਂਪ ਉਪਰੰਤ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਉਪਰੰਤ ਪ੍ਰਬੰਧਕ ਵੀਰਾਂ ਵਲੋਂ ਇਲਾਕਾ ਕੌਂਸਲਰ ਨੂੰ ਵੀ ਸਨਮਾਨਤ ਕੀਤਾ ਗਿਆ।



ਗੁਰਦੁਆਰਾ ਸ਼ਹੀਦਾਂ ਕਬੀਰ ਨਗਰ (ਲੁਧਿਆਣਾ) ਵਿਖੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ। ਉਪਰੰਤ ਬੱਚਿਆਂ ਨੂੰ ਸ਼ੀਲਡਾਂ ਅਤੇ ਲਿਟਰੇਚਰ ਨਾਲ ਸਨਮਾਨਤ ਕੀਤਾ ਗਿਆ।



ਗੁ: ਦੁਖਭੰਜਨ ਸਾਹਿਬ, ਸਤਿਗੁਰੂ ਨਗਰ (ਲੁਧਿਆਣਾ) ਵਿਖੇ ਲੱਗੇ ਗੁਰਮਤਿ ਕੈਂਪ ਲਗਾਇਆ ਗਿਆ।



ਕੇਂਦਰ ਅੱਪਰਾ ਦੇ ਪਿੰਡ ਥਲਾ (ਜਲੰਧਰ) ਵਿਖੇ ਲੱਗੇ ਗੁਰਮਤਿ ਟ੍ਰੇਨਿੰਗ ਕੈਂਪ ਉਪਰੰਤ ਬੱਚਿਆਂ ਨੂੰ ਮੈਡਲਾਂ ਨਾਲ ਸਨਮਾਨਤ ਕੀਤਾ ਗਿਆ



ਕੇਂਦਰ ਅੱਪਰਾ ਵਲੋਂ ਪਿੰਡ ਹੁਸੈਨਪੁਰਾ (ਲੁਧਿਆਣਾ) ਵਿਖੇ ਲੱਗੇ ਗੁਰਮਤਿ ਟ੍ਰੇਨਿੰਗ ਕੈਂਪ ਵਿਚ ਹਾਜ਼ਰ ਬੱਚੇ।



ਕੇਂਦਰ ਨਵਾਂਸ਼ਹਿਰ ਵੱਲੋਂ ਪਿੰਡ ਜਾਡਲਾ ਦੇ ਗੁਰਦੁਆਰਾ ਸਿੰਘ ਸਭਾ ਵਿਖੇ 6 ਰੋਜ਼ਾ ਗੁਰਮਤਿ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਭਾਈ ਜਰਨੈਲ ਸਿੰਘ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ।



ਗੁਰੂ ਹਰਿਗੋਬਿੰਦ ਪਬਲਿਕ ਸਕੂਲ ਵੈਰੋਨੰਗਲ (ਗੁਰਦਾਸਪੁਰ) ਵਿਖੇ ਲੱਗੇ ਗੁਰਮਤਿ ਟ੍ਰੇਨਿੰਗ ਕੈਂਪ ਵਿਚ ਸ਼ਾਮਿਲ ਵਿਦਿਆਰਥੀ

# ਗੁਰਮਤਿ ਵਿਰਸਾ

ਜੁਲਾਈ 2026 (ਮਾਸਿਕ ਮੈਗਜ਼ੀਨ)



**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org



**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ


## ਹਾੜ੍ਹ-ਸਾਵਣ ਮਹੀਨੇ ਦੇ ਖਾਸ ਦਿਹਾੜੇ

- ਸ੍ਰੀ ਅਕਾਲ ਤਖਤ ਸਾਹਿਬ ਦਾ ਨੀਂਹ ਪੱਥਰ: 18 ਹਾੜ੍ਹ (2 ਜੁਲਾਈ)
- ਪ੍ਰਕਾਸ਼ ਦਿਹਾੜਾ ਪਾਤਸ਼ਾਹੀ ਛੇਵੀਂ : 21 ਹਾੜ੍ਹ (5 ਜੁਲਾਈ)
- ਸ਼ਹੀਦੀ ਭਾਈ ਮਨੀ ਸਿੰਘ ਜੀ : 25 ਹਾੜ੍ਹ (9 ਜੁਲਾਈ)
- ਸ਼ਹੀਦੀ ਭਾਈ ਤਾਰੂ ਸਿੰਘ ਜੀ : 1 ਸਾਵਣ (16 ਜੁਲਾਈ)
- ਮੀਰੀ ਪੀਰੀ ਦਿਵਸ ਪਾਤਸ਼ਾਹੀ ਛੇਵੀਂ : 6 ਸਾਵਣ (21 ਜੁਲਾਈ)
- ਪ੍ਰਕਾਸ਼ ਦਿਹਾੜਾ ਪਾਤਸ਼ਾਹੀ ਅੱਠਵੀਂ : 15 ਸਾਵਣ (30 ਜੁਲਾਈ)


Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***

Responsible for collection of all Printed matter as per PRB Act

**Registration Number of the Newspaper**

**PUNMUL/2019/78309**


## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਸੰਪਾਦਕੀ | 4 |
| ਸਵਾਲ ਜਵਾਬ | 8 |
| ਸ਼ਬਦ ਵਿਚਾਰ | 9 |
| ਆਓ! ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਨੂੰ ਬਹਾਲ ਕਰੀਏ | 10 |
| ਗੁਰੂ ਘਰ ਨੂੰ ਸਮਰਪਿਤ ਭਾਈ ਮਨੀ ਸਿੰਘ ਜੀ ਅਤੇ ਉਨ੍ਹਾਂ ਦੇ ਵੰਸ਼ਜ਼ | 12 |
| ਦਲਭੰਜਨ ਗੁਰੁ ਸੂਰਮਾ... | 16 |
| ਸੈਭੰ | 19 |
| ਅੰਕਿ ਸਹੇਲੜੀਆਹ | 20 |
| ਨੰਨੇ ਵਾਰਸ | 22 |
| ਲੜੀਵਾਰ: ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ | 24 |
| ਕੇਸ ਅਤੇ ਕਾਰਜਸ਼ੈਲੀ | 26 |
| ਲੱਗੀ ਨਜ਼ਰ ਪੰਜਾਬ ਨੂੰ | 27 |
| ਭਾਰਤੀ ਹਵਾਈ ਸੈਨਾ ਦੇ ਮਾਰਸ਼ਲ ਸਰਦਾਰ ਅਰਜਨ ਸਿੰਘ... | 29 |
| ਸਾਹਸ ਨਾ ਗਵਾਓ | 33 |
| ਕਾਵਿ ਕਿਆਰੀ | 36 |
| Guru Har Krishan Sahib Ji | 37 |
| ਸਾਡੀ ਖੇਤੀ | 38 |
| ਸਿਹਤ ਸੰਭਾਲ | 39 |
| ਗੁਰਮਤਿ ਸੰਜੋਗ | 40 |
| ਮਈ ਮਹੀਨੇ ਦੀਆਂ ਸਰਗਰਮੀਆਂ | 41 |





## ਜ਼ਰੂਰੀ ਸੂਚਨਾਵਾਂ


- 'ਗੁਰਮਤਿ ਵਿਰਸਾ' ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

ਸੰਪਾਦਕੀ

**ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਗਮਨ ਦਿਵਸ 'ਤੇ ਵਿਸ਼ੇਸ਼**



# ਨਾਨਕਿ ਰਾਜੁ ਚਲਾਇਆ

ਗੁਰੂ ਨਾਨਕ ਸਾਹਿਬ ਜੀ ਦੇ ਆਤਮਿਕ ਅਨੁਭਵ ਨੇ ਇਹ ਮਹਿਸੂਸ ਕੀਤਾ ਤੇ ਸਮਝਿਆ ਕਿ ਦੇਸ਼ ਪੰਜਾਬ ਦੇ ਵਾਸੀਆਂ ਨੂੰ ਆਪਣੀ ਹੋਂਦ, ਗੈਰਤ, ਅਣਖ਼ ਦਾ ਅਹਿਸਾਸ ਕਰਾਉਣ ਲਈ ਠੋਸ ਵਿਚਾਰਾਂ ਤੇ ਉਪਰਾਲਿਆਂ ਦੀ ਜ਼ਰੂਰਤ ਹੈ। ਸਭ ਤੋਂ ਪਹਿਲਾਂ ਇਖ਼ਲਾਕੀ ਗਿਰਾਵਟ ਦੀਆਂ ਚੁਣੌਤੀਆਂ ਨੂੰ ਸਾਹਮਣੇ ਰੱਖਿਆ—

**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥ (722)**

ਗ਼ੁਲਾਮੀ ਦੀ ਦਲਦਲ ਵਿੱਚ ਫਸੇ ਲੋਕਾਂ ਨੇ ਆਪਣਾ ਧਰਮ, ਈਮਾਨ, ਬੋਲੀ, ਰਵਾਇਤੀ ਪਹਿਰਾਵੇ ਦਾ ਹੀ ਤਿਆਗ ਕਰ ਦਿੱਤਾ ਹੈ। ਜਿਹਾ ਕਿ ਫੁਰਮਾਣ ਹੈ—

**ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ ॥**
**ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ ॥ (663)**

ਅਤੇ

**ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥**
**ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥ (472)**



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

ਇੱਜ਼ਤ ਗਵਾ ਕੇ ਜਿਊਣਾ, ਕਮਾਉਣਾ ਤੇ ਖਾਣਾ ਸਭ ਹਰਾਮ ਹੈ–

**ਜੇ ਜੀਵੈ ਪਤਿ ਲਥੀ ਜਾਇ ॥**
**ਸਭੁ ਹਰਾਮੁ ਜੇਤਾ ਕਿਛੁ ਖਾਇ ॥ (142)**

ਜ਼ਿੰਦਗੀ ਜਿੰਦਾ ਦਿਲੀ ਦਾ ਨਾਮ ਹੈ, ਜਿਸ ਵਿੱਚ ਸਵੈਮਾਣ, ਆਪਾ ਵਾਰਨ ਦਾ ਜਜ਼ਬਾ, ਕਿਸੇ ਦਾ ਦਰਦ ਵੰਡਾਉਣਾ ਤੇ ਸਿਰ ਉੱਚਾ ਰੱਖ ਕੇ ਚੱਲਣ ਦਾ ਅਹਿਦ ਹੈ—

**ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥**
**ਨਾਨਕ ਅਵਰੁ ਨ ਜੀਵੈ ਕੋਇ ॥ (142)**

ਗੁਰੂ ਨਾਨਕ ਸਾਹਿਬ ਜੀ ਨੇ ਦੇਸ਼ ਪੰਜਾਬ ਵਿੱਚ ਉਸ ਕਿਰਦਾਰ ਦੀ ਸਿਰਜਣਾ ਕੀਤੀ, ਜੋ ਕੇਵਲ ਸੱਚ ਦੇ ਅਧਾਰਤ ਹੈ–

**ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ ॥ (966)**

ਮਨੁੱਖ ਦੇ ਮੁਕੰਮਲ ਕਿਰਦਾਰ ਨੂੰ ਗੁਰੂ ਸਾਹਿਬ ਜੀ ਨੇ 'ਸਚਿਆਰ' ਦੇ ਨਾਂ ਦੀ ਪ੍ਰੀਭਾਸ਼ਾ ਦਿੱਤੀ। 'ਸਚਿਆਰ' ਕਿਰਦਾਰ ਨੇ ਹੀ 'ਖਾਲਸਾ' ਸ਼ਬਦ ਦਾ ਰੂਪ ਧਾਰਨ ਕਰ ਗਿਆ।

ਮਹਿਸੂਸ ਕੀਤਾ ਜਾਂਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਮਿਸ਼ਨ ਨੂੰ ਦਸ ਭਾਗਾਂ ਵਿੱਚ ਵੰਡਿਆ, ਜੋ ਸਮੇਂ ਸਮੇਂ ਉਜਾਗਰ ਹੋਇਆ। ਗੁਰੂ ਨਾਨਕ ਪਾਤਸ਼ਾਹ ਦੀ ਬਣਾਈ ਵਿਉਂਤਬੰਦੀ ਅਨੁਸਾਰ ਗੁਰੂ ਅੰਗਦ ਪਾਤਸ਼ਾਹ ਜੀ ਨੇ ਮੁੱਢਲੇ ਤੌਰ 'ਤੇ ਬੱਚਿਆਂ ਨੂੰ ਵਿਦਿਆ ਦੇਣ ਦੇ ਨਾਲ ਨਾਲ ਮੱਲ ਅਖਾੜੇ ਬਣਾਏ। ਤੀਜੇ ਪਾਤਸ਼ਾਹ ਜੀ ਨੇ ਜਾਤ-ਪਾਤ ਦਾ ਕੋਹੜ ਵੱਢਦਿਆਂ ਪੰਗਤ-ਸੰਗਤ ਦੇ ਸੰਕਲਪ ਨੂੰ ਦ੍ਰਿੜਤਾ ਦਿੱਤੀ। ਚੌਥੇ ਪਾਤਸ਼ਾਹ ਜੀ ਨੇ ਨਾਨਕਈ ਫਲਸਫੇ ਨੂੰ ਅੱਗੇ ਤੋਰਦਿਆਂ ਕੌਮ ਲਈ ਕੇਂਦਰੀ ਅਸਥਾਨ ਸਥਾਪਿਤ ਕਰਕੇ ਕਿਰਤੀਆਂ ਦੀ ਕਿਰਤ ਨੂੰ ਸੰਭਾਲਿਆ। ਕੌਮਾਂਤਰੀ ਪੱਧਰ ਦੇ ਵਪਾਰੀ ਬਣਾਇਆ। ਗੁਰੂ ਅਰਜਨ ਪਾਤਸ਼ਾਹ ਜੀ ਨੇ ਤੱਤੀ ਤਵੀ, ਤੱਤਾ ਰੇਤਾ, ਦੇਗ ਦੇ ਗਰਮ ਪਾਣੀ ਦਾ ਸਫਰ ਤਹਿ ਕਰਦਿਆਂ ਸੱਚ ਦੀ ਅਣਖ ਨੂੰ ਬਰਕਰਾਰ ਰੱਖਦਿਆਂ ਸ਼ਹਾਦਤ ਦਾ ਜਾਮ ਪੀਤਾ। ਗੁਰੂ ਸਾਹਿਬ ਜੀ ਦੀ ਸ਼ਹੀਦੀ ਦੇਸ਼ ਪੰਜਾਬ ਵਿਚ ਕੂਹਣੀ ਮੋੜ ਸੀ, ਜਿਸ ਵਿਚੋਂ ਸਮੇਂ ਅਨੁਸਾਰ ਸੱਚ ਦਾ ਰਾਜ ਕਾਇਮ ਕਰਨਾ ਪ੍ਰਗਟ ਹੋਇਆ। ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਨਾਨਕਈ ਫਲਸਫੇ ਨੂੰ ਸੱਚੇ ਰਾਜ ਭਾਗ ਵਿੱਚ ਪ੍ਰਗਟ ਕਰਦਿਆਂ ਫੌਜ ਦੀ ਤਿਆਰੀ ਸ਼ੁਰੂ ਕੀਤੀ। ਇਹ ਫੌਜ ਨਿਤਾਣਿਆਂ, ਨਿਮਾਣਿਆਂ, ਜ਼ੁਲਮ ਦੇ ਸਤਾਇਆਂ ਹੋਇਆਂ ਨੂੰ ਇਨਸਾਫ਼ ਦੇਣ ਲਈ ਸੀ।

ਉਨ੍ਹਾਂ ਦੇ ਜੀਵਨ ਨੂੰ ਸੰਖੇਪ ਵਿੱਚ ਸਮਝਣ ਦਾ ਯਤਨ ਕਰਦੇ ਹਾਂ।

ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਆਗਮਨ ਭੱਟ ਵਹੀਆਂ ਅਨੁਸਾਰ ਮਾਤਾ ਗੰਗਾ ਜੀ ਦੀ ਕੁੱਖ ਤੋਂ 19 ਜੂਨ 1590 ਨੂੰ ਹੋਇਆ। ਜਦ ਕਿ ਪ੍ਰਚੱਲਤ ਇਤਿਹਾਸ ਅਨੁਸਾਰ ਗੁਰੂ ਸਾਹਿਬ ਜੀ ਦਾ ਆਗਮਨ 9 ਜੂਨ 1595 ਦਾ ਲਿਖਿਆ ਹੈ, ਪਰ ਡਾ. ਹਰਜਿੰਦਰ ਸਿੰਘ ਦਿਲਗੀਰ ਸਿੱਖ ਤਵਾਰੀਖ ਦੇ ਪੰਨਾ 225 'ਤੇ ਕੀਰਤ ਭੱਟ ਦੀ ਵਹੀ ਮੁਲਤਾਨ ਸਿੰਧੀ ਦੇ ਹਵਾਲੇ ਨਾਲ ਲਿਖਦੇ ਹਨ ਕਿ—

**ਬਧਾਈ ਲੀ ਹਰਿ ਗੋਬਿੰਦ ਕੀ, ਬੇਟਾ ਗੁਰੂ ਅਰਜਨ ਜੀ ਮਹਲ ਪੰਚਮ ਕਾ, ਪੋਤਾ ਗੁਰੂ ਰਾਮਦਾਸ ਜੀ ਕਾ ਸੰਮਤ ਸਤਰਾਂ ਸੈ ਸੰਤਾਲੀਸ, ਮਾਹ ਅਸਾੜ, ਦਿਹੁੰ ਇਕੀਸ ਗਿਆਂ, ਸਵਾ ਪਹਰ ਰੈਣ ਰਹੀ, ਮਾਤਾ ਗੰਗਾ ਜੀ ਕੇ ਉਦਰ ਥੀਂ, ਗਾਮ ਵਡਾ਼ਲੀ, ਪਰਗਣਾ ਗੁਰੂ ਚੱਕ ਮੇਂ ਏਕ ਚਮਤਕਾਰੀ ਬਾਲਕ ਪੈਦਾ ਹੂਆ, ਨਾਉਂ ਸ੍ਰੀ ਹਰਿ ਗੋਬਿੰਦ ਜੀ ਰਾਖਾ, ਕੁੱਲ ਪ੍ਰੋਹਤ ਸਿੰਘਾ ਕੋ ਮਾਨਾ। ਗੁਰੂ ਕੀ ਕੜਾਹੀ ਕੀ। ਅਤਿਥ ਗਰੀਬ ਗੁਰਬੇ ਕੋ ਦਾਨ ਦੀਆ।**

**(ਭੱਟ ਵਹੀ ਮੁਲਤਾਨੀ ਸਿੰਧੀ ਲਿਖਤ ਕੀਰਤ ਭੱਟ, ਬੇਟਾ ਭੱਟ ਭਿਖੇ ਕਾ)**

ਗੁਰੂ ਹਰਿ ਗੋਬਿੰਦ ਸਾਹਿਬ ਜੀ ਕੁਝ ਸਮਾਂ ਵਡਾਲੀ, ਤਰਨਤਾਰਨ, ਅੰਮ੍ਰਿਤਸਰ ਤੇ ਕੁਝ ਸਮਾਂ ਲਾਹੌਰ ਵੀ ਬਿਤਾਇਆ। ਭਾਈ ਗੁਰਦਾਸ ਸਾਹਿਬ ਜੀ ਤੋਂ ਪੜ੍ਹਾਈ ਲਿਖਾਈ ਤੇ ਬਾਬਾ ਬੁੱਢਾ ਸਾਹਿਬ ਜੀ ਤੋਂ ਘੋੜ ਸਵਾਰੀ ਤੇ ਸ਼ਸਤ੍ਰ ਸਿਖਲਾਈ ਹਾਸਲ ਕੀਤੀ। ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਅਨੰਦ ਕਾਰਜ 1604 ਪਿੰਡ ਡੱਲਾ ਜ਼ਿਲ੍ਹਾ ਕਪੂਰਥਲਾ ਭਾਈ ਨਰਾਇਣ ਦਾਸ ਜੁਲਕਾ ਤੇ ਮਾਤਾ ਭਾਗ ਭਰੀ ਦੀ ਬੇਟੀ ਦਮੋਦਰੀ ਨਾਲ ਹੋਇਆ। ਗੁਰੂ ਸਾਹਿਬ ਜੀ ਦੀ ਬਰਾਤ ਵਿੱਚ ਬਾਬਾ ਬੁੱਢਾ ਜੀ, ਭੱਟ ਕੀਰਤ ਜੀ, ਭੱਟ ਮੱਥਰਾ ਜੀ, ਭਾਈ ਗੁਰਦਾਸ ਜੀ, ਭਾਈ ਪਰਾਣਾ ਜੀ ਭਾਈ ਜੇਠਾ ਜੀ ਸ਼ਾਮਿਲ ਹੋਏ।

ਰਾਜਨੀਤਿਕ ਪੱਖ ਦੇਖਿਆ ਜਾਏ ਤਾਂ ਅਕਬਰ ਬਾਦਸ਼ਾਹ ਦੀ ਨੀਤੀ ਸਦਾ ਸੁਲਾਹ ਕੁੰਨ ਰਹੀ ਸੀ ਜਦ ਕਿ ਜਹਾਂਗੀਰ ਉਸ ਤੋਂ ਉਲਟ ਚੱਲ ਰਿਹਾ ਸੀ। ਅਕਬਰ ਦੀ 17 ਅਕਤੂਬਰ 1605 ਈ ਨੂੰ ਮੌਤ ਹੋ ਗਈ ਸੀ, ਉਪਰੰਤ

ਜਹਾਂਗੀਰ ਰਾਜ ਗੱਦੀ ਤੇ ਬੈਠਾ। ਜਹਾਂਗੀਰ ਨੇ ਅਕਬਰ ਵਾਲੀ ਨੀਤੀ ਤਿਆਗ ਕੇ ਕੱਟੜ ਪੰਥੀਆਂ ਅਨੁਸਾਰ ਚੱਲਣ ਲੱਗ ਪਿਆ। ਕੱਟੜ ਪੰਥੀਆਂ ਵਿੱਚ ਖ਼ੁਆਜ਼ਾ ਮੁਹੰਮਦ ਬਾਕੀ ਬਿੱਲਾ ਤੇ ਸ਼ੇਖ ਅਹਿਮਦ ਸਰਹੰਦੀ ਦਾ ਨਾਂ ਆਉਂਦਾ ਹੈ। ਇਨ੍ਹਾਂ ਦੋਹਾਂ ਦਾ ਮਿਲਾਪ 1599 ਨੂੰ ਦਿੱਲੀ ਵਿੱਚ ਹੋਇਆ। ਇਹ ਜਨੂੰਨੀ ਤੇ ਕੱਟੜਤਾ ਵਿੱਚ ਵਿਸ਼ਵਾਸ ਰੱਖਦੇ ਸਨ। ਜਹਾਂਗੀਰ ਇਨ੍ਹਾਂ ਦਾ ਪ੍ਰਭਾਵ ਕਬੂਲਦਾ ਸੀ। ਇਨ੍ਹਾਂ ਨੇ ਹੀ ਨਾਨਕਈ ਫਲਸਫੇ ਤੋਂ ਇਸਲਾਮ ਨੂੰ ਸਭ ਤੋਂ ਵੱਧ ਖਤਰਾ ਦੱਸਿਆ। ਕਟੱੜ ਪੰਥੀਆਂ ਨੇ ਇਸ ਸੱਚ ਦੀ ਲਹਿਰ ਨੂੰ ਦਬਾਉਣ ਦਾ ਯਤਨ ਆਰੰਭਿਆ। ਦੂਸਰੇ ਪਾਸੇ ਜਾਤ ਹੰਕਾਰੀ ਬ੍ਰਾਹਮਣ ਵੀ ਪਿਛਲੇ ਲੰਮੇ ਸਮੇਂ ਸਰਕਾਰੇ ਦਰਬਾਰੇ ਨਾਨਕਈ ਫਸਲਫੇ ਦੀਆਂ ਸ਼ਿਕਾਇਤਾਂ ਲਗਾਉਂਦੇ ਆ ਰਹੇ ਸਨ।

ਗੁਰੂ ਅਮਰਦਾਸ ਜੀ ਦੇ ਸਮੇਂ ਲਾਹੌਰ ਤੋਂ ਸੰਮਨ ਆਏ ਸਨ ਤਾਂ ਗੁਰੂ ਸਾਹਿਬ ਜੀ ਨੇ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੂੰ ਲਾਹੌਰ ਭੇਜਿਆ ਸੀ। ਜ਼ਰਾ ਸੋਚੀਏ ਤਾਂ ਸਮਝ ਆਉਂਦਾ ਹੈ ਕਿ ਇੱਕ ਪਾਸੇ ਬਾਦਸ਼ਾਹ ਅਕਬਰ, ਲਾਹੌਰ ਦਾ ਸੂਬੇਦਾਰ ਤੇ ਉਨ੍ਹਾਂ ਦੇ ਨਾਲ ਸਲਾਹਕਾਰ ਸਨ। ਜਦ ਕਿ ਦੂਜੇ ਪਾਸੇ ਭਾਈ ਜੇਠਾ ਜੀ ਇਕੱਲੇ ਸਨ, ਜਿਨ੍ਹਾਂ ਨੇ ਹਰੇਕ ਪ੍ਰਸ਼ਨ ਦਾ ਬ-ਦਲੀਲ ਉੱਤਰ ਦੇ ਕੇ ਸਭ ਨੂੰ ਨਿਰਤੁਰ ਕਰ ਦਿੱਤਾ। ਲਾਹੌਰ ਦੀ ਇਸ ਘਟਨਾ ਤੋਂ ਅਕਬਰ ਬਹੁਤ ਪ੍ਰਭਾਵਤ ਹੋਇਆ। ਅਕਬਰ ਬਾਦਸ਼ਾਹ ਗੋਇੰਦਵਾਲ ਦੀ ਸਾਰੀ ਮਰਿਯਾਦਾ ਦੇਖਣ ਲਈ ਖ਼ੁਦ ਆਇਆ ਸੀ।

ਅਕਬਰ ਬਾਦਸ਼ਾਹ ਤੱਕ ਦਾ ਸਮਾਂ ਬਹੁਤ ਸੁਖਾਵਾਂ ਰਿਹਾ ਸੀ। ਇਹ ਸਮਾਂ ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਦਾ ਰਿਹਾ ਸੀ। ਜਿਉਂ ਹੀ ਜਹਾਂਗੀਰ ਨੇ ਰਾਜ ਭਾਗ ਸੰਭਾਲਿਆ ਓਦੋਂ ਤੋਂ ਹੀ ਨਾਨਕਈ ਫਲਸਫੇ ਦਾ ਵਿਰੋਧ ਸ਼ੁਰੂ ਹੋ ਗਿਆ।

ਗੁਰੂ ਅਰਜਨ ਪਾਤਸ਼ਾਹ ਜੀ ਨੇ ਹਾਲਾਤ ਨੂੰ ਮੁੱਖ ਰੱਖਦਿਆਂ ਭਾਈ ਬਾਬਾ ਬੁੱਢਾ ਜੀ ਭਾਈ ਗੁਰਦਾਸ ਜੀ ਹੋਰ ਨਾਮੀ ਸਿੱਖਾਂ ਨਾਲ ਸਲਾਹ ਮਸ਼ਵਰਾ ਕੀਤਾ ਕਿ ਆਉਣ ਵਾਲਾ ਸਮਾਂ ਹਕੂਮਤ ਨਾਲ ਟੱਕਰ ਵਾਲਾ ਹੋਏਗਾ। ਉਹੀ ਹੋਇਆ ਜੋ ਕਟੱੜ ਪੰਥੀ ਕਰਨਾ ਚਾਹੁੰਦੇ ਸਨ। ਲਾਹੌਰ ਦਰਬਾਰ ਵਿੱਚ ਗੁਰੂ ਅਰਜਨ ਸਾਹਿਬ ਜੀ ਸਬੰਧੀ ਝੂਠੀਆਂ ਸ਼ਕਾਇਤਾਂ ਇਕੱਠੀਆਂ ਕਰਨੀਆਂ ਸ਼ੁਰੂ ਕੀਤੀਆਂ। ਲਾਹੌਰ ਦਰਬਾਰ ਦੀਆਂ ਸਰਗਰਮੀਆਂ ਤੋਂ ਗੁਰੂ ਅਰਜਨ ਪਾਤਸ਼ਾਹ ਭਲੀ ਭਾਂਤ ਜਾਣੂੰ ਸਨ ਫਿਰ ਵੀ ਸਮਾਜ ਦੇ ਵਿਕਾਸ ਲਈ ਕਾਰਜ ਕਰ ਰਹੇ ਸਨ। ਗੁਰੂ ਅਰਜਨ ਪਾਤਸ਼ਾਹ ਜੀ ਨੇ ਚਾਰ ਨਵੇਂ ਨਗਰ ਵਸਾਏ ਜਦ ਕਿ ਕਈ ਖੂਹ ਤੇ ਬਉਲੀਆਂ ਬਣਵਾਈਆਂ। ਸਮਾਜ-ਵਿਕਾਸ ਦੇ ਕੰਮ ਦੇਖ ਕੇ ਬਹੁਤ ਸਾਰੇ ਮੁਸਲਮਾਨ ਵੀ ਸਿੱਖੀ ਵਿੱਚ ਸ਼ਾਮਿਲ ਹੋਏ।

ਦੂਸਰੇ ਪਾਸੇ ਜਹਾਂਗੀਰ ਦੇ ਕੱਟੜ ਪੰਥੀਆਂ ਨੇ ਅਜਿਹੇ ਕੰਨ ਭਰੇ, ਜੋ ਖ਼ੁਦ ਜਹਾਂਗੀਰ ਆਪਣੀ ਡਾਇਰੀ (ਤੌਜ਼ਕੇ ਜਹਾਂਗੀਰੀ) ਵਿੱਚ ਲਿਖਦਾ ਹੈ ਕਿ ਮੈਂ ਇਹ ਝੂਠ ਦੀ ਦੁਕਾਨ ਬੰਦ ਕਰਨੀ ਹੈ। ਦੂਸਰਾ ਬਹੁਤ ਸਾਰੇ ਮੁੱਲਾਂ ਮੌਲਾਣਿਆਂ ਤੇ ਦੇਸੀ ਬ੍ਰਾਹਮਣਾਂ ਨੇ ਵੀ ਹਕੂਮਤ ਨੂੰ ਨਾਨਕਈ ਫਲਸਫੇ ਦੇ ਵਿਰੁੱਧ ਭੜਕਾਇਆ। ਲਾਹੌਰ ਦਰਬਾਰ ਵਲੋਂ ਗੁਰੂ ਸਾਹਿਬ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ 22 ਮਈ 1606 ਨੂੰ ਹੋਇਆ।

25 ਮਈ 1606 ਨੂੰ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੂੰ ਦਰਬਾਰ ਸਾਹਿਬ ਦੇ ਸਾਹਮਣੇ ਦੀਵਾਨ ਸਜਾ ਕੇ ਗੁਰਿਆਈ ਦਿੱਤੀ ਗਈ। ਹੋਰ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਤੇ ਹੋਰ ਨਾਮੀ ਸਿੱਖਾਂ ਨੂੰ ਸੌਂਪਣਾ ਕਰਕੇ ਆਪ ਲਾਹੌਰ ਨੂੰ ਚੱਲ ਪਏ। 26 ਮਈ ਨੂੰ ਗੁਰੂ ਸਾਹਿਬ ਜੀ ਨੂੰ ਗ੍ਰਿਫਤਾਰ ਕਰ ਲਿਆ। ਇਕ ਮਨੁੱਖੀ ਰਾਜ ਹੋਣ ਕਰਕੇ ਬਹੁਤੇ ਇਨਸਾਫ਼ ਦੀ ਕੋਈ ਉਮੀਦ ਨਹੀਂ ਕੀਤੀ ਜਾ ਸਕਦੀ ਸੀ। ਗੁਰੂ ਸਾਹਿਬ ਜੀ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ, ਜੋ ਗੁਰੂ ਸਾਹਿਬ ਜੀ ਨੇ ਮੁੱਢੋਂ ਹੀ ਨਿਕਾਰ ਦਿੱਤਾ। ਚਾਰ ਦਿਨ ਤੱਤੀ ਰੇਤ, ਤੱਤੀ ਤਵੀ ਤੇ ਉਬਲਦੇ ਪਾਣੀ ਦੀ ਯਾਸਾ ਕਾਨੂੰਨ ਦੇ ਅਧਾਰਿਤ ਸਜਾ ਦਿੱਤੀ ਗਈ। ਗੁਰੂ ਸਾਹਿਬ ਜੀ 'ਤੇ ਬਹੁਤ ਜ਼ਿਆਦਾ ਤਸ਼ੱਦਤ ਕੀਤਾ ਗਿਆ। ਅਖੀਰ ਰਾਵੀ ਦਰਿਆ ਵਿੱਚ ਰੋਹੜ ਕੇ ਗੁਰੂ ਸਾਹਿਬ ਜੀ ਨੂੰ ਸ਼ਹੀਦ ਕੀਤਾ ਗਿਆ।

ਸਿਰਦਾਰ ਕਪੂਰ ਸਿੰਘ ਦੀ ਸਾਚੀ ਸਾਖੀ ਅਨੁਸਾਰ ਸ਼ੇਖ ਅਹਿਮਦ ਸਰਹੰਦੀ ਨੇ ਸ਼ੁਕਰਾਨੇ ਦੀ ਚਿੱਠੀ ਜਹਾਂਗੀਰ ਨੂੰ ਲਿਖੀ।

**ਗੁਰੂ ਅਰਜਨ ਪਾਤਸ਼ਾਹ ਦੀ ਸ਼ਹੀਦੀ ਮਗਰੋਂ ਸਿੱਖਾਂ ਨੇ ਅੱਖੀਂ ਵੇਖ ਲਿਆ ਕਿ ਕਾਜ਼ੀ-ਹਾਕਮ, ਖੱਤ੍ਰੀ-ਕਰਮਚਾਰੀ ਅਤੇ ਜਾਤ ਅਭਿਮਾਨੀ ਬ੍ਰਾਹਮਣਾਂ ਨੂੰ ਗੁਰੂ ਨਾਨਕ ਜੀ ਦੀ ਤਾਲੀਮ ਚੁੱਭ ਰਹੀ ਸੀ। ਪੈਰਾਂ ਹੇਠ ਲਤਾੜੀਂਦੇ ਬੰਦਿਆਂ ਨੂੰ ਜਗਾਣਾ ਹੀ ਇਹਨਾਂ ਲੋਕਾਂ ਵਾਸਤੇ ਅਸਹਿ ਕੰਮ ਸੀ। ਨਿਰਦਈ ਸੁਆਰਥੀ ਲੋਕਾਂ ਨੇ ਗ਼ਰੀਬਾਂ ਦੇ ਦਰਦੀ ਪੰਜਵੇਂ ਗੁਰੂ ਅਰਜਨ ਪਾਤਿਸ਼ਾਹ ਨੂੰ ਸ਼ਹੀਦ ਕਰ ਕੇ ਜਾਗ ਪਈ ਮਨੁੱਖਤਾ ਨੂੰ ਵੰਗਾਰਿਆ। ਮਾਝੇ ਦੀ ਰਗ ਰਗ ਤੜਪ ਉੱਠੀ। ਗੱਭਰੂਆਂ ਦੇ ਡੌਲਿਆਂ ਵਿਚ ਲਹੂ ਨੇ ਜੋਸ਼ ਮਾਰਿਆ। ਗੁਰੂ ਨਾਨਕ ਸਾਹਿਬ ਅਤੇ ਉਹਨਾਂ ਦੇ ਜਾ-ਨਸ਼ੀਨ ਗੁਰ-ਵਿਅਕਤੀਆਂ ਦੇ ਜਗਾਏ ਹੋਏ ਬੰਦੇ, ਹੁਣ ਮੁੜ ਨਿਰਦਈ ਸੁਆਰਥੀਆਂ ਦੇ ਜ਼ੁਲਮ ਦਾ ਨਿਸ਼ਾਨਾ ਬਣਨ ਨੂੰ ਤਿਆਰ ਨਹੀਂ ਸਨ। ਅੱਤ ਦਾ ਇਲਾਜ ਘਸੁੰਨ ਹੀ ਹੈ। ਸਿੱਖਾਂ ਨੇ ਪੱਕਾ ਕਰ ਲਿਆ ਕਿ ਟਾਕਰਾ ਹੋ ਕੇ ਹੀ ਰਹੇਗਾ। ਸ਼ਸਤਧਾਰੀ ਬਣਨ ਦਾ ਸਮਾਂ ਆ ਗਿਆ ਹੈ।**

ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਨਾਨਕਈ ਫਲਸਫੇ ਨੂੰ ਪ੍ਰਗਟ ਕਰਨ ਲਈ ਜੂਨ 1608 ਵਿੱਚ ਅਕਾਲ ਤਖਤ ਪ੍ਰਗਟ ਕੀਤਾ, ਜਿਸ ਨੂੰ ਪਹਿਲਾਂ ਥੜਾ ਸਾਹਿਬ ਅਕਾਲ ਬੁੰਗਾ ਕਿਹਾ ਗਿਆ। ਇੱਥੇ ਬੈਠ ਕੇ ਗੁਰਦੇਵ ਪਿਤਾ ਜੀ ਨੇ ਆਪ ਫੈਸਲੇ ਕਰਨੇ ਸ਼ੁਰੂ ਕੀਤੇ। ਹੁਣ ਸਮਾਂ ਆ ਗਿਆ ਸੀ ਕਿ ਨਾਨਕਈ ਫਲਸਫੇ ਨੂੰ ਇੱਕ ਸੱਚੇ ਰਾਜਸੀ ਸੰਕਲਪ ਵਜੋਂ ਸਾਕਾਰ ਕੀਤਾ ਜਾਏ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਜੇ ਖੂਹ ਵਿਚੋਂ ਪਾਣੀ ਕੱਢਣਾ ਹੈ ਤਾਂ ਪਹਿਲਾਂ ਘੜੇ ਦਾ ਮੂੰਹ ਲੱਜ ਨਾਲ ਬੰਨ੍ਹਣਾ ਪਏਗਾ।

**ਜਿਉ ਕਰਿ ਖੂਹਹੁ ਨਿਕਲੈ ਗਲਿ ਬਧੇ ਪਾਣੀ।**
**ਜਿਉ ਮਣਿ ਕਾਲੇ ਸਪ ਸਿਰਿ ਹਸਿ ਦੇਇ ਨ ਜਾਣੀ।**
**ਜਾਣ ਕਥੂਰੀ ਮਿਰਗ ਤਨਿ ਮਰਿ ਮੁਕੈ ਆਣੀ।**
**ਤੇਲ ਤਿਲਹੁ ਕਿਉ ਨਿਕਲੈ ਵਿਣੁ ਪੀੜੇ ਘਾਣੀ।**
**ਜਿਉ ਮੁਹੁ ਭੰਨੇ ਗਰੀ ਦੇ ਨਲੀਏਰੁ ਨਿਸਾਣੀ।**
**ਬੇਮੁਖ ਲੋਹਾ ਸਾਧੀਐ ਵਗਦੀ ਵਾਦਾਣੀ।**

**(ਵਾਰ-34, ਪਉੜੀ-13)**

ਸੱਪ ਦੇ ਸਿਰ ਵਿਚੋਂ ਮਣੀ ਲੈਣ ਲਈ ਸੱਪ ਨੂੰ ਮਾਰਨਾ ਹੀ ਪਏਗਾ। ਮਿਰਗ ਨੂੰ ਮਾਰ ਕੇ ਹੀ ਕਸਤੂਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਤਿਲਾਂ ਨੂੰ ਕੋਹਲੂ ਵਿੱਚ ਪੀੜਨ ਨਾਲ ਹੀ ਤੇਲ ਦੀ ਪ੍ਰਾਪਤੀ ਹੁੰਦੀ ਹੈ। ਵਿੰਗੇ ਟੇਢੇ ਲੋਹੇ ਨੂੰ ਅੱਗ ਵਿੱਚ ਪਾ ਕੇ ਕੋਈ ਸੰਦ ਬਣਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਸੱਚ ਦਾ ਕਿਲ੍ਹਾ (ਭਾਵ ਸੁਚੱਜਾ ਸਮਾਜ ਤੇ ਰਾਜ ਪ੍ਰਬੰਧ) ਉਸਾਰਨ ਲਈ ਤਿਆਗ, ਦ੍ਰਿੜਤਾ, ਵਫ਼ਾਦਾਰੀ ਤੇ ਸ਼ਹੀਦੀਆਂ ਦੀ ਜ਼ਰੂਰਤ ਪਏਗੀ। ਗੁਰੂ ਸਾਹਿਬ ਜੀ ਨੇ ਦੇਖ ਲਿਆ ਸੀ ਕਿ ਹੁਣ ਸ਼ਸਤਰਧਾਰੀ ਹੋਣ ਤੋਂ ਬਿਨਾਂ ਕੌਮ ਅੱਗੇ ਨਹੀਂ ਵੱਧ ਸਕਦੀ। ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਗੁਰੂ ਨਾਨਕ ਸਾਹਿਬ ਦੇ ਫਲਸਫੇ ਨੂੰ ਮੀਰੀ ਤੇ ਪੀਰੀ ਦੇ ਰੂਪ ਵਿੱਚ ਸਾਕਾਰ ਕੀਤਾ।

ਜ਼ੁਲਮ ਨੂੰ ਠੱਲ ਪਾਉਣ ਲਈ ਤੇ ਲੋਕਾਂ ਨੂੰ ਸੱਚ ਦਾ ਰਾਜ ਦੇਣ ਲਈ ਕੁਰਬਾਨੀਆਂ ਤਾਂ ਕਰਨੀਆਂ ਪੈਣਗੀਆਂ। ਨਾਨਕਈ ਫਲਸਫੇ ਨੂੰ ਸਾਕਾਰਤਾ ਦਾ ਰੂਪ ਦਿੰਦਿਆਂ ਕੀਰਤਨ-ਕਥਾ ਵਖਿਆਨ ਦੇ ਨਾਲ ਢਾਡੀ ਵਾਰਾਂ ਸ਼ੁਰੂ

ਕੀਤੀਆਂ। ਢਾਡੀਆਂ ਰਾਹੀਂ ਜੋਸ਼ ਭਰੀਆਂ ਵਾਰਾਂ ਦੀ ਪ੍ਰੰਪਰਾ ਸ਼ੁਰੂ ਕੀਤੀ ਤਾਂ ਕਿ ਦੇਸ਼ ਪੰਜਾਬ ਦੇ ਬਸ਼ਿੰਦਿਆਂ ਦੇ ਡੌਲ਼ਿਆਂ ਵਿੱਚ ਜੰਮਿਆ ਖੂਨ ਪਿਘਲ ਸਕੇ। ਭਾਈ ਨੱਥੂ ਮੱਲ ਜੀ ਤੇ ਭਾਈ ਅਬਦੁੱਲਾ ਜੀ ਨੇ ਵਾਰਾਂ ਗਾਉਂਦਿਆ ਕਿਹਾ—

**ਦੋ ਤਲਵਾਰੀ ਬੱਧੀਆਂ,**
**ਇੱਕ ਮੀਰ ਦੀ ਇੱਕ ਪੀਰ ਦੀ।**
**ਇੱਕ ਅਜ਼ਮਤ ਦੀ ਇੱਕ ਰਾਜ ਦੀ।**
**ਇੱਕ ਰਾਖੀ ਕਰੇ ਵਜ਼ੀਰ ਦੀ।**
**ਪੱਗ ਤੇਰੀ, ਕੀ ਜਹਾਂਗੀਰ ਦੀ।**

ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਸੰਗਤਾਂ ਨੂੰ ਸੁਨੇਹੇ ਭੇਜੇ ਕਿ ਧਰਮ, ਇਨਸਾਨੀਅਤ ਤੇ ਸੱਚ ਦੀਆਂ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਣ ਲਈ ਤੇ ਹਰ ਪ੍ਰਕਾਰ ਦੇ ਜ਼ੁਲਮ ਨੂੰ ਠੱਲ ਪਾਉਣ ਲਈ ਫੌਜ ਤਿਆਰ ਕਰਨੀ ਹੈ। ਮੇਰੀ ਭੇਟਾ ਚੜ੍ਹਦੀ ਜਵਾਨੀ, ਨਿਰੋਏ ਘੋੜੇ ਤੇ ਤੇਜ਼ਧਾਰ ਸ਼ਸਤਰ ਹਨ। ਕੁਝ ਹੀ ਸਮੇਂ ਵਿੱਚ ਇੱਕ ਹਜ਼ਾਰ ਦੀ ਫੌਜ ਇਕੱਠੀ ਹੋ ਗਈ। ਸਾਰੀ ਫੌਜ ਨੂੰ ਵਿਉਂਤਬੰਦੀ ਨਾਲ ਜੱਥਿਆਂ ਵਿੱਚ ਵੰਡ ਦਿੱਤਾ। ਇਨ੍ਹਾਂ ਜੱਥਿਆਂ ਨੂੰ ਭਾਈ ਪਰਾਣਾ, ਭਾਈ ਜੇਠਾ, ਭਾਈ ਬਿੱਧੀ ਚੰਦ, ਭਾਈ ਪਰਾਗਾ ਤੇ ਭਾਈ ਲੰਗਾਹ ਦੀ ਕਮਾਨ ਹੇਠ ਸ਼ਸਤਰਾਂ ਦੀ ਸਿਖਲਾਈ ਦੇਣੀ ਸ਼ੁਰੂ ਕੀਤੀ।

1609 ਵਿੱਚ ਗੁਰੂ ਕਾ ਚੱਕ ਵਿਖੇ ਲੋਹਗੜ੍ਹ ਕਿਲ੍ਹੇ ਦੀ ਤਾਮੀਰ ਕਰਦਿਆਂ 1612 ਤੱਕ ਸ਼ਹਿਰ ਦੇ ਚਾਰ ਚੁਫੇਰੇ ਦੀਵਾਰ ਬਣਾ ਦਿੱਤੀ। ਸਿੱਖ ਰਾਜ ਦਾ ਇਹ ਪਹਿਲਾ ਕਿਲ੍ਹਾ ਸੀ, ਜਿਸ ਨੇ ਸੱਚੇ ਰਾਜ, ਦੇਸ਼ ਪੰਜਾਬ ਦੇ ਲੋਕਾਂ ਨੂੰ ਧੁਰ ਅੰਦਰੋਂ ਆਜ਼ਾਦੀ ਦਾ ਅਹਿਸਾਸ ਕਰਾਇਆ।

ਜਿਉਂ ਜਿਉਂ ਗੁਰੂ ਹਰਿ ਗੋਬਿੰਦ ਸਾਹਿਬ ਨੇ ਸਿੱਖਾਂ ਨੂੰ ਸ਼ਸਤ੍ਰ-ਧਾਰੀ ਬਣਾਉਣ ਦੇ ਜਤਨ ਤੇਜ਼ ਕੀਤੇ, ਤਿਉਂ ਤਿਉਂ ਥੋੜ-ਵਿਤੇ ਬੰਦਿਆਂ ਦੇ ਅੰਦਰ ਹੌਲ ਪੈਣ ਲੱਗੇ। ਅਸੀ ਪਿਛੇ ਵੇਖ ਆਏ ਹਾਂ ਕਿ ਸਤਿਗੁਰੂ ਜੀ ਨੇ ਦੁਆਬੇ ਮਾਲਵੇ ਵਿਚ ਜਾਣ ਵੇਲੇ ਕਰਤਾਰਪੁਰ ਅੱਪੜ ਕੇ ਕੁਝ ਪਠਾਣ ਗੱਭਰੂ ਭੀ ਭਰਤੀ ਕਰ ਲਏ ਸਨ, ਉਹਨਾਂ ਵਿਚੋਂ ਪੈਂਦੇ ਖ਼ਾਂ ਉਤੇ ਸਤਿਗੁਰੂ ਜੀ ਦੀ ਉਚੇਚੀ ਮਿਹਰ ਸੀ। ਸਦੀਆਂ ਤੋਂ ਸੁੱਚ-ਭਿਟ ਦੇ ਭਰਮੀਆਂ ਨੂੰ ਇਹ ਗੱਲ ਭੀ ਪਸੰਦ ਨਹੀਂ ਸੀ ਆਉਂਦੀ। ਕਈ ਸਿੱਖ ਕਦੇ ਕਦੇ ਡੋਲ ਕੇ ਆਪੋ ਵਿਚ ਇਹ ਘੋਰ-ਮਸੋਰੇ ਕਰਿਆ ਕਰਦੇ ਸਨ ਕਿ ਗੁਰੂ ਹਰਿ ਗੋਬਿੰਦ ਸਾਹਿਬ ਦੇ ਕਰਤੱਬ ਪਹਿਲੇ ਗੁਰੂ-ਵਿਅਕਤੀਆਂ ਦੇ ਕਰਤੱਬਾਂ ਨਾਲ ਮੇਲ ਨਹੀਂ ਖਾਂਦੇ। ਪਹਿਲੇ ਗੁਰੂ ਬਾਣੀ ਉਚਾਰਦੇ ਸਨ, ਧਰਮ-ਸਾਲ ਵਿਚ ਬੈਠਦੇ ਸਨ, ਰਾਜੇ ਮਹਾਰਾਜੇ ਆ ਕੇ ਉਹਨਾਂ ਅੱਗੇ ਸਿਰ ਨਿਵਾਂਦੇ ਸਨ। ਪਰ ਗੁਰੂ ਹਰਿ ਗੋਬਿੰਦ ਸਾਹਿਬ ਨੇ ਸ਼ਿਕਾਰੀ ਕੁੱਤੇ ਰੱਖੇ ਹੋਏ ਹਨ, ਸ਼ਿਕਾਰ ਖੇਡਦੇ ਫਿਰਦੇ ਹਨ ਅਤੇ ਖੰਡੇ ਖੜਕਾਣ ਦਾ ਅਭਿਆਸ ਕਰਦੇ ਹਨ। ਉਂਵ ਸਿਆਣੇ ਸਿੱਖ ਜਾਣਦੇ ਸਨ ਕਿ ਤਲਵਾਰ ਅਤੇ ਕੀਰਤਨ ਦੋ ਵੱਖ-ਵੱਖ ਰਸਤੇ ਨਹੀਂ ਹਨ। ਭਾਈ ਗੁਰਦਾਸ ਜੀ ਆਦਿਕ ਵਿਦਵਾਨ ਤੇ ਸ਼ਰਧਾਲੂ ਸਿੱਖ, ਭੁੱਲੜਾਂ ਨੂੰ ਸਮਝਾ ਕੇ ਉਹਨਾਂ ਦੇ ਤੌਖਲੇ ਦੂਰ ਕਰਨ ਦੇ ਜਤਨ ਕਰਦੇ ਹੀ ਰਹਿੰਦੇ ਸਨ।

**ਧਰਮਸਾਲ ਕਰਿ ਬਹੀਦਾ ਇਕਤ ਥਾਉਂ ਨ ਟਿਕੈ ਟਿਕਾਇਆ।**
**ਪਾਤਿਸਾਹ ਘਰਿ ਆਵਦੇ ਗੜਿ ਚੜਿਆ ਪਾਤਿਸਾਹ ਚੜਾਇਆ।**
**ਉਮਤਿ ਮਹਲੁ ਨਾ ਪਾਵਦੀ ਨਠਾ ਫਿਰੈ ਨ ਡਰੈ ਡਰਾਇਆ।**
**ਮੰਜੀ ਬਹਿ ਸੰਤੋਖਦਾ ਕੁਤੇ ਰਖਿ ਸਿਕਾਰੁ ਖਿਲਾਇਆ।**
**ਬਾਣੀ ਕਰਿ ਸੁਣਿ ਗਾਂਵਦਾ ਕਥੈ ਨ ਸੁਣੈ ਨ ਗਾਵਿ ਸੁਣਾਇਆ।**
**ਸੇਵਕ ਪਾਸ ਨ ਰਖੀਅਨਿ ਦੋਖੀ ਦੁਸਟ ਆਗੂ ਮੁਹਿ ਲਾਇਆ।**
**ਸਚੁ ਨ ਲੁਕੈ ਲੁਕਾਇਆ ਚਰਣ ਕਵਲ ਸਿਖ ਭਵਰ ਲੁਭਾਇਆ।**
**ਅਜਰੁ ਜਰੈ ਨ ਆਪੁ ਜਣਾਇਆ। (ਵਾਰ-26, ਪਉੜੀ-24)**

ਕੁਦਰਤੀ ਗੱਲ ਹੈ ਕਿ ਗੁਰੂ ਕੇ ਚੱਕ ਦੀਆਂ ਸਰਗਰਮੀਆਂ ਦੀ ਰਿਪੋਰਟ ਲਾਹੌਰ ਅਤੇ ਦਿੱਲੀ ਦਰਬਾਰ ਵਿੱਚ ਪਹੁੰਚੀਆਂ। ਜਹਾਂਗੀਰ ਵਲੋਂ ਦਿੱਲੀ ਤੋਂ ਸੰਮਣ ਭੇਜੇ। 31 ਦਸੰਬਰ 1612 ਨੂੰ ਗੁਰੂ ਕੇ ਚੱਕ ਤੋਂ ਚੱਲੇ ਤੇ ਜਨਵਰੀ 1613 ਵਿੱਚ ਪਹੁੰਚੇ। ਗੁਰੂ ਸਾਹਿਬ ਜੀ ਨੂੰ ਗ੍ਰਿਫ਼ਤਾਰ ਕਰਕੇ ਗਵਾਲੀਅਰ ਦੇ ਕਿਲ੍ਹੇ ਵਿੱਚ ਭੇਜ ਦਿੱਤਾ। ਭਾਵੇਂ 12 ਸਾਲ ਦੀ ਨਜ਼ਰਬੰਦੀ ਸੁਣਾਈ ਸੀ ਪਰ ਸੰਗਤੀ ਦਬਾ ਕਰਕੇ ਇਹ ਬੰਦੀ ਥੋੜ ਚਿਰੀ ਰਹੀ। ਇਹ ਕਿਲ੍ਹਾ ਰਾਜਸੀ ਕੈਦੀਆਂ ਲਈ ਬਦਨਾਮ ਸੀ। ਇੱਕ ਸੌ ਤੋਂ ਉਪਰ ਇਸ ਕਿਲ੍ਹੇ ਵਿੱਚ ਰਾਜਸੀ ਰਾਜੇ ਕੈਦ ਕੱਟ ਰਹੇ ਸਨ। ਗੁਰੂ ਸਾਹਿਬ ਜੀ ਦੀ ਸੰਗਤ ਸਦਕਾ ਰਾਜਸੀ ਕੈਦੀਆਂ ਵਿੱਚ ਨਵੀਂ ਜਾਨ ਆਈ। ਕਿਲ੍ਹੇ ਅੰਦਰ ਗੁਰੂ ਸਾਹਿਬ ਜੀ ਨੇ ਸਵੇਰ ਸ਼ਾਮ ਦੇ ਦੀਵਾਨ ਲਗਾਉਣੇ ਸ਼ੁਰੂ ਕੀਤੇ। ਸੱਚ ਦੀ ਮਰਿਯਾਦਾ ਸਮਝਾਈ। ਸਵੈਮਾਣ ਤੇ ਗੁਲਾਮੀ ਦਾ ਅਹਿਸਾਸ ਕਰਾਇਆ। ਗੁਰੂ ਸਾਹਿਬ ਦੀ ਸੰਗਤ ਕਰਕੇ ਜੇਲ੍ਹ ਦਾ ਦਰੋਗਾ ਹਰੀ ਦਾਸ ਯਾਦਵ ਵੀ ਗੁਰੂ ਸਾਹਿਬ ਜੀ ਦਾ ਪੱਕਾ ਸ਼ਰਧਾਲੂ ਬਣ ਗਿਆ। ਜਦੋਂ ਕਿਲ੍ਹੇ ਵਿਚੋਂ ਗੁਰੂ ਸਾਹਿਬ ਜੀ ਦੀ ਰਿਹਾਈ ਹੋਈ ਸੀ ਤਾਂ ਜੇਲ੍ਹ ਦੇ ਦਰੋਗੇ ਨੇ ਆਪਣੇ ਘਰ ਦੀਪਮਾਲਾ ਕੀਤੀ ਸੀ।

ਜਦੋਂ ਗੁਰੂ ਸਾਹਿਬ ਜੀ ਕਿਲ੍ਹੇ ਵਿੱਚ ਨਜ਼ਰਬੰਦ ਹੋਏ ਸਨ ਤਾਂ ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਨੇ ਪਿੰਡ ਪਿੰਡ ਜਾ ਕੇ ਸਰਕਾਰ ਦੇ ਵਿਰੋਧ ਵਿੱਚ ਤਕੜੀ ਲਹਿਰ ਖੜੀ ਕੀਤੀ। ਸਿੱਖ ਗਵਾਲੀਅਰ ਦੇ ਕਿਲ੍ਹੇ ਤੋਂ ਬਾਹਰੋਂ ਹੀ ਨਮਸਕਾਰ ਕਰਕੇ ਮੁੜ ਜਾਂਦੇ ਸਨ। ਨਿਤਾ ਪ੍ਰਤੀ ਦੀਆਂ ਰਿਪੋਰਟਾਂ ਵੀ ਸਰਕਾਰ ਨੂੰ ਪਹੁੰਚਦੀਆਂ ਸਨ ਕਿ ਗੁਰੂ ਸਾਹਿਬ ਜੀ ਹੱਕ ਵਿੱਚ ਤੇ ਸਰਕਾਰ ਦੇ ਵਿਰੋਧ ਲੋਕ ਆਪ ਮੁਹਾਰੇ ਖੜੇ ਹੋ ਰਹੇ ਸਨ।

ਸਮਾਂ ਪਾ ਕੇ ਹਾਲਾਤ ਬਦਲ ਜਾਂਦੇ ਹਨ। ਲਾਹੌਰ ਦੇ ਸੂਬੇਦਾਰ ਮੁਰਤਜ਼ਾ ਖ਼ਾਂ ਦੀ ਮੌਤ ਹੋ ਗਈ। ਦੂਸਰਾ ਸਭ ਤੋਂ ਅਹਿਮ ਨੁਕਤਾ ਕਿ ਜਹਾਂਗੀਰ ਹੁਣ ਮੁਤਸਬੀ ਮੁਸਲਮਾਨਾਂ ਤੋਂ ਦੂਰ ਹੋ ਗਿਆ ਸੀ। ਸਾਂਈਂ ਮੀਆਂ ਮੀਰ ਤੇ ਮਲਕਾ ਨੂਰ ਜਹਾਂ ਨੇ ਵੀ ਗੁਰੂ ਸਾਹਿਬ ਦੀ ਰਿਹਾਈ ਲਈ ਆਪਣਾ ਅਸਰ ਰਸੂਖ ਵਰਤਿਆ। ਰਾਜਸੀ ਮੀਟਿੰਗਾਂ ਦਾ ਦੌਰ ਸ਼ੁਰੂ ਹੋਇਆ। ਗੁਰੂ ਸਾਹਿਬ ਜੀ ਦਾ ਐਨਾ ਪ੍ਰਭਾਵ ਸੀ ਕਿ 52 ਹੋਰ ਰਾਜਸੀ ਕੈਦੀਆਂ ਨੂੰ ਵੀ ਰਿਹਾ ਕਰਵਾਇਆ ਗਿਆ। 52 ਕਲੀਆਂ ਵਾਲਾ ਚੋਲਾ ਤਿਆਰ ਕਰਵਾਇਆ ਤਾਂ ਕਿ ਸਾਰੇ ਰਾਜਸੀ ਕੈਦੀ ਬਾਹਰ ਆ ਸਕਣ। ਇਸ ਗੱਲ ਦਾ ਜ਼ਿਕਰ ਭੱਟ ਵਹੀਆਂ ਵਿਚੋਂ ਮਿਲਦਾ ਹੈ।

ਗੁਰੂ ਸਾਹਿਬ ਜੀ ਵੱਖ-ਵੱਖ ਨਗਰਾਂ ਵਿੱਚ ਪ੍ਰਚਾਰ ਕਰਦੇ ਗੋਇੰਦਵਾਲ ਪਹੁੰਚੇ ਸਨ। ਦੂਸਰੀ ਮੁਲਾਕਾਤ ਜਹਾਂਗੀਰ ਨਾਲ ਗੁਰਦੇਵ ਪਿਤਾ ਜੀ ਦੀ ਕਲਾਨੌਰ 8 ਫਰਵਰੀ 1620 ਨੂੰ ਹੋਈ। ਇਥੋਂ ਹੀ ਚੰਦੂ ਸਿੱਖਾਂ ਦੇ ਹਵਾਲੇ ਕੀਤਾ ਗਿਆ। ਜਿਸ ਨੂੰ ਬਣਦੀ ਸਜਾ ਦਿੱਤੀ ਗਈ। ਇਥੋਂ ਗੁਰੂ ਸਾਹਿਬ ਜੀ ਜਹਾਂਗੀਰ ਨਾਲ ਕਸ਼ਮੀਰ ਦਾ ਦਾ ਦੌਰਾ ਵੀ ਕੀਤਾ। ਕਸ਼ਮੀਰ ਤੋਂ ਵਾਪਸੀ 28 ਦਿਸੰਬਰ 1620 ਨੂੰ ਗੁਰੂ ਕਾ ਚੱਕ ਆਏ।

ਇਹ ਉਹ ਸਮਾਂ ਸੀ ਜਦੋਂ ਗੁਰੂ ਸਾਹਿਬ ਜੀ ਦੇ ਸਬੰਧ ਜਹਾਂਗੀਰ ਨਾਲ ਸੁਖਾਵੇਂ ਸਨ। 1627 ਵਿੱਚ ਜਹਾਂਗੀਰ ਮਰ ਗਿਆ ਤੇ ਸ਼ਾਹ ਜਹਾਨ ਰਾਜ ਭਾਗ ਦਾ ਮਾਲਕ ਬਣ ਗਿਆ। ਨਕਸ਼ਬੰਦੀ ਲਹਿਰ ਦੇ ਪੈਰੋਕਾਰ ਫ਼ਰੀਦ ਬੁਖਾਰੀ, ਮੁਰਤਜ਼ਾ ਖ਼ਾਂ, ਲੱਲਾ ਬੇਗ ਤੇ ਕਮਰ ਬੇਗ ਨੇ ਸਿੱਖ ਲਹਿਰ ਦੇ ਵਿਰੋਧ ਵਿੱਚ ਤੁਅਸੱਬ, ਤੰਗ ਦਿਲੀ, ਈਰਖਾ, ਤੇ ਜਨੂੰਨ ਭਰੀ ਸੋਚ ਖੜੀ ਸੀ।

**ਗੁਰੂ ਸਾਹਿਬ ਜੀ ਦੇ ਹਕੂਮਤ ਨਾਲ ਪੰਜ ਜੰਗ ਹੋਏ ਹਨ-**

**ਪਹਿਲਾ ਜੰਗ**

ਪਹਿਲਾ ਜੰਗ ਗੋਬਿੰਦ ਪੁਰੇ ਦਾ ਸੀ ਜਿਸ ਨੂੰ ਗੁਰੂ ਅਰਜਨ ਪਾਤਸ਼ਾਹ ਜੀ 1587 ਵਿੱਚ ਵਸਾਇਆ ਸੀ। ਹੁਣ ਇਸ ਸ਼ਹਿਰ ਨੂੰ ਹਰਿ ਗੋਬਿੰਦ ਪੁਰ ਸਾਹਿਬ ਕਿਹਾ ਜਾਂਦਾ ਹੈ। ਇਸ ਸ਼ਹਿਰ 'ਤੇ ਚੰਦੂ ਦੇ ਕੁੜਮ ਭਗਵਾਨ ਦਾਸ

ਘੇਰੜ ਨੇ ਨਜਾਇਜ਼ ਕਬਜ਼ਾ ਕੀਤਾ ਹੋਇਆ ਸੀ। ਇਹ ਜੰਗ 28 ਸਤੰਬਰ ਤੋਂ 3 ਅਕਤੂਬਰ 1621 ਨੂੰ ਹੋਈ ਸੀ। ਕਾਹਨੇ ਦੇ ਮਿੱਤਰ ਭਗਵਾਨ ਦਾਸ ਘੇਰੜ ਦਾ ਪੁੱਤਰ ਰਤਨ ਚੰਦ ਤੇ ਚੰਦੂ ਦਾ ਪੁੱਤਰ ਕਰਮ ਚੰਦ ਵੀ ਆ ਰਲ਼ਿਆ। ਜਲੰਧਰ ਦਾ ਫ਼ੌਜਦਾਰ ਵੀ ਇਸ ਲੜਾਈ ਵਿੱਚ ਸ਼ਾਮਿਲ ਹੋਇਆ। ਇਹ ਤਿੰਨੋਂ ਇਸ ਲਾੜਾਈ ਵਿੱਚ ਮਾਰੇ ਗਏ। ਭਾਈ ਨਾਨੂ ਜੀ ਭਾਈ ਮਨੀ ਸਿੰਘ ਦੇ ਦਾਦੇ ਦੇ ਭਰਾ, ਭਾਈ ਪਰਾਗਾ ਜੀ, ਭਾਈ ਮਤੀ ਦਾਸ ਜੀ ਤੇ ਸਤੀ ਦਾਸ ਜੀ ਦੇ ਪੜਦਾਦਾ ਜੀ ਸ਼ਹੀਦ ਹੋਏ।

**ਦੂਜੀ ਜੰਗ**

ਦੂਸਰੀ ਜੰਗ 14 ਅਪ੍ਰੈਲ 1634 ਈਸਵੀ ਨੂੰ ਅੰਮ੍ਰਿਤਸਰ ਵਿਖੇ ਹੋਈ। ਲਾਹੌਰ 'ਤੇ ਅੰਮ੍ਰਿਤਸਰ ਦੇ ਆਲੇ ਦੁਆਲੇ ਜੰਗਲ ਸਨ। ਸਿੱਖ ਜੰਗਲਾਂ ਵਿੱਚ ਅਕਸਰ ਜੰਗ ਦਾ ਅਭਿਆਸ ਕਰਦੇ ਰਹਿੰਦੇ ਸਨ। ਸਰਕਾਰ ਦੇ ਸ਼ਾਹੀ ਬਾਜ਼ ਨੂੰ ਸਿੱਖਾਂ ਦੇ ਰੱਖੇ ਹੋਏ ਬਾਜ਼ ਨੇ ਦਬੋਚ ਲਿਆ। ਸਿੱਖਾਂ ਵਿੱਚ ਗੁਰੂ ਅਰਜਨ ਪਾਤਸ਼ਾਹ ਦੀ ਸ਼ਹਾਦਤ ਦਾ ਬੜਾ ਵੱਡਾ ਰੋਸ ਸੀ। ਭਾਈ ਬੱਲੂ ਜੀ ਕਦੋਂ ਦੇ ਕਚੀਚੀਆਂ ਵੱਟ ਰਹੇ ਸਨ। ਸਿੱਖ ਫੌਜਾਂ ਨੇ ਸ਼ਾਹੀ ਬਾਜ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ ਜੰਗ ਸ਼ੁਰੂ ਹੋਈ। ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਵਾਲੇ ਮੁਰਤਜ਼ਾ ਖ਼ਾਂ ਨੂੰ ਭਾਈ ਬੱਲੂ ਜੀ ਨੇ ਆਪਣਾ ਸ਼ਿਕਾਰ ਬਣਾਇਆ। ਭਾਈ ਬੱਲੂ ਜੀ ਵੀ ਇਸ ਜੰਗ ਵਿੱਚ ਸ਼ਹੀਦ ਹੋਏ ਸਨ। ਸ਼ਾਹੀ ਫੌਜ ਦੀ ਕਰਾਰੀ ਹਾਰ ਹੋਈ।

**ਤੀਜੀ ਜੰਗ**

ਇਹ ਜੰਗ ਮਹਿਰਾਜ ਵਿਖੇ ਹੋਈ ਸੀ। ਇਸ ਦਾ ਕਾਰਨ ਦੋ ਘੋੜੇ ਸਨ। ਪਿਸ਼ਾਵਰ ਦੇ ਸਿੱਖ ਨੇ ਦੋ ਘੋੜੇ ਦਿਲਬਾਗ ਦੇ ਗੁਲਬਾਗ ਗੁਰੂ ਸਾਹਿਬ ਨੂੰ ਭੇਟ ਕਰਨੇ ਸਨ ਪਰ ਸ਼ਾਹੀ ਫੌਜਾਂ ਨੇ ਰਾਹ ਵਿਚੋਂ ਹੀ ਖੋਹ ਲਏ। ਜਿਸ ਨੂੰ ਭਾਈ ਬਿੱਧੀ ਚੰਦ ਨੇ ਬੜੀ ਜੁਗਤੀ ਨਾਲ ਦੋਵੇਂ ਘੋੜੇ ਵਾਪਸ ਲਿਆਂਦੇ ਸਨ। ਲੱਲਾ ਬੇਗ, ਕਮਰ ਬੇਗ ਤੇ ਇਬਰਾਹੀਮ ਖ਼ਾਂ ਨੇ ਬਦਲੇ ਦੀ ਭਾਵਨਾ ਨਾਲ ਜੰਗ ਸ਼ੁਰੂ ਕੀਤੀ। ਇਸ ਲੜਾਈ ਵਿੱਚ ਮੁਗਲਾਂ ਦੇ ਤਿੰਨੇ ਜਰਨੈਲ ਮਾਰੇ ਗਏ। ਸਿੱਖ ਜਰਨੈਲ ਵੀ ਸ਼ਹੀਦ ਹੋਏ ਸਨ। ਅਖੀਰ ਸ਼ਾਹੀ ਫੌਜ ਹਾਰ ਖਾ ਕੇ ਭੱਜ ਗਈ।

**ਚੌਥੀ ਜੰਗ**

ਚੌਥੀ ਜੰਗ ਕਰਤਾਰਪੁਰ ਵਿਖੇ ਹੋਈ ਸੀ। ਇਸ ਜੰਗ ਵਿੱਚ ਨਿੱਜੀ ਸੁਆਰਥ ਲਈ ਪੈਂਦੇ ਖ਼ਾਂ ਗਦਾਰੀ ਕਰਨ ਲੱਗ ਪਿਆ ਸੀ। ਇਹ ਜੰਗ 26 ਅਪ੍ਰੈਲ ਤੋਂ 28 ਅਪ੍ਰੈਲ 1635 ਨੂੰ ਹੋਈ ਸੀ, ਇਸ ਜੰਗ ਵਿੱਚ ਬਾਬਾ (ਗੁਰੂ) ਤੇਗ ਬਹਾਦਰ ਸਾਹਿਬ ਜੀ ਨੇ ਤੇਗ ਦੇ ਜੋਹਰ ਵਿਖਾਏ ਸਨ। ਪੈਂਦੇ ਖ਼ਾਂ ਤੇ ਨਾਮੀ ਮੁਸਲਮਾਨ ਜਰਨੈਲ ਇਸ ਜੰਗ ਵਿੱਚ ਮਾਰੇ ਗਏ। ਕਰਤਾਰਪੁਰ ਸ਼ਹਿਰ ਨੂੰ ਗੁਰੂ ਅਰਜਨ ਪਾਤਸ਼ਾਹ ਜੀ ਨੇ 1593 ਈਸਵੀ ਨੂੰ ਵਸਾਇਆ ਸੀ।

**ਪੰਜਵਾਂ ਜੰਗ, ਇੱਕ ਝੜਪ**

ਕਰਤਾਰਪੁਰ ਦੀ ਜੰਗ ਮਗਰੋਂ ਬਚੀਆਂ-ਖੁਚੀਆਂ ਫੌਜਾਂ ਨੇ ਫਗਵਾੜੇ ਦੇ ਨੇੜੇ ਪਲਾਹੀ ਦੇ ਅਸਥਾਨ 'ਤੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਤੇ ਸਿੱਖਾਂ ਨੂੰ ਪੰਜਵੇਂ ਜੰਗ ਦਾ ਬਾਨ੍ਹਣੂੰ ਬੰਨ੍ਹ ਕੇ ਦਬੋਚਣਾ ਚਾਹਿਆ। ਇਸ ਕਰੜੀ ਤੇ ਸਖਤ ਜੰਗ ਵਿੱਚ ਬੱਲੂ ਜੀ ਦੇ ਪੁੱਤਰ ਦਾਸਾ ਜੀ, ਸੁਹੇਲਾ ਜੀ ਤੇ ਧਰਮਚੰਦ ਦੇ ਸਪੁੱਤਰ ਜੱਗੂ ਜੀ ਵੀ ਸ਼ਹੀਦ ਹੋਏ। ਇਸ ਝੜਪ ਵਿੱਚ ਮੁਗਲ ਫੌਜਾਂ ਦੀ ਹਾਰ ਹੋਈ।

**ਕੁਝ ਘਟਨਾਵਾਂ-**

28 ਮਾਰਚ 1634 ਨੂੰ ਗੁਰੂ ਕਾ ਚੱਕ ਵਿਖੇ ਸੰਗਤਾਂ ਦਾ ਬਹੁਤ ਵੱਡਾ ਇਕੱਠ ਹੋਇਆ ਜਿਸ ਵਿੱਚ ਬਿਲਾਸਪੁਰ ਹੰਡੂਰ ਤੇ ਹੋਰ ਰਿਆਸਤਾਂ ਦੇ ਰਾਜੇ ਵੀ ਸ਼ਾਮਿਲ ਹੋਏ ਤੇ ਉਨ੍ਹਾਂ ਅਰਜ਼ ਕੀਤੀ ਕਿ ਹਜ਼ੂਰ ਇਕ ਕੇਂਦਰ ਸਾਡੇ ਪਹਾੜੀ ਖਿਤੇ ਵਿੱਚ ਵੀ ਬਣਾਓ। ਗੁਰੂ ਸਾਹਿਬ ਜੀ ਨਵਾਂ ਕੇਂਦਰ ਸਥਾਪਿਤ ਕਰਨ ਲਈ ਬਾਬਾ ਗੁਰਦਿੱਤਾ ਜੀ ਦੀ ਜ਼ਿੰਮੇਵਾਰੀ ਲਗਾਈ ਇੰਝ ਮਈ 1624 ਨੂੰ ਨਵੇਂ ਨਗਰ ਦੀ ਮੋਹੜੀ ਗੱਡੀ।

1624 ਤੋਂ 1631 ਤੱਕ ਗੁਰੂ ਕਾ ਚੱਕ ਰਹੇ। 1628 ਵਿੱਚ ਬਿਬੇਕਸਰ ਬਣਵਾਇਆ।

ਗਰੀਬ ਘਾਹੀ ਦੀ ਜੁਅਰਤ ਨੇ ਸਮੇਂ ਦੇ ਹਾਕਮ ਜਹਾਂਗੀਰ ਦੇ ਅੱਗੋਂ ਪੈਸਾ ਇਸ ਲਈ ਚੁੱਕ ਲਿਆ ਕਿ ਤੂੰ ਸੱਚਾ ਪਾਤਸ਼ਾਹ ਨਹੀਂ ਹੈ। ਮੇਰੀ ਭੇਟਾ ਕੇਵਲ ਸੱਚੇ ਪਾਤਸ਼ਾਹ ਅੱਗੇ ਹੀ ਹੋਏਗੀ।

ਉਦਾਸੀ ਮੱਤ ਨੂੰ ਗੁਰਮਤਿ ਦੇ ਪ੍ਰਚਾਰ ਲਈ ਆਪਣੇ ਬੇਟੇ ਗੁਰਦਿੱਤਾ ਜੀ ਨੂੰ ਸੌਂਪਣਾ ਕੀਤੀ। ਚਾਰ ਪ੍ਰਚਾਰਕ ਤੇ ਚਾਰ ਪ੍ਰਚਾਰ ਕੇਂਦਰ ਸਥਾਪਿਤ ਕੀਤੇ।

ਕਸ਼ਮੀਰ ਵਿੱਚ ਗਿਲਟੀ ਤਾਪ ਨਾਲ ਗ੍ਰਸੇ ਲੋਕਾਂ ਦੀ ਸੇਵਾ ਕੀਤੀ।

ਗੁਰੂ ਸਾਹਿਬ ਜੀ ਨੇ ਦੁਆਬੇ ਵਿੱਚ ਕੀਰਤਪੁਰ, ਮਾਲਵੇ ਵਿੱਚ ਡਰੋਲੀ ਤੇ ਉੱਤਰ ਪ੍ਰਦੇਸ਼ ਵਿੱਚ ਨਾਨਕ ਮਤੇ ਪ੍ਰਚਾਰ ਕੇਂਦਰ ਸਥਾਪਿਤ ਕੀਤੇ।

ਪੈਂਦੇ ਖ਼ਾਂ ਨੇ ਭਾਵੇਂ ਬੇਵਫ਼ਾਈ ਕੀਤੀ ਸੀ, ਪਰ ਫਿਰ ਵੀ ਗੁਰਦੇਵ ਪਿਤਾ ਜੀ ਨੇ ਢਾਲ ਦੀ ਛਾਂ ਕਰਕੇ ਕਿਹਾ ਕਿ ਪੈਂਦੇ ਖਾਂ ਕਲਮਾ ਪੜ੍ਹ ਲੈ।

ਭਾਗਭਰੀ ਨੂੰ ਕਸ਼ਮੀਰ ਤੇ ਮਾਲਵੇ ਵਿੱਚ ਭਾਈ ਸਾਧੂ ਤੇ ਰੂਪਾ ਜੀ ਨੂੰ ਗੁਰਦੇਵ ਪਿਤਾ ਜੀ ਉਚੇਚੇ ਤੌਰ ਤੇ ਮਿਲਣ ਲਈ ਗਏ।

ਲੰਮੀ ਉਮਰ ਦਾ ਝਾਂਸਾ ਦੇਣ ਵਾਲੇ ਜੋਗੀ ਨੂੰ ਭਾਈ ਤਿਲਕੇ ਨੇ ਹੀ ਸਮਝਾ ਦਿੱਤਾ ਸੀ ਕਿ ਮਿੱਤਰ ਲੰਮੀਆਂ ਉਮਰਾਂ ਵਿੱਚ ਕੀ ਰੱਖਿਆ ਹੈ। ਜੋਗੀ ਨੇ ਗੁਰੂ ਸਾਹਿਬ ਜੀ ਤੋਂ ਸਿੱਖੀ ਪ੍ਰਾਪਤ ਕਰਕੇ ਰਹਿੰਦਾ ਆਪਣਾ ਜੀਵਨ ਸਿੱਖੀ ਦੇ ਪ੍ਰਚਾਰ ਲਈ ਲਾ ਦਿੱਤਾ।

ਪੰਡਤ ਨਿਤਿਆਨੰਦ ਨੂੰ ਸਮਝ ਆ ਗਈ ਸੀ ਕਿ ਹੁਣ ਗਰੜ ਪੁਰਾਣ ਦਾ ਸਮਾਂ ਲੰਘ ਗਿਆ ਕਿਉਂਕਿ ਸਿੱਖ ਗੁਰੂ ਦੀ ਹਜ਼ੂਰੀ ਵਿੱਚ ਹੀ ਗੁਰਮਤਿ ਦੱਸਣ ਲੱਗ ਪਏ ਸਨ।

1635 ਵਿੱਚ ਗੁਰਦੇਵ ਪਿਤਾ ਜੀ ਕੀਰਤਪੁਰ ਚਲੇ ਗਏ ਤੇ 1644 ਤੱਕ ਇੱਥੇ ਰਹੇ।

1644 ਵਿੱਚ ਗੁਰਦੇਵ ਪਿਤਾ ਜੀ ਜੋਤੀ ਜੋਤ ਸਮਾਏ। ਡਾ. ਦਿਲਗੀਰ ਸਾਹਿਬ ਜੀ ਦੀ ਲਿਖਤ ਅਨੁਸਾਰ ਉਨ੍ਹਾਂ ਦੀ ਕੁੱਲ ਉਮਰ 54 ਸਾਲ ਬਣਦੀ ਹੈ। 40 ਕੁ ਸਾਲ ਗੁਰਤਾ ਦੀਆਂ ਜ਼ਿੰਮੇਵਾਰੀਆਂ ਨਿਭਾ ਕੇ ਸੱਚ ਦਾ ਰਾਜ ਪ੍ਰਗਟ ਕਰ ਦਿੱਤਾ।

**ਜਿਦ੍ਹੇ ਪੈਰਾਂ 'ਚ ਰੁਲਦੀਆਂ ਪਾਤਸ਼ਾਹੀਆਂ,**
**ਡਿੱਠਾ ਓਸ ਸੱਚੀ ਪਾਤਸ਼ਾਹੀ ਨੂੰ ਮੈਂ।**
**ਪੜ੍ਹੇ ਪੰਡਤਾਂ ਦੀ ਨਹੀਂ ਪਹੁੰਚ ਜਿਥੇ,**
**ਓਥੇ ਪੁੱਜਦਾ ਵੇਖਿਆ ਘਾਹੀ ਨੂੰ ਮੈਂ।**

-0-



## ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ ਅਤੇ ਇਸ ਨੰਬਰ 79733-70542 'ਤੇ ਵਟਸਐਪ ਕਰ ਸਕਦੇ ਹੋ।**

# ਸਵਾਲ-ਜਵਾਬ

**ਪ੍ਰਸ਼ਨ 31. ਬਾਬਾ ਧੀਰਮੱਲ ਰਿਸ਼ਤੇ ਵਿੱਚ ਗੁਰੂ ਹਰਿਕ੍ਰਿਸਨ ਸਾਹਿਬ ਜੀ ਦੇ ਕੀ ਲੱਗਦੇ ਸਨ?**

ਉੱਤਰ- ਤਾਇਆ ਜੀ।

**ਪ੍ਰਸ਼ਨ 32. ਬਾਬਾ ਮੱਖਣ ਸ਼ਾਹ ਲੁਬਾਣਾ ਕੌਣ ਸੀ?**

ਉੱਤਰ :- ਵਪਾਰੀ ਸੀ ਅਤੇ ਨਾਲ ਸਿਖੀ ਦਾ ਪ੍ਰਚਾਰਕ।

**ਪ੍ਰਸ਼ਨ 33.ਮੋੜ੍ਹੀ ਗੱਡਣ ਤੋਂ ਕੀ ਭਾਵ ਹੈ?**

ਉੱਤਰ- ਨਗਰ ਦੀ ਨੀਂਹ ਰੱਖਣ ਸਮੇਂ ਕਿਸੇ ਦਰਖਤ ਦੀ ਜੜ੍ਹ ਲਗਾਉਣੀ ।

**ਪ੍ਰਸ਼ਨ 34. ਬਾਬਾ ਮੱਖਣ ਸ਼ਾਹ ਕਿਥੋਂ ਦਾ ਰਹਿਣ ਵਾਲਾ ਸੀ?**

ਉੱਤਰ :- ਬਾਬਾ ਮੱਖਣ ਸ਼ਾਹ ਪਿੰਡ ਟਾਂਡਾ ਜਿਲ੍ਹਾ ਜੇਹਲਮ (ਪਾਕਿਸਤਾਨ) ਦਾ ਰਹਿਣ ਵਾਲਾ ਸੀ।

**ਪ੍ਰਸ਼ਨ 35. ਸ਼ੀਹੇਂ ਮਸੰਦ ਨੇ ਗੁਰੂ ਜੀ ਤੇ ਗੋਲੀ ਕਿਸ ਦੇ ਇਸ਼ਾਰੇ ਤੇ ਚਲਾਈ?**

ਉੱਤਰ :- ਧੀਰ ਮੱਲ ਜੀ ਦੇ ਕਹਿਣ ਤੇ।

**ਪ੍ਰਸ਼ਨ 36.ਜਦੋਂ ਧੀਰਮੱਲ ਗੁਰਬਾਣੀ ਦੀ ਬੀੜ ਤੇ ਹੋਰ ਸਮਾਨ ਜਬਰੀ ਲੈ ਗਿਆ ਤਾਂ ਜਵਾਬੀ ਕਾਰਵਾਈ ਕਿਸ ਨੇ ਕੀਤੀ?**

ਉੱਤਰ :- ਬਾਬਾ ਮੱਖਣ ਸ਼ਾਹ ਨੇ ਜਵਾਬੀ ਕਾਰਵਾਈ ਕਰਕੇ ਸਾਰਾ ਸਮਾਨ ਖੋਹ ਲਿਆਂਦਾ।

**ਪ੍ਰਸ਼ਨ 37. ਕੀ ਮੱਖਣ ਸ਼ਾਹ ਦੀ ਕਾਰਵਾਈ ਤੇ ਗੁਰੂ ਜੀ ਖੁਸ਼ ਹੋਏ?**

ਉੱਤਰ :- ਨਹੀਂ, ਸਗੋਂ ਗੁਰੂ ਜੀ ਨੇ ਬਾਬਾ ਮੱਖਣ ਸ਼ਾਹ ਨੂੰ ਸਮਝਾਇਆ ਤੇ ਸਾਰਾ ਸਮਾਨ ਵਾਪਸ ਧੀਰਮੱਲ ਨੂੰ ਮੋੜ ਦਿਤਾ।

**ਪ੍ਰਸ਼ਨ 38.ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਕਿਹੜਾ ਨਗਰ ਵਸਾਇਆ?**

ਉੱਤਰ :-ਚੱਕ ਨਾਨਕੀ (ਅਨੰਦਪੁਰ ਸਾਹਿਬ)

**ਪ੍ਰਸ਼ਨ 39.ਗੁਰੂ ਤੇਗ ਬਹਾਦੁਰ ਸਾਹਿਬ ਜੀ ਨੇ ਚੱਕ ਨਾਨਕੀ ਨਗਰ ਕਦੋਂ ਵਸਾਇਆ?**

ਉੱਤਰ :-1665 ਈ: ਵਿੱਚ।

**ਪ੍ਰਸ਼ਨ 40.ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚੱਕ ਨਾਨਕੀ ਨਗਰ ਕਿਸ ਦੇ ਨਾਂ ਤੇ ਵਸਾਇਆ?**

ਉੱਤਰ :-ਆਪਣੀ ਮਾਤਾ ਜੀ ਦੇ ਨਾਂ ਤੇ।

**ਪ੍ਰਸ਼ਨ 41.ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚੱਕ ਨਾਨਕੀ ਦੀ ਜਮੀਨ ਕਿਸ ਪਾਸੋਂ ਖਰੀਦੀ?**

ਉੱਤਰ :-ਬਿਲਾਸਪੁਰ ਘਰਾਣੇ ਦੀ ਰਾਣੀ ਚੰਪਾ ਕੋਲੋਂ।

**ਪ੍ਰਸ਼ਨ 42. ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਿਹੜੇ ਪਿੰਡਾਂ ਦੀ ਜ਼ਮੀਨ ਖਰੀਦ ਕੇ ਚੱਕ ਨਾਨਕੀ ਨਗਰ ਵਸਾਇਆ?**

ਉੱਤਰ :-ਮੀਆਂਪੁਰ, ਸੋਹਟਾ, ਲੋਦੀਪੁਰ।

**ਪ੍ਰਸ਼ਨ 43.ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚੱਕ ਨਾਨਕੀ ਨਗਰ ਦੀ ਨੀਂਹ ਕਿਸ ਪਾਸੋਂ ਰਖਵਾਈ?**

ਉੱਤਰ :- ਭਾਈ ਗੁਰਦਿੱਤਾ ਜੀ ਪਾਸੋਂ (ਬਾਬਾ ਬੁੱਢਾ ਜੀ ਦੇ ਪਰਿਵਾਰ ਵਿੱਚੋਂ)।

**ਪ੍ਰਸ਼ਨ 44.ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਹਿਲੀ ਗ੍ਰਿਫ਼ਤਾਰੀ ਕਿਥੋਂ ਹੋਈ ਸੀ?**

ਉੱਤਰ :- ਧਮਧਾਣ (ਜ਼ਿਲ੍ਹਾ ਜੀਂਦ, ਹਰਿਆਣਾ)।

**ਪ੍ਰਸ਼ਨ 45.ਗੁਰੂ ਤੇਗ ਬਹਾਦੁਰ ਜੀ ਦੀ ਪਹਿਲੀ ਗ੍ਰਿਫ਼ਤਾਰੀ ਕਦੋਂ ਹੋਈ?**

ਉੱਤਰ :-8 ਨਵੰਬਰ 1665 ਈ:।

**ਪ੍ਰਸ਼ਨ 46.ਧਮਧਾਣ ਤੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਕਿਸ ਨੇ ਗ੍ਰਿਫ਼ਤਾਰ ਕੀਤਾ?**

ਉੱਤਰ :-ਆਲਮ ਖਾਂ ਰੁਹੇਲੇ ਨੇ।

**ਪ੍ਰਸ਼ਨ 47. ਪਹਿਲੀ ਗ੍ਰਿਫ਼ਤਾਰੀ ਤੋਂ ਬਾਅਦ ਕਿਸ ਨੇ ਗੁਰੂ ਜੀ ਨੂੰ ਰਿਹਾਅ ਕਰਵਾਇਆ?**

ਉੱਤਰ :- ਰਾਣੀ ਪੁਸ਼ਪਾ ਨੇ।

**ਪ੍ਰਸ਼ਨ 48. ਰਾਣੀ ਪੁਸ਼ਪਾ ਕੌਣ ਸੀ?**

ਉੱਤਰ:- ਰਾਜਾ ਜੈ ਸਿੰਘ ਦੀ ਪਤਨੀ।

**ਪ੍ਰਸ਼ਨ 49. ਰਾਜਾ ਜੈ ਸਿੰਘ ਦੀ ਮੌਤ ਕਦੋਂ ਤੇ ਕਿੱਥੇ ਹੋਈ?**

ਉੱਤਰ:- 10 ਜੁਲਾਈ,1667 ਈ: ਨੂੰ ਬੁਰਹਾਨਪੁਰ ਵਿੱਚ।

**ਪ੍ਰਸ਼ਨ 50. ਭਾਈ ਮੀਹਾਂ ਕਿਥੋਂ ਦਾ ਰਹਿਣ ਵਾਲਾ ਸੀ?**

ਉੱਤਰ :- ਧਮਧਾਣ (ਜ਼ਿਲ੍ਹਾ ਜੀਂਦ ਹਰਿਆਣਾ) ਦਾ।

**ਪ੍ਰਸ਼ਨ 51. ਭਾਈ ਦਗੋ ਕੌਣ ਸੀ?**

ਉੱਤਰ:- ਭਾਈ ਦਗੋ ਧਮਧਾਣ ਦਾ ਰਹਿਣ ਵਾਲਾ ਗੁਰੂ ਜੀ ਦਾ ਸ਼ਰਧਾਵਾਨ ਸਿੱਖ ਤੇ ਪ੍ਰਚਾਰਕ ਸੀ।

**ਪ੍ਰਸ਼ਨ 52. ਗੁਰੂ ਨਾਨਕ ਸਾਹਿਬ ਜੀ ਤੋਂ ਬਾਅਦ ਸਭ ਤੋਂ ਲੰਮੀਆਂ ਪ੍ਰਚਾਰ ਫੇਰੀਆਂ ਕਿਸ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕੀਤੀਆਂ?**

ਉੱਤਰ :- ਗੁਰੂ ਤੇਗ ਬਹਾਦੁਰ ਸਾਹਿਬ ਜੀ।

**ਪ੍ਰਸ਼ਨ 53. ਗੁਰੂ ਤੇਗ ਬਹਾਦਰ ਸਾਹਿਬ ਜੀ ਦਿੱਲੀ ਜਾ ਕੇ ਕਿਸ ਪਾਸ ਠਹਿਰੇ ਸਨ?**

ਉੱਤਰ :-ਭਾਈ ਕਲਿਆਣੇ ਦੀ ਧਰਮਸ਼ਾਲਾ (ਮਹੱਲਾ ਦਿਲਵਾਲੀ, ਪਿੰਡ ਰਾਇਸੀਨਾ, ਦਿੱਲੀ।

**ਪ੍ਰਸ਼ਨ 54.ਪ੍ਰਯਾਗ (ਅਲਾਹਾਬਾਦ) ਵਿਖੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਹੁੰਚਣ ਦੀ ਯਾਦ ਵਿਚ ਕਿਹੜਾ ਗੁਰਦੁਆਰਾ ਬਣਿਆ ਹੈ?**

ਉੱਤਰ :- ਗੁਰਦੁਆਰਾ ਪੱਕੀ ਸੰਗਤ ( ਅਲਾਹਾਬਾਦ ਯੂ.ਪੀ )।

**ਪ੍ਰਸ਼ਨ 55.ਪਟਨਾ ਪਹੁੰਚ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਕਿਸ ਕੋਲ ਠਹਿਰੇ ਸਨ?**


ਉੱਤਰ :- ਭਾਈ ਜਗਤਾ ਜੀ ਦੇ ਘਰ ਵਿਖੇ।

**ਪ੍ਰਸ਼ਨ 56. ਪਟਨਾ ਸ਼ਹਿਰ ਦਾ ਪੁਰਾਣਾ ਨਾਂ ਕੀ ਸੀ?**

ਉੱਤਰ :-ਪਾਟਲੀ ਪੁੱਤਰ ( ਬਿਹਾਰ )

**ਪ੍ਰਸ਼ਨ 57.ਮੁੰਗੇਰ ਵਿਚ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਆਉਣ ਦੇ ਸੰਬੰਧ ਵਿਚ ਕਿਹੜਾ ਗੁਰਦੁਆਰਾ ਬਣਿਆ ਹੈ?**

ਉੱਤਰ :- ਗੁਰਦੁਆਰਾ ਪੱਕੀ ਸੰਗਤ (ਮੁੰਗੇਰ, ਬਿਹਾਰ )।




## ਜਿਹ ਸਿਮਰਤ ਗਤਿ ਪਾਈਐ...

### ਸਲੋਕ ੧੦
### ਵਕਤ ਗੁਜ਼ਰ ਰਿਹਾ ਹੈ

**ਭੂਮਿਕਾ—** ਵਕਤ ਰੁਕਦਾ ਨਹੀਂ ਹੈ ਪਰ ਬੰਦਾ ਮੁੱਕ ਜਾਂਦਾ ਹੈ। ਸਾਡਾ ਇਕ ਬਹੁਤ ਪ੍ਰਚੱਲਤ ਮੁਹਾਵਰਾ ਹੈ ਕਿ ਉਹ ਗੁਜ਼ਰ ਗਿਆ ਤੇ ਇਹ ਵਕਤ ਵੀ ਗੁਜ਼ਰ ਜਾਏਗਾ। ਸੁੱਖ ਤੇ ਦੁੱਖ ਵਿੱਚ ਇਹ ਕਹਾਵਤ ਬੜੀ ਪਿਆਰੀ ਹੈ। ਆਤਮਿਕ ਤਲ ਤੇ ਸੁੱਖ ਨੂੰ ਸਮਝਣ ਵਾਲਾ ਮਨੁੱਖ ਸੁੱਖੀ ਹੈ। ਅਜਿਹਾ ਮਨੁੱਖ ਹੰਕਾਰ ਨੂੰ ਭਾਰੂ ਨਹੀਂ ਹੋਣ ਦਿੰਦਾ। ਦੁੱਖ ਮਨੁੱਖ ਨੂੰ ਭਵਿੱਖਤ ਦੀਆਂ ਸੰਭਾਵਨਾਵਾਂ ਪ੍ਰਤੀ ਆਸ਼ਾਵਾਦੀ ਬਣਾਈ ਰੱਖਦਾ ਹੈ।

ਦੂਸਰਾ ਪਹਿਲੂ ਸੁੱਖ ਵਿੱਚ ਇਹ ਆਪਨਿਆਂ ਨੂੰ ਭੁੱਲ ਜਾਂਦਾ ਤੇ ਦੁੱਖ ਵਿੱਚ ਆਪਣੇ ਇਸ ਨੂੰ ਭੁੱਲ ਜਾਂਦੇ ਹਨ।

ਨੌਂਵੇਂ ਸਲੋਕ ਵਿੱਚ ਗੁਰਦੇਵ ਪਿਤਾ ਜੀ ਨੇ ਸੁੱਖਾਂ ਦੀ ਪ੍ਰਾਪਤੀ ਦਾਤੇ ਦੀ ਸ਼ਰਨ ਵਿੱਚ ਸਮਝਾਈ ਹੈ। ਅਸੀਂ ਸਰੀਰਕ ਸੁੱਖਾਂ ਦੇ ਆਹਰ ਪਾਹਰ ਵਿੱਚ ਲੱਗੇ ਹੋਏ ਹਾਂ, ਪਰ ਅਸਲ ਸੁੱਖ ਨੂੰ ਸਮਝ ਨਹੀਂ ਸਕੇ। ਸੁੱਖ ਦੀ ਵਿਚਾਰ ਨੂੰ ਅੱਗੇ ਤੋਰਦਿਆਂ ਸਾਹਿਬ ਜੀ ਫਰਮਾਉਂਦੇ ਹਨ, ਕਿ ਉਹ ਕੰਮ ਕਰ, ਜਿਸ ਨਾਲ ਤੇਰੀ ਆਤਮਿਕ ਅਵਸਥਾ ਉੱਚੀ ਤੇ ਸੁੱਚੀ ਬਣੀ ਰਹੇ। ਹਰ ਮੁਲਕ ਆਪਣੀ ਵਿਉਂਤਬੰਦੀ ਨਾਲ ਚੱਲਦਾ ਹੈ। ਸਾਲਾਂ ਦੇ ਸਾਲ ਆਪਣੇ ਮੁਲਕ ਦੀ ਸੁਰੱਖਿਆ ਲਈ ਫੌਜੀ ਅਭਿਆਸ ਕਰਦਾ ਰਹਿੰਦਾ ਹੈ, ਤਾਂ ਕਿ ਲੋੜ ਪੈਣ 'ਤੇ ਜ਼ੁਲਮ ਦਾ ਡੱਟ ਕੇ ਮੁਕਾਬਲਾ ਕੀਤਾ ਜਾ ਸਕੇ। ਜੇ ਮੁਲਕ ਦਾ ਬਾਦਸ਼ਾਹ ਇਹ ਸੋਚੇ, ਕੋਈ ਗੱਲ ਨਹੀਂ ਖਾਓ ਪੀਓ ਐਸ਼ ਕਰੋ, ਬਥੇਰਾ ਵੱਡਾ ਮੁਲਕ ਪਿਆ ਹੋਇਆ ਜਦੋਂ ਕੋਈ ਹਮਲਾਵਰ ਆਏਗਾ, ਅਸੀਂ ਓਸੇ ਵੇਲੇ ਫੌਜ ਤਿਆਰ ਕਰ ਲਵਾਂਗੇ। ਏਦਾਂ ਕਦੇ ਵੀ ਨਹੀਂ ਹੁੰਦਾ, ਕਿ ਓਸੇ ਵੇਲੇ ਤਿਆਰੀ ਕੀਤੀ ਜਾਏਗੀ, ਤਾਂ ਮਾਰ ਖਾਣ ਲਈ ਤਿਆਰ ਰਹਿਣਾ ਪਏਗਾ। —"ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ"॥ ਏਹੀ ਕਾਰਨ ਰਿਹਾ ਹੈ ਕਿ ਬਾਬਰ ਵਰਗੇ ਲੋਕ, ਜਿਹੜੇ ਪੂਰੀ ਤਿਆਰੀ ਨਾਲ ਆਏ ਸਨ ਉਹਨਾਂ ਨੇ ਭਾਰਤ 'ਤੇ ਕਬਜ਼ਾ ਕਰ ਲਿਆ ਤੇ ਦੇਸੀ ਰਾਜੇ ਹਾਥੀ ਇਕੱਠੇ ਕਰਦੇ ਰਹੇ। ਵੱਤਰ ਲੰਘ ਜਾਣ ਤੇ ਫਸਲ ਬੀਜਣੋ ਰਹਿ ਜਾਂਦੀ ਹੈ।



ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725

**ਸਲੋਕ—**

*ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ॥*

*ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ॥੧੦॥*

**ਪਦ ਅਰਥ—** ਪਾਈਐ-ਪ੍ਰਾਪਤ ਕਰਦੀ ਹੈ। ਤੈ-ਤੂੰ। ਰੇ ਮੀਤ-ਹੇ ਮਿੱਤਰ! ਅਉਧ-ਉਮਰ। ਨੀਤ-ਨਿੱਤ।੧੦।

**ਅੱਖਰੀ ਅਰਥ—** ਹੇ ਮਿੱਤਰ! ਤੂੰ ਉਸ ਪ੍ਰਮਾਤਮਾ ਦਾ ਭਜਨ ਕਰਿਆ ਕਰ, ਜਿਸ ਦਾ ਨਾਮ ਸਿਮਰਦਿਆਂ ਉੱਚੀ ਆਤਮਿਕ ਅਵਸਥਾ ਪ੍ਰਾਪਤ ਹੁੰਦੀ ਹੈ।

ਹੇ ਨਾਨਕ ਆਖ!— ਭਾਵ ਗੁਰੂ ਤੇਗ ਬਹਾਦਰ ਸਾਹਿਬ ਜੀ ਫਰਮਾਉਂਦੇ ਹਨ—ਹੇ ਮਨ! ਸੁਣ ਉਮਰ ਘੱਟਦੀ ਜਾ ਰਹੀ ਹੈ। ਰਬ ਦਾ ਨਾਮ ਨਾ ਵਿਸਾਰ।

**ਵਿਚਾਰ ਚਰਚਾ ਤੇ ਵਿਹਾਰਕ ਪੱਖ—**

ਕਾਲਜ ਵਿੱਚ ਬੱਚਾ ਦਾਖਲ ਕਰਾਉਣ ਤੋਂ ਪਹਿਲਾਂ ਘਰ ਵਿੱਚ ਕਈ ਸਲਾਹਾਂ ਹੁੰਦੀਆਂ ਹਨ, ਕਿ ਬੱਚਾ ਕਿਹੜਾ ਵਿਸ਼ਾ ਰੱਖੇ। ਮਨ ਬਣਾ ਕਿ ਇਕ ਦੀ ਚੋਣ ਕਰ ਲਈ ਜਾਂਦੀ ਹੈ। ਜਦੋਂ ਕਾਲਜ ਵਿੱਚ ਜਾ ਕੇ ਫਾਰਮ ਭਰਦੇ ਹਾਂ, ਲਾਗੇ ਫਾਰਮ ਭਰ ਰਿਹਾ ਪੁੱਛਦਾ ਹੈ, "ਭਾਅ ਜੀ ਕਿਹੜਾ ਵਿਸ਼ਾ ਰੱਖਣਾ ਹੈ" ਤਾਂ ਅੱਗੋਂ ਸਲਾਹ ਕਰ ਕੇ ਗਿਆ ਬੱਚਾ ਕਹਿੰਦਾ ਹੈ ਕਿ, "ਮੈਂ ਸਾਇੰਸ ਵਾਲੇ ਵਿਸ਼ੇ ਪੜ੍ਹਨੇ ਹਨ"। ਪਹਿਲਾ ਫਾਰਮ ਭਰ ਰਿਹਾ ਕਹਿੰਦਾ ਹੈ, ਦੇਖੀਂ, "ਇਹ ਬੜੇ ਔਖੇ ਵਿਸ਼ੇ ਹਨ, ਐਵੇਂ ਫਸ ਨਾ ਜਾਈਂ"। ਬੱਚੇ ਦਾ ਅੱਧਾ ਮਨ ਓਦੋਂ ਹੀ ਟੁੱਟ ਜਾਂਦਾ ਹੈ। ਅਸੀਂ ਦੁਬਿਧਾ ਵਿੱਚ ਆ ਜਾਂਦੇ ਹਾਂ। ਅਸਲ ਲੋੜ ਦ੍ਰਿੜ ਇਰਾਦੇ ਦੀ ਸੀ, ਜਿਹੜੀ ਅਸੀਂ ਛੱਡ ਦਿੱਤੀ। ਜੇ ਬੱਚੇ ਦਾ ਦ੍ਰਿੜ ਇਰਾਦਾ ਹੈ, ਤਾਂ ਵਿਸ਼ਾ ਕੋਈ ਵੀ ਔਖਾ ਨਹੀਂ ਹੈ। ਜੇ ਬੱਚਾ ਸੋਚੇ ਕਿ ਮਿਹਨਤ ਤਾਂ ਮੈਨੂੰ ਕਰਨੀ ਹੀ ਪੈਣੀ ਹੈ, ਤਾਂ ਫਿਰ ਮੇਰੇ ਲਈ ਕੋਈ ਔਖਾ ਵਿਸ਼ਾ ਨਹੀਂ ਹੈ ਤਾਂ ਬੱਚਾ ਕਾਮਯਾਬੀ ਵਲ ਨੂੰ ਵੱਧ ਜਾਏਗਾ। *"ਜਿਹ ਸਿਮਰਤ ਗਤਿ ਪਾਈਐ"* ਬੱਚਾ ਸਮਝ ਲੈਂਦਾ ਹੈ ਕਿ ਮੇਰਾ ਭਵਿੱਖਤ ਸਾਇੰਸ ਦੇ ਵਿਸ਼ੇ ਪੜ੍ਹਣ ਨਾਲ ਵਧੀਆ ਬਣ ਸਕਦਾ ਹੈ। "ਤਿਹ ਭਜੁ ਰੇ ਮੀਤ" ਜਿਸ ਵਿਸ਼ੇ ਨਾਲ ਭਵਿੱਖ ਬਣਦਾ ਹੈ। ਫਿਰ ਉਸੇ ਤੇ ਹੀ ਕੇਂਦਰਤ ਹੋਣਾ ਚਾਹੀਦਾ ਹੈ। ਵਿਸ਼ੇ ਦੀ ਚੋਣ ਸਮੇਂ ਫਜ਼ੂਲ ਦੀਆਂ ਸਲਾਹਾਂ ਨਾਲੋਂ ਦ੍ਰਿੜ ਇਰਾਦੇ ਦੀ ਜ਼ਰੂਰਤ ਹੈ। "ਜਿਹ ਸਿਮਰਤ" ਮਜ਼ਬੂਤ ਇਰਾਦਾ ਤੇ ਦ੍ਰਿੜਤਾ ਨਾਲ ਕੰਮ ਕਰਨਾ। "ਗਤਿ ਪਾਈਐ" ਗਿਆਨ, ਸਮਝ, ਦਨਾਈ ਦੀ ਪ੍ਰਾਪਤੀ ਕਰਨੀ। "ਤਿਹ ਭਜਿ ਰੇ ਮੀਤ" ਇਸ ਤੇ ਪਹਿਰਾ ਦੇਣਾ, ਮਨ ਮਾਰ ਕੇ ਮਿਹਨਤ ਕਰਨੀ, ਤਾਂ ਕਿ ਜੀਵਨ ਵਿੱਚ ਸਹਿਜ ਤੇ ਖੇੜਾ ਆ ਸਕੇ।

ਕਈ ਵਾਰੀ ਸਲਾਹਾਂ ਕਰਦਿਆਂ ਕਰਦਿਆਂ ਹੀ ਅਸੀਂ ਸਮਾਂ ਲੰਘਾ ਦਿੰਦੇ ਹਾਂ। ਅਖੀਰਲੀ ਤੁੱਕ ਵਿੱਚ ਗੁਰਦੇਵ ਪਿਤਾ ਜੀ ਮਨ ਨੂੰ ਸਮਝਾਉਂਦੇ ਹਨ *"ਕਹੁ ਨਾਨਕ ਸੁਨੁ ਰੇ ਮਨਾ"* ਮਨ ਨੂੰ ਕਿਹਾ ਹੇ ਮਨ! ਤੂੰ ਧਿਆਨ ਨਾਲ ਸੁਣ- ਇਸ ਦਾ ਭਾਵ ਅਰਥ ਮਨ ਕੁਝ ਹੋਰ ਸੁਣ ਰਿਹਾ ਸੀ, ਉਸ ਨੂੰ ਅਸਲੀਅਤ ਸੁਣਨ ਲਈ ਕਿਹਾ ਜਾ ਰਿਹਾ ਹੈ। ਆਲਸ, ਦੁਬਿਧਾ ਛੱਡਣ ਲਈ ਪ੍ਰਮੁੱਖਤਾ ਨਾਲ ਕਿਹਾ ਹੈ। ਜੇ ਦੁਬਿਧਾ ਵਿੱਚ ਮਨ ਛੇਤੀ ਕੀਤਿਆਂ ਫੈਸਲਾ ਨਹੀਂ ਕਰਦਾ ਤਾਂ ਇਹ ਪਛੜ ਜਾਏਗਾ। ਸਮਾਂ ਆਪਣੀ ਰਫ਼ਤਾਰ ਨਾਲ ਤੁਰਿਆ ਜਾ ਰਿਹਾ ਹੈ। *"ਅਉਧ ਘਟਤ ਹੈ ਨੀਤ"*। ਅੱਜ ਦਾ ਕੰਮ ਕਲ੍ਹ 'ਤੇ ਨਾ ਛੱਡ। ਜਿਹੜਾ ਵਕਤ ਲੰਘ ਗਿਆ ਉਹ ਮੁੜ ਕੇ ਹੱਥ ਨਹੀਂ ਆਉਣਾ। ਇਨ੍ਹਾਂ ਦੋਹਾਂ ਤੁਕਾਂ ਵਿੱਚ ਚਾਰ ਗੱਲਾਂ ਉਘੜ ਕੇ ਸਾਹਮਣੇ ਆਉਂਦੀਆਂ ਹਨ, ਪਹਿਲੀ ਸਦੀਵੀ ਸੁੱਖ ਸੰਤੋਖ ਵਿੱਚ ਹੈ ਤੇ ਉਦਮ ਕਰਦਿਆਂ ਮਿਹਨਤ ਕਰਨੀ ਤੇ ਸਮੇਂ ਦੀ ਸਹੀ ਵਰਤੋਂ ਕਰਨੀ ਹੈ। ਦੂਸਰਾ, ਵਿਚਾਰ ਇਨ੍ਹਾਂ ਗੁਣਾਂ ਦਾ ਅਭਿਆਸ ਕਰਨ ਦਾ ਨਾਂ ਸਿਮਰਨ ਹੈ। ਤੀਜਾ, ਜਿਸ ਅਭਿਆਸ ਨਾਲ ਹੀ ਆਤਮਿਕ ਸੁੱਖ ਦੀ ਉਪਜ ਹੋਣੀ ਹੈ। ਚੌਥਾ, ਕਦੇ ਕੰਮਚੋਰ ਨਹੀਂ ਬਣਨਾ ਚਾਹੀਦਾ, ਕਿਉਂਕਿ ਲੰਘਿਆ ਸਮਾਂ ਹੱਥ ਨਹੀਂ ਆਉਣਾ--੧੦

ਬਾਕੀ ਸਫਾ 11 'ਤੇ

# ਆਓ! ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਨੂੰ ਬਹਾਲ ਕਰੀਏ



ਕੈਪਟਨ ਅਵਤਾਰ ਸਿੰਘ
97819-90206

ਤਖਤ ਦਾ ਅਰਥ ਉਹ ਬੈਠਣ ਵਾਲੀ ਚੌਕੀ ਜਾਂ ਰਾਜ ਗੱਦੀ ਜਿਸ ਤੇ ਬੈਠ ਕੇ ਹੁਕਮ ਜਾਰੀ ਕੀਤੇ ਜਾਣ। ਇਹ ਆਮ ਤੌਰ 'ਤੇ ਰਾਜਸੀ ਲੋਕ ਹੀ ਤਖਤਾਂ ਦੇ ਮਾਲਕ ਬਣ ਕੇ ਪਰਜਾ ਉੱਤੇ ਹੁਕਮ ਚਲਾਉਂਦੇ ਸਨ ਪਰ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਤੋਂ ਬਾਅਦ ਦੁਨਿਆਵੀ ਬਾਦਸ਼ਾਹਾਂ ਦੇ ਜੁਲਮੀ ਹੁਕਮਾਂ ਨੂੰ ਵੰਗਾਰਿਆ ਜਾਣ ਲੱਗਾ। ਗੁਰੂ ਨਾਨਕ ਸਾਹਿਬ ਜੀ ਨੇ "ਨਾ ਕੋਈ ਹਿੰਦੂ ਨਾ ਮੁਸਲਮਾਨ" ਦਾ ਹੋਕਾ ਦਿੱਤਾ ਅਤੇ ਰਾਜੇ ਸ਼ੀਹ ਮੁਕੱਦਮ ਕੁੱਤੇ ਵਰਗੇ ਸਖ਼ਤ ਸ਼ਬਦਾਂ ਦੀ ਵਰਤੋਂ ਕੀਤੀ। ਸਮੇਂ ਸਮੇਂ ਤੇ ਮੁਗਲ ਹਾਕਮਾਂ ਨੇ ਗੁਰੂ ਸਾਹਿਬਾਂ ਦੇ ਪ੍ਰਚਾਰ ਸਦਕਾ ਵੱਧਦੀ ਤਾਕਤ ਨੂੰ ਕੌੜੀ ਨਜ਼ਰ ਨਾਲ ਵੇਖਿਆ ਪਰ ਗੱਲਬਾਤ ਤੱਕ ਹੀ ਸੀਮਤ ਰਹੇ। ਪਰ ਪੰਜਵੇਂ ਗੁਰੂ ਅਰਜਨ ਸਾਹਿਬ ਜੀ ਨੂੰ ਅੱਤ ਦੇ ਜੁਲਮ ਕਰਕੇ ਸ਼ਹੀਦ ਕਰ ਦੇਣਾ ਗੁਰੂ ਘਰ ਤੇ ਵੱਡਾ ਹਮਲਾ ਸੀ।

ਗੁਰੂ ਸਾਹਿਬ ਜੀ ਦੀ ਸ਼ਹੀਦੀ ਤੋਂ ਬਾਅਦ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰੂ ਅਰਜਨ ਸਾਹਿਬ ਜੀ ਦੇ ਹੁਕਮ ਅਨੁਸਾਰ ਹਕੂਮਤ ਨਾਲ ਟੱਕਰ ਲੈਣ ਦੀ ਵਿਉਂਤ ਬਣਾਈ ਅਤੇ ਗੁਰ ਗੱਦੀ ਤੇ ਬਿਰਾਜਮਾਨ ਹੋਣ 'ਤੇ ਤਿੰਨ ਕੁ ਹਫਤੇ ਬਾਅਦ 18 ਹਾੜ ਬਿਕ੍ਰਮੀ ਸੰਮਤ 1663 (15 ਜੂਨ 1606 ਯੂਨੀਅਨ) ਨੂੰ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਕੋਠਾ ਸਾਹਿਬ ਦੇ ਨੇੜੇ ਇੱਕ 14 ਫੁੱਟ ਲੰਮਾ 8 ਫੁੱਟ ਚੌੜਾ ਅਤੇ 7 ਫੁੱਟ ਉੱਚਾ ਥੜਾ ਬਣਵਾਇਆ ਜਿਸ ਦੀ ਪਹਿਲੀ ਇੱਟ ਆਪ ਜੀ ਨੇ ਆਪਣੇ ਕਰ ਕਮਲਾ ਨਾਲ ਰੱਖੀ ਅਤੇ ਬਾਬਾ ਬੁੱਢਾ ਜੀ ਭਾਈ ਗੁਰਦਾਸ ਜੀ ਨੇ ਥੜੇ ਨੂੰ ਸੰਪੂਰਨ ਕੀਤਾ ਜਿਸ ਉੱਪਰ ਬੈਠ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿੱਖਾਂ ਨੂੰ ਸੰਬੋਧਨ ਕੀਤਾ ਅਤੇ ਸਿੱਖਾਂ ਦੇ ਮਸਲਿਆਂ ਨੂੰ ਸੁਣਨਾ ਅਤੇ ਸੁਲਝਾਉਣਾ ਸ਼ੁਰੂ ਕਰ ਦਿੱਤਾ।

ਥੋੜ੍ਹੇ ਦਿਨ ਬਾਅਦ 6 ਸਾਵਣ ਸੰਮਤ 1663 ਨੂੰ ਗੁਰੂ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਦੋ ਤਲਵਾਰਾਂ ਪੇਸ਼ ਕਰਨ ਲਈ ਕਿਹਾ ਅਤੇ ਦੋ ਤਲਵਾਰਾਂ ਆਪਣੇ ਸਰੀਰ ਤੇ ਧਾਰਨ ਕੀਤੀਆ ਇੱਕ ਮੀਰੀ ਦੀ ਦੂਜੀ ਪੀਰੀ ਦੀ। ਇਹ ਕੋਈ ਬਾਬਾ ਜੀ ਦੁਆਰਾ ਹੋਈ ਭੁੱਲ ਨਹੀਂ ਸੀ ਸਗੋਂ ਗੁਰੂ ਅਰਜਨ ਸਾਹਿਬ ਜੀ ਦੀ ਆਗਿਆ ਅਨੁਸਾਰ ਹੀ ਕਾਰਜ ਹੋ ਰਹੇ ਸਨ। ਇਸ ਦਾ ਵਰਣਨ ਢਾਢੀ ਅਬਦੁੱਲਾ ਨੇ ਇਸ ਤਰ੍ਹਾਂ ਕੀਤਾ ਹੈ:

ਦੋ ਤਲਵਾਰਾਂ ਬੱਧੀਆਂ, ਇੱਕ ਮੀਰੀ ਦੀ ਇੱਕ ਪੀਰੀ ਦੀ,
ਇੱਕ ਅਜਮਤ ਦੀ ਇੱਕ ਰਾਜ ਦੀ, ਇੱਕ ਰਾਖੀ ਕਰੇ ਵਜੀਰੀ ਦੀ।

ਸਿੱਖ ਕੌਮ ਨਾਲ ਥੋੜ੍ਹੇ ਹੀ ਸਮੇਂ ਵਿੱਚ ਤਿੰਨ ਦਿਹਾੜੇ ਸਬੰਧਤ ਹਨ ਜਿੰਨਾਂ ਦੀਆ ਉਸ ਸਮੇਂ ਤਰੀਖਾਂ ਅੱਗੜ ਪਿਛੜ ਭਾਵ ਤਰਤੀਬ ਵਾਰ ਸਨ ਪਰ ਅੱਜ ਕੌਮ ਦੇ ਅਲੰਬਦਾਰਾਂ ਨੇ ਇਹੋ ਜਿਹਾ ਭੰਬਲਭੂਸਾ ਬਣਾ ਦਿੱਤਾ ਹੈ ਕਿ ਕਦੇ ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ 23 ਮਈ ਦੀ, 6 ਜੂਨ ਦੀ, 16 ਜੂਨ ਨੂੰ ਆ ਜਾਂਦੀ ਹੈ ਅਤੇ ਕਦੀ ਕਦਾਈ ਮੀਰੀ ਪੀਰੀ ਦਿਵਸ ਪਹਿਲਾ ਆ ਜਾਂਦਾ ਹੈ ਅਤੇ ਅਕਾਲ ਤਖਤ ਦਾ ਸਿਰਜਨਾ ਦਿਵਸ ਬਾਅਦ ਵਿੱਚ ਆ ਜਾਂਦਾ ਹੈ। ਇਹ ਸਾਰੇ ਹੀ ਕਲੰਡਰਾਂ ਨੂੰ ਜੱਫੀ ਮਾਰ ਕੇ ਬੈਠੇ ਡੇਰੇਦਾਰਾਂ ਦੀ ਵਜਾ ਕਰਕੇ ਹੋ ਰਿਹਾ ਹੈ ਅਤੇ ਸ੍ਰੋਮਣੀ ਕਮੇਟੀ ਆਪਣੇ ਮਾਲਕਾਂ ਦੀ ਤਾਬਿਆਦਾਰ ਹੋਣ ਕਰਕੇ ਸਹੀ ਫੈਸਲਾ ਨਹੀਂ ਲੈ ਰਹੀ। ਜੇ ਅਸੀਂ ਕੋਈ ਵੀ ਇੱਕ ਕਲੰਡਰ ਅਪਣਾ ਕੇ ਚੱਲੀਏ ਤਾਂ ਘੱਟੋ ਘੱਟ ਦਿਹਾੜੇ ਤਰਤੀਬ ਨਾਲ ਜਰੂਰ ਆ ਜਾਵਾਂਗੇ।2003 ਵਿੱਚ ਲਾਗੂ ਕੀਤਾ ਗਿਆ ਨਾਨਕਸ਼ਾਹੀ ਕਲੰਡਰ ਸਿੱਖਾਂ ਦੀ ਵੱਖਰੀ ਪਹਿਚਾਣ ਸੀ ਸਾਰੇ ਗੁਰਪੁਰਬ, ਸਿੱਖੀ ਦਿਹਾੜੇ ਪੱਕੇ ਹੋ ਗਏ ਸਨ ਪਰ ਡੇਰੇਦਾਰਾਂ ਜਾਂ RSS ਦੇ ਦਬਾਅ ਕਾਰਨ ਸਿੱਖ ਕੌਮ ਨੂੰ ਵਾਪਸ ਉਸੇ ਹੀ ਘੁੰਮਣਘੇਰੀ ਵਿੱਚ ਫਸਾ ਦਿੱਤਾ ਗਿਆ।

ਅਕਾਲ ਤਖਤ ਸਾਹਿਬ ਜੀ ਦੇ ਸਿਰਜਨ ਤੋਂ ਪਹਿਲਾਂ ਹੀ ਗੁਰੂ ਅਰਜਨ ਸਾਹਿਬ ਜੀ ਨੇ ਦਰਬਾਰ ਸਾਹਿਬ ਦੇ ਸਰੋਵਰ ਦੀ ਸੇਵਾ ਕਰਵਾਉਣ ਸਮੇਂ ਕੱਢੀ ਗਈ ਮਿੱਟੀ ਨਾਲ ਕੋਠਾ ਸਾਹਿਬ ਤਿਆਰ ਕਰ ਲਿਆ ਸੀ ਅਤੇ ਸੰਗਤਾਂ ਨੂੰ ਉਪਦੇਸ਼ ਦਿੰਦੇ ਹਨ ਜਦੋਂ ਆਦਿ ਗਰੰਥ ਸਾਹਿਬ ਦਾ ਪ੍ਰਕਾਸ਼ ਦਰਬਾਰ ਸਾਹਿਬ ਵਿਖੇ ਕੀਤਾ ਗਿਆ ਸੁੱਖ ਆਸਣ ਕੋਠਾ ਸਾਹਿਬ ਵਿੱਚ ਕੀਤਾ ਗਿਆ ਅਤੇ ਅੱਜ ਤੱਕ ਨਿਰੰਤਰ ਇਸੇ ਤਰ੍ਹਾਂ ਹੀ ਚੱਲ ਰਿਹਾ ਹੈ। ਜਿਸ ਤਰ੍ਹਾਂ ਉੱਪਰ ਦੱਸ ਚੁੱਕੇ ਹਾਂ ਕਿ ਕੋਠਾ ਸਾਹਿਬ ਦੇ ਬਿਲਕੁਲ ਨੇੜੇ ਖੱਬੇ ਪਾਸੇ ਥੜਾ ਤਿਆਰ ਕੀਤਾ ਗਿਆ ਅਤੇ ਇਸ ਥੜੇ ਤੇ ਢਾਢੀਆਂ ਰਾਹੀ ਵਾਰਾਂ ਦਾ ਗਾਇਨ ਕੀਤਾ ਜਾਣ ਲੱਗਾ। ਗੁਰੂ ਹਰਿਗੋਬਿੰਦ ਸਾਹਿਬ ਜੀ ਰਾਜੇ ਮਹਾਰਾਜਿਆਂ ਦੀ ਤਰ੍ਹਾਂ ਕਲਗੀ ਸਜਾ ਕੇ ਇਸ ਤਖਤ ਤੇ ਬਿਰਾਜਮਾਨ ਹੁੰਦੇ ਸਨ। ਇਸ ਨੂੰ ਅਕਾਲ ਬੁੰਗਾ ਵੀ ਕਿਹਾ ਜਾਂਦਾ ਸੀ।

1744 ਈ: ਵਿੱਚ ਸਿੱਖ ਮਿਸਲਾਂ ਸਮੇਂ ਸ. ਜੱਸਾ ਸਿੰਘ ਆਹਲੂਵਾਲੀਆ ਦੀ ਨਿਗਰਾਨੀ ਹੇਠ ਅਕਾਲ ਤਖਤ ਸਾਹਿਬ ਦੀ ਪਹਿਲੀ ਮੰਜ਼ਿਲ ਦੀ ਉਸਾਰੀ ਕੀਤੀ ਗਈ ਅਤੇ ਕੋਠਾ ਸਾਹਿਬ ਅਤੇ ਥੜ੍ਹਾ ਸਾਹਿਬ ਨੂੰ ਵੀ ਅਕਾਲ ਤਖਤ ਦੀ ਇਮਾਰਤ ਦੇ ਅੰਦਰ ਹੀ ਲੈ ਲਿਆ ਗਿਆ ਬਾਕੀ ਦੀਆਂ ਚਾਰ ਮੰਜ਼ਿਲਾ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਉਸ ਸਮੇਂ 3 ਲੱਖ ਰੁਪਏ ਲਾ ਕੇ ਮੁਕੰਮਲ ਕੀਤੀਆਂ। ਅਕਾਲ ਤਖਤ ਦਾ ਗੁੰਬਦ ਸ. ਹਰੀ ਸਿੰਘ ਨਲੂਆ ਜੀ ਨੇ ਤਿਆਰ ਕਰਵਾਇਆ।

ਸਮੇਂ-ਸਮੇਂ ਨਾਲ ਅਕਾਲ ਤਖਤ ਨਾਲ ਰਾਜਸੀ ਤਖਤਾਂ ਦੇ ਮਾਲਕਾਂ ਨੇ ਟੱਕਰ ਲਈ, ਉਨ੍ਹਾਂ ਦੇ ਤਖਤ ਤਾਂ ਖਤਮ ਹੋ ਗਏ ਪਰ ਅੱਜ ਵੀ ਅਕਾਲ ਤਖਤ ਸੁਭਾਇਮਾਨ ਹੈ ਅਤੇ ਸਿੱਖ ਕੌਮ ਉਥੇ ਨਤ-ਮਸਤਕ ਹੁੰਦੀ ਹੈ। 1984 ਸਮੇਂ ਭਾਰਤੀ ਹਕੂਮਤ ਦੇ ਹੁਕਮ ਨਾਲ ਫੌਜਾਂ ਨੇ ਅਕਾਲ ਤਖਤ ਨੂੰ ਢਹਿ ਢੇਰੀ ਕਰ ਦਿੱਤਾ ਅਤੇ ਸੰਗਤਾਂ ਦੇ ਰੋਹ ਤੋਂ ਡਰਦਿਆਂ ਦੁਬਾਰਾ ਇਮਾਰਤ ਦੀ ਉਸਾਰੀ ਕਿਸੇ ਮਹਾਂਪੁਰਸ਼ ਦੁਆਰਾ ਕਰਾਉਣ ਨੂੰ ਸਰਕਾਰ ਨੇ ਕੋਸ਼ਿਸ਼ ਕੀਤੀ ਪਰ ਕੋਈ ਵੀ ਸਰਕਾਰੀ ਸੇਵਾ ਕਰਨ ਨੂੰ ਤਿਆਰ ਨਾ ਹੋਇਆ। ਅਖੀਰ ਇੱਕ ਸਰਕਾਰੀ ਨਿਹੰਗ ਸਿੰਘ ਸੰਤਾ ਸਿੰਘ ਨੇ ਇਹ ਇਮਾਰਤ ਸਰਕਾਰ ਦੇ ਖਰਚੇ 'ਤੇ ਖੜ੍ਹੀ ਕਰ ਦਿੱਤੀ। ਪਰ ਜਦੋਂ ਸਿੱਖ ਕੌਮ 26 ਜਨਵਰੀ 1988 ਨੂੰ ਇੱਥੇ ਇਕੱਠੀ ਹੋਈ ਅਤੇ ਮਤਾ ਪਾਸ ਹੋਇਆ ਕਿ ਇਹ ਪਵਿੱਤਰ ਇਮਾਰਤ ਸਰਕਾਰ ਰਾਹੀਂ ਨਹੀਂ ਸੰਗਤਾਂ ਰਾਹੀ ਹੀ ਬਣੇਗੀ ਅਰਦਾਸਾਂ ਸੋਧ ਕੇ ਇਸ ਨੂੰ ਢਾਹ ਦਿੱਤਾ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਦੁਬਾਰਾ ਤਿਆਰ ਕੀਤਾ। ਹੁਣ ਦੀ ਬਣੀ ਅਕਾਲ ਤਖਤ ਸਾਹਿਬ ਦੀ ਇਮਾਰਤ ਵਿੱਚ ਪਹਿਲਾ ਵਾਲੀ ਇਮਾਰਤ ਨਾਲੋਂ ਲੰਬਾਈ ਚੌੜਾਈ ਦਾ ਫ਼ਰਕ ਪਾਇਆ ਗਿਆ ਹੈ ਪਹਿਲਾ ਲੰਬਾਈ 51 ਫੁੱਟ 3 ਇੰਚ, ਹੁਣ 77 ਫੁੱਟ 3 ਇੰਚ, ਚੌੜਾਈ 41 ਫੁੱਟ 3 ਇੰਚ ਅੱਜ 43 ਫੁੱਟ ਹੈ। ਉੱਚਾਈ ਫਰਸ਼ ਤੋ ਲੈ ਕੇ ਗੁੰਬਦ ਦੇ ਉੱਪਰ ਤੱਕ 85 ਫੁੱਟ 3 ਇੰਚ ਬਣਦੀ ਹੈ। ਪਹਿਲਾਂ ਪਉੜੀਆ ਅੰਦਰੋਂ ਚੜ੍ਹਦੀਆਂ ਸਨ ਹੁਣ ਦੋਵਾਂ ਪਾਸਿਆਂ ਤੋਂ ਪਉੜੀਆਂ ਹਨ। ਅਕਾਲੀ ਫੂਲਾ ਸਿੰਘ ਵੱਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਮਲੀ ਦੇ ਦਰੱਖਤ ਨਾਲ ਬੰਨ੍ਹ ਕੇ ਕੋਰੜੇ

ਮਾਰਨ ਦੀ ਸਜਾ ਸੁਣਾਈ ਸੀ ਉਹ ਦਰੱਖਤ 1984 ਸਮੇਂ ਬੰਬ ਵੱਜਣ ਕਰਕੇ ਸੁੱਕ ਗਿਆ ਸੀ ਅਤੇ ਮੁੜ ਹਰਾ ਨਹੀਂ ਹੋਇਆ ਅੱਜ ਕੱਲ ਉਸੇ ਜਗ੍ਹਾਂ ਤੇ ਨਵਾਂ ਦਰੱਖਤ ਲਾਇਆ ਗਿਆ ਹੈ। ਅਕਾਲ ਤਖਤ ਸਾਹਿਬ ਦੇ ਪਿਛਲੇ ਪਾਸੇ ਇੱਕ ਖੂਹ ਸੀ ਜਿਸ ਨੂੰ ਅਕਾਲ ਸਰ ਕਿਹਾ ਜਾਂਦਾ ਸੀ ਅਤੇ ਇਸ ਖੂਹ ਦੇ ਪਾਣੀ ਦੀ ਵਰਤੋਂ ਅਕਾਲ ਤਖਤ ਵਾਸਤੇ ਕੀਤੀ ਜਾਂਦੀ ਸੀ। ਅਕਾਲ ਤਖਤ ਸਾਹਿਬ ਦੇ ਸਾਹਮਣੇ ਦੋ ਉੱਚੇ ਨਿਸ਼ਾਨ ਸਾਹਿਬ ਹਨ ਦਰਬਾਰ ਸਾਹਿਬ ਵਾਲੇ ਪਾਸੇ ਵਾਲਾ 107 ਫੁੱਟ ਉੱਚਾ ਅਤੇ ਅਕਾਲ ਤਖਤ ਸਾਹਿਬ ਵਾਲੇ ਪਾਸੇ ਵਾਲਾ 105 ਫੁੱਟ ਉੱਚਾ ਹੈ ਭਾਵ ਧਰਮ ਨੂੰ ਰਾਜਨੀਤੀ ਦੇ ਉੱਪਰ ਰੱਖਿਆ ਗਿਆ ਹੈ।

ਹੁਣ ਕੁਝ ਕੁ ਅਕਾਲ ਤਖਤ ਸਾਹਿਬ ਦੀ ਵਰਤੋਂ ਬਾਰੇ ਜਾਣਕਾਰੀ ਹਾਸਿਲ ਕਰਦੇ ਹਾਂ ਕਿ ਗੁਰੂ ਸਾਹਿਬਾਂ ਤੋਂ ਬਾਅਦ ਜਿਥੇ ਵੀ ਗੁਰੂ ਜੀ ਨੇ ਸਿੱਖਾਂ ਨੂੰ ਉਪਦੇਸ਼ ਜਾਂ ਹੁਕਮਨਾਮੇ ਜਾਰੀ ਕੀਤੇ ਉਥੇ ਸਿੱਖ ਕੌਮ ਨੇ ਤਖਤ ਬਣਾਏ ਹਨ ਅੱਜ ਕੱਲ ਪੰਜ ਤਖਤ ਸਿੱਖਾਂ ਦੇ ਧਾਰਮਿਕ ਸਥਾਨ ਹਨ। ਪੰਜ ਤਖਤਾਂ ਵਿੱਚ ਸਰਵੋਤਮਤਾ ਅਕਾਲ ਤਖਤ ਸਾਹਿਬ ਨੂੰ ਦਿੱਤੀ ਗਈ ਹੈ। ਮਿਸਲਾਂ ਦੇ ਰਾਜ ਸਮੇਂ ਅਤੇ ਬਾਅਦ ਵਿੱਚ ਵੀ ਤਖਤ ਦੇ ਜਥੇਦਾਰ ਦੀ ਕੋਈ ਪੱਕੀ ਪੋਸਟ ਨਹੀਂ ਸੀ ਸਗੋਂ ਲੋੜ ਪੈਣ ਤੇ ਹਾਜਰ ਸੰਗਤ ਵਿੱਚੋਂ ਇੱਕ ਵੀਰ ਨੂੰ ਮੋਹਰੀ ਚੁਣ ਕੇ ਫੈਸਲਾ ਲੈ ਲਿਆ ਜਾਂਦਾ ਸੀ ਅਤੇ ਉਹ ਕੇਵਲ ਤੇ ਕੇਵਲ ਉਸ ਸਮੇਂ ਜਾਂ ਆਪਣੀ ਮਿਸਲ ਦੇ ਜਥੇਦਾਰ ਸਨ ਨਾ ਕੇ ਅਕਾਲ ਤਖਤ ਦੇ ਜਥੇਦਾਰ। ਸ: ਗੁਰਚਰਨ ਸਿੰਘ ਦੀ ਪ੍ਰਧਾਨਗੀ ਸਮੇਂ ਜਦੋਂ ਸ: ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਦਲ ਅਤੇ ਸ਼ਗਫਛ ਤੇ ਮੁਕੰਮਲ ਕਬਜ਼ਾ ਕਰ ਲਿਆ ਤਾਂ ਇਨਾਂ ਨੇ ਆਪਣੇ ਰਾਜਸੀ ਕੱਦ ਨੂੰ ਤਕੜਾ ਕਰਨ ਲਈ ਅਕਾਲ ਤਖਤ ਦਾ ਆਸਰਾ ਲੈਂਦਿਆਂ ਇੱਕ ਜਥੇਦਾਰ ਨਿਯੁਕਤ ਕਰ ਦਿੱਤਾ ਅਤੇ ਸਿੱਖ ਕੌਮ ਵਿੱਚ ਏਨਾ ਪ੍ਰਚਾਰ ਕੀਤਾ ਕਿ ਉਸ ਨਿਯੁਕਤ ਕੀਤੇ ਹੋਏ (ਚੁਣੇ ਹੋਏ ਨਹੀਂ) ਦੇ ਆਦੇਸ਼ ਨੂੰ ਗੁਰੂ ਦੇ ਉਦੇਸ਼ ਨਾਲੋਂ ਵੀ ਉਪਰ ਕਰ ਦਿੱਤਾ ਅਤੇ ਹਰ ਸਿੱਖ ਨੂੰ ਜਥੇਦਾਰ ਦੇ ਹੁਕਮ ਅੱਗੇ ਸਿਰ ਝੁਕਾਉਣ ਦੀ ਪਿਰਤ ਪਾ ਦਿੱਤੀ। ਪਰ ਇਨਾਂ ਜਥੇਦਾਰਾਂ ਨੇ ਕੇਵਲ ਤੇ ਕੇਵਲ ਆਪਣੀ ਗੱਦੀ ਸਲਾਮਤ ਰੱਖਣ ਵਾਸਤੇ ਬਾਦਲਾਂ ਦੇ ਹਰ ਹੁਕਮ ਦੀ ਤਮੀਲ ਕੀਤੀ ਭਾਵੇਂ ਉਸ ਹੁਕਮ ਨਾਲ ਸਿੱਖ ਕੌਮ ਨੂੰ ਵੱਡੀ ਢਾਅ ਲੱਗੀ ਅਤੇ ਉਸ ਦਾ ਹਰਜਾਨਾ ਬਾਦਲ ਪ੍ਰਵਾਰ ਨੂੰ ਵੀ ਭਰਨਾ ਪਿਆ ਹੈ ਅਤੇ ਅੱਜ ਵੀ ਭਰ ਰਹੇ ਹਨ।

ਜਥੇਦਾਰ ਸਾਹਿਬ ਕੋਈ ਵੀ ਹੋਵੇ ਅਹੁੱਦੇ ਤੇ ਬੈਠਿਆਂ ਕੇਵਲ ਆਪਣੇ ਆਕਾ ਦਾ ਹੁਕਮ ਵਜਾਇਆ ਪਰ ਉਨ੍ਹਾਂ ਤੋਂ ਕਦੇ ਵੀ ਕੋਈ ਸੱਚੀ ਗੱਲ ਮੂੰਹੋ ਨਿਕਲ ਗਈ ਤਾਂ ਉਸੇ ਵੇਲੇ ਉਸ ਜਥੇਦਾਰ ਨੂੰ ਬਾਹਰ ਕਰ ਦਿੱਤਾ ਗਿਆ ਫਿਰ ਉਸਨੇ ਬਾਦਲਾਂ ਦੇ ਬਰਖਲਾਫ਼ ਸਾਰਾ ਕੁਝ ਉਗਲਿਆ ਪਰ ਸੰਗਤਾਂ ਨੇ ਬਹੁਤੀ ਤਵੱਜੋਂ ਨਹੀਂ ਦਿੱਤੀ ਸਗੋਂ ਉਨਾਂ ਨੂੰ ਸਵਾਲ ਖੜੇ ਕੀਤੇ ਕਿ ਜਦੋਂ ਤੁਹਾਡੇ ਕੋਲ ਤਾਕਤ ਸੀ ਉਦੋਂ ਕਿਉਂ ਨਹੀਂ ਬੋਲੇ। ਸੱਚ ਬੋਲਣ ਵਾਲਿਆਂ ਨੂੰ ਸਿੱਖ ਕੌਮ ਤੋਂ ਖਾਰਜ ਕਰਦੇ ਰਹੇ, ਕਿੰਨਿਆਂ ਦੇ ਨਾਂ ਲਿਖਾਂ ਅਕਾਲ ਤਖਤ ਸਾਹਿਬ ਤੇ ਪੇਸ਼ੀਆਂ 'ਤੇ ਸੱਦ ਦੇ ਰਹੇ ਪਰ ਕਦੀ ਬਾਦਲ ਪਰਿਵਾਰ ਨੂੰ ਤਖਤ 'ਤੇ ਪੇਸ਼ ਹੋਣ ਵਾਸਤੇ ਤੁਹਾਡੇ ਮੂੰਹੋ ਕੋਈ ਸ਼ਬਦ ਨਹੀਂ ਨਿਕਲਿਆ ਜਦੋਂ ਕੌਮ ਨੇ ਬਹੁੜੀ ਦੁਹਾਈ ਕੀਤੀ ਤਾਂ ਉਹ ਪ੍ਰਵਾਰ ਆਪਣੇ ਆਪ ਆ ਕੇ ਭੁੱਲਾਂ ਬਖਸ਼ਾਉਣ ਦਾ ਡਰਾਮਾ ਕਰਦਾ ਰਿਹਾ ਪਰ ਕਿਸੇ ਜਥੇਦਾਰ ਨੇ ਉਨਾਂ ਨੂੰ ਕਟਹਿਰੇ ਵਿੱਚ ਖੜਾ ਨਹੀਂ ਕੀਤਾ। ਜਥੇਦਾਰ ਦੇ ਹੁਕਮ ਨੂੰ ਇਲਾਹੀ ਹੁਕਮ ਮੰਨਣ ਵਾਸਤੇ ਆਮ ਲੋਕ ਭਾਵ ਗੁਰੂ ਦੀਆ ਸੰਗਤਾਂ ਹੀ ਪਾਬੰਦ ਸਨ। ਕੋਈ ਡੇਰੇਦਾਰ ਜਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਬਾਦਲ ਪ੍ਰਵਾਰ ਵਾਸਤੇ ਉਹ ਹੁਕਮ ਕੋਈ ਮਾਇਨਾ ਨਹੀਂ ਰੱਖਦੇ ਹਨ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਪਿਛਲੇ ਸਮੇਂ ਵਿੱਚ ਕਈ ਹੁਕਮ ਭਾਵੇਂ ਗੁਰਬਾਣੀ ਪ੍ਰਸਾਰਨ ਦਾ ਹੋਵੇ ਭਾਵੇਂ ਸਿੱਖ ਸੰਗਤਾਂ ਦੇ ਇਕੱਠੇ ਹੋਣ ਦਾ ਹੋਵੇ ਜਾਰੀ ਕੀਤੇ ਪਰ ਇੱਕ ਪੈਸੇ ਦਾ ਵੀ ਅਸਰ ਨਹੀਂ ਹੋਇਆ ਸਗੋਂ ਉਲਟਾ ਇੱਕ ਮਾਮੂਲੀ ਸੇਵਾਦਾਰ ਦੀ ਤਰ੍ਹਾਂ ਬਾਹਰ ਦਾ ਰਸਤਾ ਦਿਖਾ ਦਿੱਤਾ। ਸ੍ਰੋਮਣੀ ਕਮੇਟੀ ਦਾ ਪ੍ਰਧਾਨ ਅਤੇ ਤਖਤਾਂ ਦੇ ਜਥੇਦਾਰੀ ਦੀ ਯੋਗਤਾ ਹੀ ਇਹ ਰਹਿ ਗਈ ਕਿ ਬਾਦਲ ਪ੍ਰਵਾਰ ਦੇ ਹੁਕਮਾਂ ਦੀ ਬਿਨਾਂ ਸੋਚੇ ਸਮਝੇ ਤਾਮੀਲ ਕਰਨ ਵਾਲਾ। ਇਨ੍ਹਾਂ ਅਹੁਦਿਆਂ ਦਾ ਪੈਮਾਨਾ ਹੀ ਇਹ ਹੈ। ਹਰ ਇੱਕ ਜਥੇਦਾਰ ਸਾਹਿਬ ਨੂੰ ਵਰਤਿਆ ਗਿਆ ਜਦੋਂ ਸੰਗਤਾਂ ਦੇ ਮੇਹਣੇ ਤਾਹਨੇ ਵੱਜਣ ਨਾਲ ਉਸ ਜਥੇਦਾਰ ਸਾਹਿਬ ਦੀ ਜਮੀਰ ਜਾਗੀ ਅਤੇ ਪਹਿਲੇ ਹੀ ਬਿਆਨ ਤੋਂ ਬਾਅਦ ਜਥੇਦਾਰੀ ਖਤਮ ਕਰ ਦਿੱਤੀ ਗਈ। ਹੁਣ ਵੀ ਸੰਗਤਾਂ ਦੇ ਬਹੁਤ ਦਬਾਅ ਕਾਰਨ ਕੁਝ ਦਿਨਾਂ ਬਾਅਦ ਗਿ: ਹਰਪ੍ਰੀਤ ਸਿੰਘ ਜੀ ਕੱਢੇ ਗਏ ਅਤੇ ਇਹ ਵੀ ਸੰਗਤਾਂ ਦਾ ਦਬਾਅ ਹੀ ਹੈ ਕਿ ਉਨ੍ਹਾਂ ਨੂੰ ਦਮਦਮਾ ਸਾਹਿਬ ਦੀ ਸੇਵਾ ਤੋਂ ਮੁਕਤ ਨਹੀਂ ਕੀਤਾ ਪਰ ਉਹ ਰਹੇ ਵੀ ਕਾਸੇ ਜੋਗੇ ਨਹੀਂ ਹਨ।

2 ਦਸੰਬਰ 2025 ਨੂੰ ਬਾਦਲ ਸਰਕਾਰ ਦੇ ਸਾਰੇ ਭਾਈਵਾਲਾਂ ਨੂੰ ਅਕਾਲ ਤਖਤ ਸਾਹਿਬ ਤੋਂ ਜਥੇਦਾਰ ਨੇ ਸਖਤ ਹੁਕਮ ਸੁਣਾਏ ਸਨ, ਪਰ ਵਾਰੀ ਵਾਰੀ ਹਰ ਤਰ੍ਹਾਂ ਇਨ੍ਹਾਂ ਜਥੇਦਾਰਾਂ ਨੂੰ ਵੀ ਘਰ ਤੋਰ ਦਿੱਤਾ ਗਿਆ ਅਤੇ ਉਹ ਬਾਹਰ ਹੋ ਕੇ ਵਿਰੋਧ ਵਿੱਚ ਖੜੇ ਹੋਏ, ਪਰ ਅਸਰ ਬੇਅਸਰ ਹੋ ਗਿਆ। ਕੁਲਦੀਪ ਸਿੰਘ ਗੜਗੱਜ ਜੋ ਬਾਦਲ ਪਰਿਵਾਰ ਦੇ ਬਰਖਲਾਫ ਬੁਲੰਦ ਅਵਾਜ ਵਿਚ ਬੋਲਦੇ ਸਨ, ਪਤਾ ਨਹੀਂ ਕਿਵੇਂ ਕਹਾਣੀ ਬਣੀ, ਉਹਨਾਂ ਨੂੰ ਰਾਤੋ ਰਾਤ ਜਥੇਦਾਰ ਬਣਾ ਦਿਤਾ ਗਿਆ, ਜੋ ਅੱਜ ਤੱਕ ਸਾਰੀ ਕੌਮ ਨੇ ਸਵੀਕਾਰ ਨਹੀਂ ਕੀਤਾ।

ਹੁਣ ਉਹ ਕੁਲਦੀਪ ਸਿੰਘ ਗੜਗੱਜ ਸਾਹਿਬ ਬਾਦਲਾਂ ਦੇ ਹੱਕ ਵਿੱਚ ਏਨੇ ਵੱਡੇ ਪੱਧਰ ਤੇ ਆ ਗਏ ਹਨ। ਉਨ੍ਹਾਂ ਨੇ ਪਿਛਲੇ ਸਾਰੇ ਜਥੇਦਾਰਾਂ ਨੂੰ ਪਿਛੇ ਛੱਡ ਦਿੱਤਾ ਹੈ। ਆਪਣੇ ਅਧਿਕਾਰ ਖੇਤਰ ਤੋਂ ਬਾਹਰ ਦੇ ਫੈਸਲੇ ਵੀ ਆਪ ਲੈਣ ਲੱਗੇ। ਸੁਖਬੀਰ ਸਿੰਘ ਬਾਦਲ ਪਰਦੇ ਪਿਛੇ ਰਹਿ ਕੇ ਜਥੇਦਾਰ ਸਾਹਿਬ ਤੋਂ ਰਾਜਨੀਤਕ ਕਿੜਾਂ ਵੀ ਕਢਵਾ ਰਹੇ ਹਨ। ਮਜਬੂਰੀ ਵੱਸ ਲਿਖਣਾ ਪੈ ਰਿਹਾ ਹੈ ਕਿ ਜਥੇਦਾਰ ਕੁਲਦੀਪ ਸਿੰਘ ਗੜਗੱਜ ਸਾਹਿਬ ਨੇ ਅਕਾਲ ਤਖਤ ਸਾਹਿਬ ਦੀ ਸਰਵਉਚਤਾ ਨੂੰ ਬਹੁਤ ਨੀਵੇਂ ਪੱਧਰ ਤੇ ਲੈ ਆਂਦਾ ਹੈ। ਹੁਣ ਮੁੱਖ ਮੰਤਰੀ ਨਾਲ ਆਢਾ ਲਾ ਲਿਆ ਹੈ। ਕਾਲਪਨਿਕ ਫੋਟੋਆਂ ਦੇ ਅਧਾਰ ਤੇ ਪੰਥ ਦੋਖੀ ਕਰਾਰ ਦੇ ਦੇਣਾ ਅਤੇ ਜਿਨ੍ਹਾਂ ਗੁਰੂ ਗ੍ਰੰਥ ਸਾਹਿਬ ਦੇ ਅੰਗ ਰੂੜੀਆਂ ਤੇ ਖਿਲਾਰ ਦਿੱਤੇ। ਉਨ੍ਹਾਂ ਦਾ ਸ਼ਾਂਤਮਈ ਵਿਰੋਧ ਕਰ ਰਹੀ ਸੰਗਤ ਤੇ ਗੋਲੀ ਚਲਾਉਣ ਵਾਲਿਆਂ ਨੂੰ ਕੋਈ ਉਚਾ ਲਕਬ ਦੇਣ ਨੂੰ ਕਾਹਲੇ ਹੋਏ ਜਾਪਦੇ ਹਨ।

ਸੋ ਅਖੀਰ ਵਿੱਚ ਸਿੱਖ ਪੰਥ ਨੂੰ ਬੇਨਤੀ ਹੈ ਕਿ ਇਕੱਠੇ ਹੋ ਕੇ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਨੂੰ ਬਹਾਲ ਕਰੀਏ, ਨਾਨਕਸ਼ਾਹੀ ਕੈਲੰਡਰ ਲਾਗੂ ਕਰਵਾਇਆ ਜਾਵੇ ਅਤੇ ਜਥੇਦਾਰ ਦੀ ਨਿਯੁਕਤੀ ਦੇ ਕਾਇਦੇ ਕਾਨੂੰਨ ਬਣਾਏ ਜਾਣ ਤਾਂ ਹੀ ਸਿੱਖ ਕੌਮ ਦਾ ਸਿਰ ਉੱਚਾ ਹੋ ਸਕਦਾ ਹੈ।

–0–

**ਸ਼ਬਦ ਵਿਚਾਰ** **ਸਫਾ 8 ਦਾ ਬਾਕੀ**

1. ਸੱਚਾਈ, ਦ੍ਰਿੜ੍ਹਤਾ, ਚੰਗਾ ਢੰਗ ਤਰੀਕਾ, ਜੀਵਨ ਜਾਚ ਦਾ ਅਦਰਸ਼ ਮਿੱਥਿਆ ਗਿਆ ਹੈ।

2. ਗਤਿ ਪਾਈਐ ਜਿਸ ਵਿੱਚ ਗਿਆਨ ਵਿਦਿਆ, ਸਮਝ, ਦਨਾਈ ਦੀ ਪ੍ਰਾਪਤੀ ਹੁੰਦੀ ਹੈ।

3. 'ਤਿਹ ਭਜੁ' ਹਰਿ ਵੇਲੇ ਚੰਗੀਆਂ ਸੋਚਾਂ ਸੋਚਣੀਆਂ ਤੇ ਉਨ੍ਹਾਂ ਦਾ ਅਭਿਆਸ ਕਰਦੇ ਰਹਿਣਾ।

4. ਵਰਤਮਾਨ ਸਮੇਂ ਦੀ ਜੁਗਤੀ ਨਾਲ ਸੰਭਾਲ਼ ਕਰਨੀ ਕਿਉਂਕਿ ਵਕਤ ਆਪਣੀ ਤੋਰ ਨਾਲ ਤੁਰਿਆ ਜਾ ਰਿਹਾ ਹੈ।

5. ਲੰਘਿਆ ਵਕਤ ਮੁੜ ਨਹੀਂ ਮਿਲਣਾ।

*ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥*

*ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥ (੭੯੪)*

# ਗੁਰੂ ਘਰ ਨੂੰ ਸਮਰਪਿਤ ਭਾਈ ਮਨੀ ਸਿੰਘ ਜੀ ਅਤੇ ਉਨ੍ਹਾਂ ਦੇ ਵੰਸ਼ਜ

-ਗਿਆਨੀ ਅਵਤਾਰ ਸਿੰਘ

**ਨੋਟ : ਇਸ ਲੇਖ 'ਚ ਸੰਨ ਦੇ ਨਾਲ਼-ਨਾਲ਼ ਸੰਮਤ ਦਾ ਵੀ ਜ਼ਿਕਰ ਹੈ ਕਿਉਂਕਿ ਭੱਟ ਵਹੀਆਂ 'ਚ ਸੰਮਤ ਦਰਜ ਹੈ, ਜੋ ਸੰਨ ਤੋਂ 57 ਸਾਲ ਅੱਗੇ ਹੁੰਦਾ ਹੈ। ਕਈ ਜਗ੍ਹਾ ਸੰਮਤ ਵੀ ਦੋ ਲਿਖੇ ਹਨ ਕਿਉਂਕਿ ਚੰਦ੍ਰਮਾ ਆਧਾਰਿਤ ਸੰਮਤ ਅਤੇ ਸੂਰਜ ਆਧਾਰਿਤ ਸੰਮਤ ਦੋ ਹੁੰਦੇ ਹਨ।**

ਗੁਰੂ ਕਾਲ ਦੇ ਇਤਿਹਾਸ ਨੂੰ ਵਾਚਿਆਂ ਜਾਪਦਾ ਹੈ ਕਿ ਬਹੁਤ ਥੋੜ੍ਹੇ ਗੁਰੂ ਪਿਆਰੇ ਹੋਏ ਹਨ, ਜਿਨ੍ਹਾਂ ਨੇ ਗੁਰੂ ਸਾਹਿਬਾਨ ਦੇ ਅੰਗ ਸੰਗ ਰਹਿ ਕੇ ਲੰਬੀ ਉਮਰ ਤੱਕ ਗੁਰੂ ਘਰ ਸੇਵਾ ਨਿਭਾਈ ਹੈ। ਉਨ੍ਹਾਂ ਵਿੱਚੋਂ ਪ੍ਰਮੁੱਖ ਨਾਂ ਹਨ 'ਬਾਬਾ ਬੁੱਢਾ ਜੀ, ਭਾਈ ਗੁਰਦਾਸ ਜੀ ਅਤੇ ਭਾਈ ਮਨੀ ਸਿੰਘ ਜੀ'। ਇਹ ਮਹਾਨ ਸ਼ਖ਼ਸੀਅਤਾਂ ਗੁਰੂ ਘਰ 'ਚ ਵਾਪਰਦੀ ਹਰ ਗਤੀਵਿਧੀ ਨਾਲ਼ ਜੁੜੀਆਂ ਰਹੀਆਂ ਹਨ।

ਬਾਬਾ ਬੁੱਢਾ ਜੀ ਦਾ ਜਨਮ 7 ਕੱਤਕ/6 ਅਕਤੂਬਰ ਜੂਲੀਅਨ 1506 (ਹੁਣ ਨਾਨਕਸ਼ਾਹੀ ਕੈਲੰਡਰ ਮੁਤਾਬਕ 21 ਅਕਤੂਬਰ 1506 ਕਿਉਂਕਿ ਜੂਲੀਅਨ ਕੈਲੰਡਰ ਤੋਂ ਈਸਵੀ ਕੈਲੰਡਰ ਹੁਣ ਤੱਕ 15 ਦਿਨ ਵਧ ਚੁਕਿਐ) ਨੂੰ ਹੋਇਆ। ਆਪ ਗੁਰੂ ਨਾਨਕ ਜੀ ਤੋਂ 37 ਸਾਲ ਛੋਟੇ ਸਨ ਅਤੇ 12 ਕੁ ਸਾਲ ਦੀ ਉਮਰ (ਸੰਨ 1518) 'ਚ ਗੁਰੂ ਨਾਨਕ ਜੀ ਨਾਲ ਆਪ ਦਾ ਮਿਲਾਪ ਹੋਇਆ, ਜੋ ਅੰਤਮ ਸਮੇਂ 13 ਨਵੰਬਰ ਜੂਲੀਅਨ 1631 (ਸਤਵੇਂ ਜਾਮੇ) ਤੱਕ ਯਾਨਿ 113 ਸਾਲ ਤੱਕ ਨਿਰੰਤਰ ਜਾਰੀ ਰਿਹਾ।



ਭਾਈ ਗੁਰਦਾਸ ਜੀ ਦਾ ਜਨਮ ਸੰਨ 1551 'ਚ ਹੋਇਆ। ਛੋਟੀ ਉਮਰ 'ਚ ਹੀ ਮਾਤਾ-ਪਿਤਾ ਦਾ ਦੇਹਾਂਤ ਹੋਣ ਕਾਰਨ ਆਪ ਜੀ ਦਾ ਪਾਲਣ ਪੋਸ਼ਣ ਗੁਰੂ ਅਮਰਦਾਸ ਜੀ ਦੀ ਦੇਖ ਰੇਖ 'ਚ ਹੋਇਆ। ਰਿਸ਼ਤੇਦਾਰੀ ਵਜੋਂ ਆਪ; ਗੁਰੂ ਅਮਰਦਾਸ ਜੀ ਦੇ ਭਤੀਜੇ ਸਨ। 3 ਵੈਸਾਖ/29 ਮਾਰਚ ਜੂਲੀਅਨ ਸੰਨ 1552 'ਚ ਗੁਰੂ ਅਮਰਦਾਸ ਜੀ ਗੁਰੂ ਨਾਨਕ ਜੋਤਿ ਦੇ ਤੀਸਰੇ ਵਾਰਸ ਬਣ ਗਏ ਯਾਨਿ ਭਾਈ ਗੁਰਦਾਸ ਜੀ ਬਚਪਨ ਤੋਂ ਹੀ ਗੁਰੂ ਸਾਹਿਬ ਦੇ ਚਰਨਾਂ ਨਾਲ ਜੁੜੇ ਰਹੇ ਤੇ ਅੰਤਮ ਸਮੇਂ 25 ਅਗਸਤ 1636 (ਸਤਵੇਂ ਜਾਮੇ) ਤੱਕ ਯਾਨਿ 85 ਸਾਲ ਗੁਰੂ ਘਰ ਨਾਲ ਜੁੜੇ ਰਹੇ।

ਭਾਈ ਮਨੀ ਸਿੰਘ ਜੀ ਦਾ ਜਨਮ 10 ਮਾਰਚ 1644 ਨੂੰ ਮੁਜ਼ੱਫਰਗੜ੍ਹ (ਪਾਕਿਸਤਾਨ) 'ਚ ਪਿਤਾ ਮਾਈ ਦਾਸ ਜੀ ਅਤੇ ਮਾਤਾ ਮਧਰੀ ਬਾਈ ਜੀ ਦੀ ਕੁੱਖੋਂ ਹੋਇਆ। ਇਸੇ ਸਾਲ ਗੁਰੂ ਹਰਿਰਾਇ ਸਾਹਿਬ ਜੀ 1 ਚੇਤ/27 ਫ਼ਰਵਰੀ ਜੂਲੀਅਨ 1644 ਨੂੰ ਗੁਰੂ ਨਾਨਕ ਜੋਤਿ ਦੇ ਸੱਤਵੇਂ ਵਾਰਸ ਬਣੇ। ਆਪ 13 ਕੁ ਸਾਲ ਦੀ ਉਮਰ 'ਚ ਪਹਿਲੀ ਵਾਰ ਸੰਨ 1657 'ਚ ਗੁਰੂ ਹਰਿਰਾਇ ਸਾਹਿਬ ਜੀ ਦੇ ਦਰਸ਼ਨਾਂ ਲਈ ਕੀਰਤਪੁਰ ਸਾਹਿਬ ਗਏ ਅਤੇ ਸੰਨ 1708 ਤੱਕ (51 ਸਾਲ) ਚਾਰ ਗੁਰੂ ਸਾਹਿਬਾਨ ਦੀ ਗੋਦ ਦਾ ਨਿੱਘ ਮਾਣਿਆ ਤੇ ਅੰਤਮ ਸਮੇਂ 25 ਹਾੜ/24 ਜੂਨ ਜੂਲੀਅਨ 1734 ਯਾਨਿ 77 ਸਾਲ ਤੱਕ ਸਿੱਖ ਕੌਮ ਦੇ ਸਿਰਮੌਰ ਕਾਰਜਾਂ 'ਚ ਭਾਗੀਦਾਰ ਬਣੇ।

ਉਕਤ ਤਿੰਨੇ ਮਹਾਨ ਸ਼ਖ਼ਸੀਅਤਾਂ ਨੂੰ ਦਰਬਾਰ ਸਾਹਿਬ (ਅੰਮ੍ਰਿਤਸਰ) ਅਤੇ ਅਕਾਲ ਤਖ਼ਤ ਸਾਹਿਬ ਵਿਖੇ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਮੁੱਖ ਗ੍ਰੰਥੀ ਸਾਹਿਬਾਨ ਅਤੇ ਜਥੇਦਾਰ ਅਕਾਲ ਤਖ਼ਤ ਸਾਹਿਬ ਵਜੋਂ ਸੇਵਾ ਨਿਭਾਉਣ ਦਾ ਮਾਣ ਵੀ ਪ੍ਰਾਪਤ ਹੈ। ਇਨ੍ਹਾਂ ਤਿੰਨੇ ਰੂਹਾਂ ਨੇ ਗੁਰੂ ਕਾਲ 'ਚ 1518 ਤੋਂ 1708 ਤੱਕ (190 ਸਾਲ) ਅਤੇ 1708 ਤੋਂ ਬਾਅਦ 26 ਸਾਲ ਯਾਨਿ ਕੁੱਲ 216 ਸਾਲ ਆਦਰਸ਼ ਉਮਰ ਬਤੀਤ ਕੀਤੀ।

ਭਾਈ ਮਨੀ ਸਿੰਘ ਜੀ ਅਤੇ ਉਨ੍ਹਾਂ ਦੇ ਵੰਸ਼ਜ ਦਾ ਗੁਰੂ ਘਰ 'ਚ ਰੋਲ ਬੜਾ ਪ੍ਰੇਰਨਾ ਦਾਇਕ ਹੈ, ਜਿਸ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ :

(1). ਗੁਰੂ ਅਰਜਨ ਸਾਹਿਬ ਜੀ ਦੁਆਰਾ ਸੰਨ 1597 'ਚ ਪਿੰਡ ਰੁਹੀਲਾ (ਜੋ ਹੁਣ ਹਰਿਗੋਬਿੰਦਪੁਰ ਹੈ) ਨਗਰ ਵਸਾਇਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸੰਨ 1613 'ਚ ਗਵਾਲੀਅਰ ਵਿਖੇ ਬੰਦੀ ਬਣਾਏ ਜਾਣ ਉਪਰੰਤ ਇਸ ਨਗਰ 'ਤੇ ਕਬਜ਼ਾ ਭਗਵਾਨ ਦਾਸ ਘੇਰੜ, ਉਸ ਦੇ ਪੁੱਤਰ ਰਤਨ ਚੰਦ ਤੇ ਚੰਦੂ ਦੇ ਪੁੱਤਰ ਕਰਮ ਚੰਦ ਨੇ ਕਰ ਲਿਆ। ਰਿਹਾਅ ਹੋਣ ਉਪਰੰਤ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਨਗਰ ਨੂੰ ਵਾਪਸ ਛੁਡਵਾਉਣ ਲਈ 27 ਸਤੰਬਰ ਤੋਂ 3 ਅਕਤੂਬਰ ਜੂਲੀਅਨ 1621 (3 ਕੱਤਕ/ਸੰਮਤ 1678) ਤੱਕ ਇੱਕ ਹਫ਼ਤਾ ਲੜਾਈ ਲੜੀ। ਇਨ੍ਹਾਂ ਤਿੰਨੇ ਦੋਖੀਆਂ ਨੂੰ ਮਾਰ ਕੇ ਮੀਰੀ ਪੀਰੀ ਦੇ ਮਾਲਕ ਨੇ ਪਹਿਲੀ ਜਿੱਤ ਹਾਸਲ ਕੀਤੀ। ਇਸ ਯੁੱਧ 'ਚ ਭੱਟ ਮਥਰਾ ਜੀ, ਭਾਈ ਪਰਾਗਾ ਜੀ (ਭਾਈ ਮਤੀ ਦਾਸ ਤੇ ਸਤੀ ਦਾਸ ਜੀ ਦੇ ਪੜਦਾਦਾ) ਅਤੇ ਭਾਈ ਮਨੀ ਸਿੰਘ ਦੇ ਦਾਦਾ ਜੀ ਦੇ ਭਰਾ ਭਾਈ ਨਾਨੂ ਜੀ, ਇਸ ਵੰਸ਼ 'ਚੋਂ ਪਹਿਲੇ ਸ਼ਹੀਦ ਹੋਏ। ਇਸ ਘਟਨਾ ਦਾ ਜ਼ਿਕਰ ਭੱਟ ਵਹੀ 'ਚ ਦਰਜ ਹੈ :

(2). ਗੁਰੂ ਹਰਿਰਾਇ ਸਾਹਿਬ ਜੀ ਦੀ ਫ਼ੌਜ ਵਿੱਚ 2200 ਘੋੜ ਸਵਾਰ ਅਤੇ ਬਹੁਤ ਸਾਰੇ ਪੈਦਲ ਫ਼ੌਜੀ ਸਨ। ਇਨ੍ਹਾਂ ਫ਼ੌਜੀਆਂ 'ਚ ਹੋਰਨਾਂ ਤੋਂ ਇਲਾਵਾ ਭਾਈ ਮਨੀ ਰਾਮ (ਭਾਈ ਮਨੀ ਸਿੰਘ), ਉਨ੍ਹਾਂ ਦੇ ਦੋ ਭਰਾ ਭਾਈ ਦਿਆਲਾ ਜੀ (ਸ਼ਹੀਦੀ 11 ਮੱਘਰ ਸੰਮਤ 1732/ 11 ਨਵੰਬਰ ਜੂਲੀਅਨ 1675), ਭਾਈ ਜੇਠਾ ਜੀ ਅਤੇ ਸ਼ਹੀਦ ਭਾਈ ਸੁਖੀਆ ਮਾਂਡਨ ਦੇ ਪੁੱਤਰ ਤੇ ਪੋਤੇ ਵੀ ਸ਼ਾਮਲ ਸਨ। ਸੋ ਇਸ ਸਮੇਂ ਭਾਈ ਮਨੀ ਸਿੰਘ ਜੀ ਮਹਾਨ ਯੋਧੇ ਸਨ, ਜਿਨ੍ਹਾਂ ਨੂੰ ਇੱਕ ਫ਼ੌਜੀ ਟੁਕੜੀ ਦਾ ਮੁਖੀ ਬਣਾ ਰੱਖਿਆ ਸੀ।

(3). 6 ਕੱਤਕ/6 ਅਕਤੂਬਰ ਜੂਲੀਅਨ 1661 ਦੇ ਦਿਨ ਗੁਰੂ ਹਰਿ ਰਾਇ ਸਾਹਿਬ ਜੋਤੀ-ਜੋਤਿ ਸਮਾ ਗਏ। ਤਦ ਬਾਬਾ ਰਾਮਰਾਇ ਦਿੱਲੀ ਵਿੱਚ ਸੀ। ਇਹ ਖ਼ਬਰ ਸੁਣ ਕੇ ਉਹ ਕੀਰਤਪੁਰ ਪੁੱਜਾ ਅਤੇ ਗੁਰਗੱਦੀ 'ਤੇ ਆਪਣਾ ਹੱਕ ਜਿਤਾਉਣ ਲੱਗਾ, ਪਰ ਉਸ ਦੇ ਤਿੰਨ ਨਿਜੀ ਸੇਵਾਦਾਰਾਂ (ਗੁਰਦਾਸ, ਗੁਰਬਖ਼ਸ਼ ਤੇ ਤਾਰਾ) ਤੋਂ ਇਲਾਵਾ ਕਿਸੇ ਨੇ ਉਸ ਦਾ ਸਾਥ ਨਾ ਦਿੱਤਾ। ਅਖ਼ੀਰ ਉਹ ਨਿਰਾਸ਼ ਹੋ ਕੇ ਦਿੱਲੀ ਪਰਤ ਗਿਆ। ਮਾਰਚ 1664 ਨੂੰ ਔਰੰਗਜ਼ੇਬ ਨਾਲ ਮਿਲ ਕੇ ਮਦਦ ਮੰਗੀ। ਔਰੰਗਜ਼ੇਬ ਨੇ ਰਾਮਰਾਇ ਦੀ ਮਦਦ ਕਰਨ ਲਈ ਗੁਰੂ ਹਰਕ੍ਰਿਸ਼ਨ ਸਾਹਿਬ ਨੂੰ ਰਾਜਾ ਜੈ ਸਿੰਘ ਮਿਰਜ਼ਾ ਦੇ ਦੀਵਾਨ ਪਰਸ ਰਾਮ ਰਾਹੀਂ ਦਿੱਲੀ ਬੁਲਾ ਲਿਆ। ਇਸ ਸਮੇਂ ਗੁਰੂ ਜੀ ਨਾਲ਼ ਮਾਤਾ ਸੁਲੱਖਣੀ ਜੀ, ਦੀਵਾਨ ਦਰਗਹ ਮੱਲ ਜੀ, ਭਾਈ ਦਰੀਆ ਪਰਮਾਰ ਜੀ, ਭਾਈ ਮਨੀ ਰਾਮ ਜੀ ਤੇ ਕੁਝ ਹੋਰ ਸਿੱਖ ਵੀ ਸਨ।

25 ਮਾਰਚ ਜੂਲੀਅਨ 1664 (ਚੰਦ੍ਰਮਾ ਆਧਾਰਿਤ ਚੇਤ ਸੁਦੀ 9, ਸੰਮਤ 1721/ਸੂਰਜ ਆਧਾਰਿਤ 29 ਚੇਤ ਸੰਮਤ 1720, ਚੇਤੇ ਰਹੇ ਕਿ ਇੱਥੋਂ ਸਾਲ ਦੀ ਆਰੰਭਤਾ ਹੋਣ ਕਾਰਨ ਦੋ ਸੰਮਤ 1721/1720 ਦਿੱਤੇ ਹਨ) ਨੂੰ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੀ ਔਰੰਗਜ਼ੇਬ ਨਾਲ਼ ਲਾਲ ਕਿਲ੍ਹੇ ਮੁਲਾਕਾਤ ਹੋਈ। ਤਦ ਗੁਰੂ ਜੀ ਨਾਲ਼ ਕੰਵਰ ਰਾਮ ਸਿੰਘ ਮਿਰਜ਼ਾ, ਦੀਵਾਨ ਦਰਗਹ ਮੱਲ ਜੀ, ਭਾਈ ਮਨੀ ਰਾਮ (ਭਾਈ ਮਨੀ ਸਿੰਘ) ਜੀ, ਗੁਰਬਖ਼ਸ਼ (ਰਾਮਰਾਇ ਦਾ ਸਾਥੀ ਤੇ ਉਸ ਦਾ ਮਸੰਦ) ਤੇ ਕੁਝ ਹੋਰ ਸਿੱਖ ਵੀ ਸਨ। ਇਸ ਘਟਨਾ ਦਾ ਵੇਰਵਾ ਇੰਞ ਦਰਜ ਹੈ :

(4). 30 ਮਾਰਚ 1664 (3 ਵੈਸਾਖ ਸੰਮਤ 1721) ਵਾਲ਼ੇ ਦਿਨ ਗੁਰੂ ਹਰਿਸ਼ਨ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਉਪਰੰਤ ਉਨ੍ਹਾਂ ਦਾ ਸਸਕਾਰ ਭੋਗਲ ਪਿੰਡ ਵਿੱਚ, ਜਮਨਾ ਦਰਿਆ ਦੇ ਕੰਢੇ 'ਤੇ ਕੀਤਾ ਗਿਆ। ਜੈ ਸਿੰਘ ਮਿਰਜ਼ਾ ਦੇ ਬੰਗਲੇ ਵਿੱਚ (ਗੁਰੂ) ਗ੍ਰੰਥ ਸਾਹਿਬ ਦਾ ਸਰੂਪ ਲਿਆ ਕੇ ਭੋਗ ਪਾਇਆ ਗਿਆ। ਭਾਈ ਗੁਰਦਾਸ (ਪੁੱਤਰ ਭਾਈ ਬਹਿਲੋ), ਦੀਵਾਨ ਦਰਗਹ ਮੱਲ, ਮੁਨਸ਼ੀ ਕਲਿਆਣ ਦਾਸ ਅਤੇ ਭਾਈ ਮਨੀ ਰਾਮ ਨੇ ਸਾਰਾ ਪਾਠ ਕੀਤਾ। ਦੋ ਕੁ ਹਫ਼ਤਿਆਂ 'ਚ ਪਾਠ ਦਾ ਭੋਗ ਪਿਆ। ਇਸ ਤੋਂ ਮਗਰੋਂ ਸਾਰੀ ਸੰਗਤ ਕੀਰਤਪੁਰ ਸਾਹਿਬ ਪਹੁੰਚੀ ਅਤੇ ਫਿਰ 11 ਅਗਸਤ ਜੂਲੀਅਨ 1664 (ਭਾਦਉਂ ਵਦੀ ਮੱਸਿਆ/11 ਭਾਦਉਂ ਸੰਮਤ 1721) ਦੇ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਬਕਾਲੇ ਜਾ ਕੇ ਗੁਰਗੱਦੀ ਸੌਂਪਣ ਦੀ ਰਸਮੀ ਅਰਦਾਸ ਕੀਤੀ, ਜਿਸ ਵਿੱਚ ਇਹ ਸਾਰੇ ਤੇ ਕੁਝ ਹੋਰ ਦਰਬਾਰੀ ਸਿੱਖ ਵੀ ਮੌਜੂਦ ਸਨ।

(5). ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਸਾਹਿਬਜ਼ਾਦਾ ਬਾਲਕ ਗੋਬਿੰਦ ਰਾਇ ਨੂੰ ਹਥਿਆਰ ਸਿਖਲਾਈ ਲਈ ਭਾਈ ਬਜਰ ਜੀ ਨੂੰ ਅਤੇ ਵਿਦਿਅਕ ਗਿਆਨ ਦੇਣ ਲਈ ਦੀਵਾਨ ਦਰਗਹ ਮੱਲ ਤੇ ਭਾਈ ਮਨੀ ਰਾਮ ਜੀ ਨੂੰ ਸੇਵਾ ਸੌਂਪੀ।

11 ਨਵੰਬਰ 1675 (11 ਮੱਘਰ ਸੰਮਤ 1732) 'ਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਉਪਰੰਤ ਭਾਈ ਮਨੀ ਰਾਮ ਜੀ ਦੇ ਸਹੁਰੇ ਭਾਈ ਲੱਖੀਸ਼ਾਹ ਵਣਜਾਰੇ ਨੇ, ਆਪਣੇ ਪੁੱਤਰਾਂ (ਭਾਈ ਨਿਗਾਹੀਆ, ਹੇਮਾ ਤੇ ਹਾੜੀ) ਦੀ ਮਦਦ ਨਾਲ, ਗੁਰੂ ਸਾਹਿਬ ਦਾ ਧੜ ਚੁੱਕ ਲਿਆਂਦਾ ਅਤੇ ਆਪਣੇ ਘਰ ਦੇ ਇੱਕ ਹਿੱਸੇ ਨੂੰ ਅੱਗ ਲਾ ਕੇ ਧੜ ਦਾ ਸਸਕਾਰ ਕੀਤਾ, ਜਿੱਥੇ ਹੁਣ ਗੁਰਦੁਆਰਾ ਰਕਾਬ ਗੰਜ ਸੁਭਾਇਮਾਨ ਹੈ।

(6). ਸੰਨ 1678 ਵਿੱਚ ਗੁਰੂ ਗੋਬਿੰਦ ਸਾਹਿਬ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਨਵਾਂ ਮੁਕੰਮਲ ਸਰੂਪ ਤਿਆਰ ਕਰਵਾਉਣ ਸਮੇਂ ਭਾਈ ਮਨੀ ਰਾਮ ਜੀ ਨੂੰ 'ਆਦਿ ਬੀੜ' ਲੈਣ ਲਈ ਧੀਰਮੱਲੀਆਂ ਕੋਲ ਭੇਜਿਆ। ਧੀਰਮੱਲ ਆਪ ਤਾਂ 16 ਨਵੰਬਰ 1677 ਦੇ ਦਿਨ ਔਰੰਗਜ਼ੇਬ ਦੀ ਕੈਦ 'ਚ ਮਰ ਚੁੱਕਾ ਸੀ ਤੇ ਉਸ ਦੇ ਵੱਡੇ ਪੁੱਤਰ ਰਾਮ ਚੰਦ ਨੂੰ 24 ਜੁਲਾਈ 1678 ਦੇ ਦਿਨ ਔਰੰਗਜ਼ੇਬ ਨੇ ਚਾਂਦਨੀ ਚੌਕ (ਦਿੱਲੀ) ਵਿਖੇ ਕਤਲ ਕਰਵਾ ਦਿੱਤਾ ਸੀ। ਰਾਮ ਚੰਦ ਮਗਰੋਂ ਉਸ ਦਾ ਛੋਟਾ ਭਰਾ (ਭਾਰਮੱਲ); ਧੀਰਮੱਲ ਦਾ ਵਾਰਸ ਬਣਿਆ।

ਅਗਸਤ 1678 'ਚ ਰਾਮ ਚੰਦ ਦੀ ਅੰਤਮ ਰਸਮ 'ਤੇ ਭਾਈ ਮਨੀ ਰਾਮ ਜੀ ਬਕਾਲੇ ਗਏ। ਰਸਮ ਪੂਰੀ ਹੋਣ ਮਗਰੋਂ ਭਾਈ ਸਾਹਿਬ ਨੇ ਭਾਰਮੱਲ ਨੂੰ ਆਖਿਆ ਕਿ ਗੁਰੂ ਸਾਹਿਬ ਨਵਾਂ ਸਰੂਪ ਤਿਆਰ ਕਰਨਾ ਚਾਹੁੰਦੇ ਹਨ। ਕੁਝ ਦਿਨਾਂ ਵਾਸਤੇ 'ਆਦਿ ਬੀੜ' ਦੇ ਦੇਵੇ। ਭਾਰਮੱਲ ਨੇ ਬੀੜ ਚੱਕ ਨਾਨਕੀ (ਅਨੰਦਪੁਰ ਸਾਹਿਬ) ਭੇਜਣ ਵਾਸਤੇ ਅਸਿੱਧੇ ਤਰੀਕੇ ਨਾਲ ਨਾ ਕਰ ਦਿੱਤੀ ਤੇ ਆਖਿਆ ਕਿ ਮੈਂ ਹੁਣ ਬਕਾਲਾ ਛੱਡ ਕਰਤਾਰਪੁਰ (ਜਲੰਧਰ) ਰਹਿਣ ਲੱਗਣਾ ਹੈ। ਗੁਰੂ ਸਾਹਿਬ ਕਿਸੇ ਨੂੰ ਉੱਥੇ ਭੇਜ ਕੇ 'ਆਦਿ ਬੀੜ' ਦਾ ਉਤਾਰਾ ਕਰਵਾ ਲੈਣ। ਇਸ ਮਗਰੋਂ ਗੁਰੂ ਸਾਹਿਬ ਨੇ ਭਾਈ ਮਨੀ ਰਾਮ (ਭਾਈ ਮਨੀ ਸਿੰਘ) ਜੀ ਨੂੰ ਨਾਲ ਲੈ ਕੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਸ਼ਾਮਲ ਕਰ ਦਮਦਮੀ ਸਰੂਪ; ਦਮਦਮਾ ਸਾਹਿਬ (ਅਨੰਦਪੁਰ ਸਾਹਿਬ) ਵਿਖੇ ਮੁਕੰਮਲ ਕੀਤਾ, ਇਸ ਲਈ 'ਦਮਦਮੀ ਬੀੜ' ਨਾਂ ਪ੍ਰਚਲਿਤ ਹੋਇਆ।

(7). ਗੁਰੂ ਗੋਬਿੰਦ ਸਾਹਿਬ ਜੀ ਨੇ ਸੰਨ 1691 ਦੀ ਵਿਸਾਖੀ ਨੂੰ ਭਾਈ ਮਨੀ ਰਾਮ ਜੀ ਨੂੰ ਦੀਵਾਨ ਨਿਯੁਕਤ ਕਰ ਦਿੱਤਾ। ਇਸ ਪਦਵੀ 'ਤੇ ਨਵੰਬਰ 1675 ਤੱਕ ਭਾਈ ਮਤੀ ਦਾਸ ਜੀ ਰਹੇ ਸਨ ਅਤੇ ਇਨ੍ਹਾਂ ਤੋਂ ਪਹਿਲਾਂ ਅਤੇ ਬਾਅਦ 'ਚ ਬਜ਼ੁਰਗ ਦਰਗਹ ਮੱਲ ਜੀ ਲੰਬਾ ਸਮਾਂ ਸੇਵਾ ਨਿਭਾਉਂਦੇ ਰਹੇ, ਜਿਨ੍ਹਾਂ ਦਾ 10 ਫ਼ਰਵਰੀ 1695 ਨੂੰ ਅਨੰਦਪੁਰ ਸਾਹਿਬ ਵਿਖੇ ਦੇਹਾਂਤ ਹੋ ਗਿਆ।

(8). ਫ਼ਰਵਰੀ 1698 'ਚ ਸਿੱਖਾਂ ਦੇ ਕਈ ਜੱਥੇ ਅਨੰਦਪੁਰ ਸਾਹਿਬ ਆਉਣ ਲੱਗੇ ਕਿਉਂਕਿ ਗੁਰੂ ਸਾਹਿਬ; ਖੇਡਾਂ, ਕੁਸ਼ਤੀਆਂ, ਗਤਕਾ, ਘੋੜ-ਸਵਾਰੀ, ਨੇਜ਼ਾਬਾਜ਼ੀ ਤੇ ਤਲਵਾਰ-ਅੰਦਾਜ਼ੀ ਦੇ ਮੁਕਾਬਲੇ ਕਰਾ ਰਹੇ ਸਨ। ਕੁਝ ਭੰਡਾਂ ਨੂੰ ਵੀ ਜੌਹਰ ਵਿਖਾਉਣ ਦਾ ਮੌਕਾ ਮਿਲਿਆ। ਉਨ੍ਹਾਂ ਨੇ ਮਸੰਦਾਂ ਨੂੰ ਲੁਟੇਰੇ, ਠੱਗ, ਹੈਂਕੜਬਾਜ਼, ਕੁਰਪਟ, ਬਦਇਖ਼ਲਾਕ ਅਤੇ ਅੱਯਾਸ਼ ਜਿਹੇ ਪੇਸ਼ ਕੀਤਾ। ਗੁਰੂ ਸਾਹਿਬ ਅੱਗੇ ਭਾਈ ਨਾਨੂ ਰਾਮ ਦਿਲਵਾਲੀ ਜੀ ਨੇ ਵੀ ਮਸੰਦਾਂ ਬਾਰੇ ਵਿਸਥਾਰ ਸਹਿਤ ਦੱਸਿਆ। ਗੁਰੂ ਸਾਹਿਬ ਨੇ ਦੀਵਾਨ ਮਨੀ ਰਾਮ (ਭਾਈ ਮਨੀ ਸਿੰਘ) ਜੀ ਨੂੰ ਹੁਕਮ ਕੀਤਾ ਕਿ ਸਾਰੇ ਮਸੰਦਾਂ ਨੂੰ ਮੁਸ਼ਕਾਂ ਦੇ ਕੇ ਅਨੰਦਪੁਰ ਸਾਹਿਬ ਲਿਆਂਦਾ ਜਾਏ। ਭਾਈ ਆਲਮ ਚੰਦ (ਆਲਮ ਸਿੰਘ) 'ਨੱਚਣਾ' ਸਮੇਤ ਚਾਰ ਹੋਰ ਸਿੰਘ ਵੀ ਭੇਜੇ, ਜਿਨ੍ਹਾਂ ਨੇ ਮਸੰਦਾਂ ਨੂੰ ਬੰਨ੍ਹ ਕੇ ਗੁਰੂ ਸਾਹਿਬ ਅੱਗੇ ਪੇਸ਼ ਕੀਤਾ।

ਗੁਰੂ ਸਾਹਿਬ ਨੇ ਮਸੰਦਾਂ ਦੀ ਪਰਖ ਕਰਕੇ ਸਖ਼ਤ ਸਜ਼ਾਵਾਂ ਦਿੱਤੀਆਂ। ਵੱਧ ਦੋਸ਼ੀਆਂ ਨੂੰ ਸਜ਼ਾਏ-ਮੌਤ ਸੁਣਾਈ। ਇਮਾਨਦਾਰ ਮਸੰਦਾਂ ਨੂੰ ਸਿਰੋਪਾਓ ਭੇਟ ਕੀਤੇ ਗਏ, ਇਨ੍ਹਾਂ 'ਚ ਭਾਈ ਬਖ਼ਤ ਮੱਲ ਸੂਰੀ (ਜਲਾਲਪੁਰ ਜੱਟਾਂ) ਤੇ ਭਾਈ ਸੰਗਤ/ਭਾਈ ਫੇਰੂ (ਮੀਆਂ ਕੀ ਮੌੜ, ਲਾਹੌਰ) ਆਦਿ ਸ਼ਾਮਲ ਸਨ। ਇਸ ਘਟਨਾ ਤੋਂ ਬਾਅਦ ਗੁਰੂ ਸਾਹਿਬ ਨੇ ਮਸੰਦ ਪ੍ਰਥਾ ਖ਼ਤਮ ਕਰ ਦਿੱਤੀ ਅਤੇ ਸਾਰੇ ਸਿੱਖਾਂ ਨੂੰ 'ਖਾਲਸਾ' ਹੋਣ ਦਾ ਐਲਾਨ ਕਰ ਦਿੱਤਾ। ਅਗਲੇ ਹੀ ਸਾਲ ਦੀ ਵਿਸਾਖੀ (ਸੰਨ 1699) ਨੂੰ ਖ਼ਾਲਸਾ ਪੰਥ ਦੀ ਰੂਪ ਰੇਖਾ ਬਣਾਈ ਗਈ, ਜਿਸ ਦਾ ਪ੍ਰਬੰਧ ਦੀਵਾਨ ਭਾਈ ਮਨੀ ਰਾਮ ਜੀ ਨੂੰ ਸੌਂਪਿਆ ਗਿਆ। ਇਸ ਅਨੋਖੇ ਸਮਾਗਮ ਦੀ ਅਰੰਭਤਾ ਕੀਰਤਨ ਤੋਂ ਬਾਅਦ ਭਾਈ ਮਨੀ ਰਾਮ ਜੀ ਦੁਆਰਾ ਕੀਤੀ ਸ਼ਬਦ ਵਿਚਾਰ ਨਾਲ਼ ਹੋਈ।

ਪੰਜ ਪਿਆਰਿਆਂ (ਭਾਈ ਦਇਆ ਰਾਮ, ਭਾਈ ਮੁਹਕਮ ਚੰਦ, ਭਾਈ ਸਾਹਿਬ ਚੰਦ, ਭਾਈ ਧਰਮ ਚੰਦ, ਭਾਈ ਹਿੰਮਤ ਚੰਦ) ਦੁਆਰਾ ਅੰਮ੍ਰਿਤਪਾਨ ਕਰਨ ਉਪਰੰਤ, ਪੰਜ ਮੁਕਤਿਆਂ (ਦੇਵਾ ਰਾਮ, ਰਾਮ ਚੰਦ, ਟਹਿਲ ਦਾਸ, ਈਸ਼ਰ ਦਾਸ, ਤੇ ਫ਼ਤਹਿ ਚੰਦ) ਨੇ ਪਾਹੁਲ ਗ੍ਰਹਿਣ ਕੀਤੀ ਅਤੇ ਆਪਣੇ ਨਾਵਾਂ ਨਾਲ 'ਸਿੰਘ' ਸ਼ਬਦ ਲਗਾਇਆ। ਇਨ੍ਹਾਂ ਦਸਾਂ ਤੋਂ ਬਾਅਦ ਪੰਜ

ਪਿਆਰਿਆਂ ਨੇ ਭਾਈ ਮਨੀ ਸਿੰਘ, ਉਨ੍ਹਾਂ ਦੇ ਛੇ ਪੁੱਤਰਾਂ (ਭਾਈ ਚਿਤਰ ਸਿੰਘ, ਬਚਿਤਰ ਸਿੰਘ, ਭਾਈ ਉਦੈ ਸਿੰਘ, ਭਾਈ ਅਨਿਕ ਸਿੰਘ, ਭਾਈ ਅਜਬ ਸਿੰਘ ਤੇ ਭਾਈ ਅਜਾਇਬ ਸਿੰਘ), ਭਾਈ ਚੌਪਾ ਸਿੰਘ, ਭਾਈ ਧਰਮ ਸਿੰਘ, ਭਾਈ ਆਲਮ ਸਿੰਘ 'ਨੱਚਣਾ' ਤੇ ਭਾਈ ਗੁਰਬਖਸ਼ ਸਿੰਘ (ਰਾਮ ਕੰਵਰ); ਕੁੱਲ 11 ਸਿੱਖਾਂ ਨੇ ਖੰਡੇ ਦੀ ਪਾਹੁਲ ਲਈ। ਇਨ੍ਹਾਂ ਵਿੱਚ ਜ਼ਿਆਦਾਤਰ ਉਹ ਸ਼ਖ਼ਸ ਸਨ, ਜੋ ਪ੍ਰਬੰਧਕੀ ਸੇਵਾ ਨਿਭਾ ਰਹੇ ਸਨ।

ਉਕਤ ਵਿਸਾਖੀ ਤੋਂ ਕੁਝ ਸਾਲ ਪਹਿਲਾਂ ਤੋਂ ਹੀ ਵਿਸਾਖੀ ਵਾਲ਼ੇ ਦਿਨ ਗੁਰੂ ਸਾਹਿਬ; ਸਿੱਖ ਸੰਗਤਾਂ ਨੂੰ ਅਨੰਦਪੁਰ ਸਾਹਿਬ ਬੁਲਾਉਣਾ ਸ਼ੁਰੂ ਕਰ ਚੁੱਕੇ ਸਨ। ਗੁਰੂ ਦੇ ਚੱਕ (ਅੰਮ੍ਰਿਤਸਰ) ਤੋਂ ਕਾਫ਼ੀ ਸੰਗਤ ਅਨੰਦਪੁਰ ਸਾਹਿਬ ਆਉਂਦੀ ਸੀ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਅਰਜ਼ ਕੀਤੀ ਕਿ ਮੀਣੇ (ਪ੍ਰਿਥੀ ਚੰਦ ਦੇ ਵਾਰਸ) ਗੁਰੂ ਦਾ ਚੱਕ ਛੱਡ ਗਏ ਹਨ। ਉੱਥੋਂ ਦੀ ਸੇਵਾ ਸੰਭਾਲ ਲਈ ਕੁੱਝ ਸਿੱਖਾਂ ਨੂੰ ਭੇਜਿਆ ਜਾਵੇ। ਗੁਰੂ ਸਾਹਿਬ ਨੇ ਭਾਈ ਮਨੀ ਰਾਮ (ਸਿੰਘ) ਨੂੰ ਪੰਜ ਹੋਰ ਸਾਥੀ ਸਮੇਤ ਗੁਰੂ ਦਾ ਚੱਕ ਜਾਣ ਦਾ ਹੁਕਮ ਕੀਤਾ। ਇਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦਾ ਦਮਦਮੀ ਸਰੂਪ ਵੀ ਭੇਟ ਕੀਤਾ।

(ਨੋਟ : ਜੇਕਰ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਾ; ਦਮਦਮਾ ਤਲਵੰਡੀ ਸਾਬੋ ਵਿਖੇ ਕੀਤੀ ਮੰਨੀ ਜਾਵੇ ਤਾਂ ਭਾਈ ਮਨੀ ਰਾਮ ਜੀ ਗੁਰੂ ਦੇ ਚੱਕ (ਦਰਬਾਰ ਸਾਹਿਬ, ਅੰਮ੍ਰਿਤਸਰ) ਵਿਖੇ, ਜੋ ਸਿੱਖੀ ਦਾ ਕੇਂਦਰੀ ਸਥਾਨ ਰਿਹਾ ਹੈ, ਓਥੇ ਸਿੱਖ ਸੰਗਤਾਂ 'ਚ ਕਿਵੇਂ ਸੇਵਾ ਨਿਭਾਉਂਦੇ ?)

(9). 30 ਅਗਸਤ ਜੂਲੀਅਨ 1700 (30 ਭਾਦਉਂ, ਸੰਮਤ 1757) ਨੂੰ ਅਜਮੇਰ ਚੰਦ ਤੇ ਉਸ ਦੇ ਸਾਥੀਆਂ ਦੀਆਂ ਫ਼ੌਜਾਂ ਨੇ ਕਿਲ੍ਹਾ ਫ਼ਤਹਿਗੜ੍ਹ 'ਤੇ ਹਮਲਾ ਕਰ ਦਿੱਤਾ। ਇਸ ਕਿਲ੍ਹੇ ਦੀ ਕੇਸਗੜ੍ਹ ਸਾਹਿਬ ਵਾਲੇ ਪਾਸੇ ਵੱਲ ਦੀ ਕੰਧ ਅਜੇ ਅਧੂਰੀ ਸੀ। ਇਸ ਕਿਲ੍ਹੇ ਦਾ ਜਥੇਦਾਰ ਭਾਈ ਭਗਵਾਨ ਸਿੰਘ (ਪੁੱਤਰ ਭਾਈ ਮਨੀ ਸਿੰਘ) ਸੀ। ਭਾਈ ਭਗਵਾਨ ਸਿੰਘ ਜੀ ਦੀ ਜਥੇਦਾਰੀ ਹੇਠ ਗਿਣਤੀ ਦੇ ਸਿੰਘਾਂ ਨੇ ਹੀ ਪਹਾੜੀ ਫ਼ੌਜਾਂ ਦਾ ਡਟ ਕੇ ਮੁਕਾਬਲਾ ਕੀਤਾ ਤੇ ਬਹੁਤ ਸਾਰੇ ਪਹਾੜੀ ਫ਼ੌਜੀ ਮਾਰ ਮੁਕਾਏ। ਸ਼ਾਮ ਹੋਣ ਤੱਕ ਪਹਾੜੀ ਫ਼ੌਜਾਂ ਮੈਦਾਨ ਛੱਡ ਕੇ ਦੌੜ ਗਈਆਂ। ਇਸ ਲੜਾਈ 'ਚ ਭਾਈ ਭਗਵਾਨ ਸਿੰਘ, ਭਾਈ ਜਵਾਹਰ ਸਿੰਘ (ਪੁੱਤਰ ਭਾਈ ਲੱਖੀਸ਼ਾਹ ਵਣਜਾਰਾ), ਭਾਈ ਨੰਦ ਸਿੰਘ (ਪੁੱਤਰ ਭਾਈ ਆਲਮ ਸਿੰਘ, ਪੋਤਾ ਭਾਈ ਦਰੀਆ) ਸ਼ਹੀਦ ਹੋ ਗਏ।

ਤੀਜੇ ਦਿਨ ਪਹਿਲੀ ਸਤੰਬਰ ਨੂੰ ਜਦੋਂ ਮਦ ਮਸਤ ਹਾਥੀ ਲੋਹਗੜ੍ਹ ਵੱਲ ਆਇਆ ਤਾਂ ਭਾਈ ਮਨੀ ਸਿੰਘ ਦੇ ਸਪੁੱਤਰ ਭਾਈ ਬਚਿਤਰ ਸਿੰਘ ਜੀ ਨੇ ਪੂਰੇ ਜ਼ੋਰ ਨਾਲ਼ ਬਰਛਾ ਮਾਰਿਆ, ਜੋ ਹਾਥੀ ਦੇ ਮੱਥੇ 'ਤੇ ਬੰਨ੍ਹੀਆਂ ਤਵੀਆਂ ਵਿੰਨ੍ਹ ਕੇ, ਅੰਦਰ ਜਾ ਧਸਿਆ। ਹਾਥੀ ਦਰਦ ਨਾਲ ਚਿੰਘਾੜਦਾ ਪਿਛਾਂਹ ਭੱਜਿਆ। ਉਸ ਦੇ ਪੈਰਾਂ ਹੇਠ ਆ ਕੇ ਬਹੁਤ ਸਾਰੇ ਪਹਾੜੀ ਫ਼ੌਜੀ ਮਾਰੇ ਗਏ। ਉਧਰ ਭਾਈ ਮਨੀ ਸਿੰਘ ਜੀ ਦਾ ਦੂਸਰਾ ਸਪੁੱਤਰ ਭਾਈ ਉਦੈ ਸਿੰਘ ਜੀ ਤੇਜ਼ੀ ਨਾਲ ਘੋੜਾ ਦੌੜਾ ਕੇ ਕੇਸਰੀ ਚੰਦ ਵੱਲ ਵਧਿਆ, ਜਿਸ ਨੇ ਗੁਰੂ ਸਾਹਿਬ ਦਾ ਸਿਰ ਕੱਟਣ ਦੀ ਕਸਮ ਖਾਧੀ ਸੀ, ਭਾਈ ਉਦੈ ਸਿੰਘ ਨੇ ਕਿਰਪਾਨ ਦੇ ਇੱਕੋ ਵਾਰ ਨਾਲ ਕੇਸਰੀ ਚੰਦ ਦਾ ਸਿਰ ਵੱਢ ਲਿਆ ਤੇ ਨੇਜ਼ੇ 'ਤੇ ਰੱਖ ਅਨੰਦਗੜ੍ਹ ਕਿਲ੍ਹੇ ਅੰਦਰ ਲਿਆ ਕੇ ਗੁਰੂ ਸਾਹਿਬ ਦੇ ਚਰਨਾਂ 'ਚ ਰੱਖ ਦਿੱਤਾ।

ਰਾਜਾ ਕੇਸਰੀ ਚੰਦ ਦੇ ਮਰਨ ਮਗਰੋਂ ਭਾਈ ਮਨੀ ਸਿੰਘ, ਭਾਈ ਸ਼ੇਰ ਸਿੰਘ ਤੇ ਭਾਈ ਨਾਹਰ ਸਿੰਘ ਦੀ ਅਗਵਾਈ 'ਚ ਸਿੰਘਾਂ ਨੇ ਬਹੁਤ ਸਾਰੇ ਪਹਾੜੀ ਫ਼ੌਜੀ ਮਾਰ ਦਿੱਤੇ। ਲੋਹਗੜ੍ਹ ਕਿਲ੍ਹੇ ਦੇ ਬਾਹਰ ਚਰਨ ਗੰਗਾ ਮੈਦਾਨ 'ਚ ਪਹਾੜੀ ਫ਼ੌਜੀਆਂ ਦੀਆਂ ਲਾਸ਼ਾਂ ਦੇ ਢੇਰ ਲੱਗ ਗਏ। ਇਸ ਲੜਾਈ ਪਿੱਛੋਂ ਅਜਮੇਰ ਚੰਦ ਤੇ ਸਾਰੇ ਪਹਾੜੀ ਰਾਜੇ ਆਪਣੀਆਂ ਫ਼ੌਜਾਂ ਲੈ ਕੇ ਭੱਜ ਗਏ । ਇਸ ਲੜਾਈ 'ਚ ਭਾਈ ਮਨੀ ਸਿੰਘ ਜੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ, ਜੋ ਕਿਸੇ ਕੰਮ ਲਈ ਅੰਮ੍ਰਿਤਸਰ ਤੋਂ ਆਏ ਸਨ। ਭਾਈ ਆਲਮ ਸਿੰਘ (ਭਾਈ ਮਨੀ ਸਿੰਘ ਦੇ ਦਾਦੇ ਬੱਲੂ ਦੇ ਭਰਾ ਦਰੀਆ ਦਾ ਪੁੱਤਰ), ਸੁੱਖਾ ਸਿੰਘ (ਭਤੀਜਾ ਭਾਈ ਮਨੀ ਸਿੰਘ), ਖੁਸ਼ਹਾਲ ਸਿੰਘ (ਪੁੱਤਰ ਭਾਈ ਮੱਖਣ ਸ਼ਾਹ ਲੁਬਾਣਾ) ਸ਼ਹੀਦੀਆਂ ਪਾ ਗਏ।

(10). ਅਜਮੇਰ ਚੰਦ ਨੇ ਆਪਣੇ ਵਜ਼ੀਰ ਪੰਡਿਤ ਪਰਮਾਨੰਦ ਰਾਹੀਂ ਸਰਹੰਦ ਦੇ ਫ਼ੌਜਦਾਰ ਵਜ਼ੀਰ ਖ਼ਾਨ ਨਾਲ਼ ਸੰਪਰਕ ਕੀਤਾ ਅਤੇ ਕਿਹਾ ਕਿ ਇਸ ਵਕਤ ਗੁਰੂ ਗੋਬਿੰਦ ਸਿੰਘ ਇੱਕ ਪਹਾੜੀ 'ਤੇ ਤੰਬੂ ਗੱਡ ਕੇ ਬੈਠੇ ਹਨ। ਉਸ ਨਾਲ਼ ਥੋੜ੍ਹੇ ਜਿਹੇ ਸਿੱਖ ਹਨ। ਉਨ੍ਹਾਂ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਪੰਡਿਤ ਪਰਮਾਨੰਦ ਨੇ ਅਜਮੇਰ ਚੰਦ ਵੱਲੋਂ ਭੇਜੀ ਕੁਝ ਰਕਮ ਵੀ ਵਜ਼ੀਰ ਖ਼ਾਨ ਨੂੰ ਭੇਟ ਕੀਤੀ। ਵਜ਼ੀਰ ਖ਼ਾਨ ਨੇ ਆਪਣੇ ਇੱਕ ਜਰਨੈਲ ਰੁਸਤਮ ਖ਼ਾਨ ਨੂੰ ਫ਼ੌਜ ਦੇ ਕੇ ਨਿਰਮੋਹਗੜ੍ਹ ਵੱਲ ਭੇਜਿਆ। ਉਧਰ ਜਦੋਂ ਭਾਈ ਚਿਤਰ ਸਿੰਘ ਤੇ ਭਾਈ ਬਚਿਤਰ ਸਿੰਘ (ਦੋਵੇਂ ਪੁੱਤਰ ਭਾਈ ਮਨੀ ਸਿੰਘ) ਨੂੰ ਪਤਾ ਲੱਗਾ ਕਿ ਰੁਸਤਮ ਖ਼ਾਨ ਨਿਰਮੋਹਗੜ੍ਹ ਵੱਲ ਚੜ੍ਹਾਈ ਕਰਨ ਤੁਰ ਪਿਆ ਹੈ ਤਾਂ ਉਨ੍ਹਾਂ ਕਿਹਾ ਕਿ ਉਹ ਮੂਹਰੇ ਜਾ ਕੇ ਉਸ ਪਠਾਣ ਜਰਨੈਲ ਨਾਲ ਆਹਮੋ-ਸਾਹਮਣੇ ਹੋ ਕੇ ਹੱਥੋ-ਹੱਥ ਲੜਾਈ ਕਰਨਗੇ।12 ਅਕਤੂਬਰ 1700 (12 ਕੱਤਕ, ਸੰਮਤ 1757) ਦੇ ਦਿਨ ਰੁਸਤਮ ਖ਼ਾਨ ਤੇ ਉਸ ਦਾ ਭਰਾ ਨਾਸਰ ਖ਼ਾਨ ਅਲੀ ਫ਼ੌਜ ਲੈ ਕੇ ਆ ਗਿਆ। ਉਨ੍ਹਾਂ ਨੇ ਆਉਂਦਿਆਂ ਹੀ ਨਿਰਮੋਹਗੜ੍ਹ ਦੀ ਟਿੱਬੀ ਤੋਂ ਥੋੜ੍ਹੀ ਦੂਰ ਸ਼ਾਹੀ ਟਿੱਬੀ 'ਤੇ ਮੋਰਚਾ ਲਾ ਕੇ ਗੁਰੂ ਜੀ ਵੱਲ ਤੋਪ ਦਾ ਗੋਲ਼ਾ ਚਲਾਇਆ, ਜਿਸ ਨਾਲ਼ ਗੁਰੂ ਜੀ ਦਾ ਚੌਰ-ਬਰਦਾਰ ਭਾਈ ਰਾਮ ਸਿੰਘ ਕਸ਼ਮੀਰੀ ਸ਼ਹੀਦੀ ਪਾ ਗਿਆ। ਗੁਰੂ ਸਾਹਿਬ ਨੇ ਤੁਰੰਤ ਤੀਰ ਚਲਾਇਆ ਤੇ ਰੁਸਤਮ ਖ਼ਾਨ ਮਾਰਿਆ ਗਿਆ। ਇਸ ਤੋਂ ਬਾਅਦ ਭਾਈ ਮਨੀ ਸਿੰਘ ਜੀ ਦੇ ਸਪੁੱਤਰ ਭਾਈ ਉਦੈ ਸਿੰਘ ਜੀ ਦੇ ਤੀਰ ਨਾਲ ਨਾਸਰ ਖ਼ਾਨ ਵੀ ਮਾਰਿਆ ਗਿਆ। ਦੋਵੇਂ ਭਰਾਵਾਂ ਦੇ ਮਰਨ ਉਪਰੰਤ ਫ਼ੌਜਾਂ ਬਹੁਤੀ ਦੇਰ ਨਾ ਟਿੱਕ ਸਕੀਆਂ। ਆਖ਼ਿਰ ਸਰਹੰਦ ਵੱਲ ਭੱਜ ਗਈਆਂ। ਇਸ ਲੜਾਈ 'ਚ ਭਾਈ ਰਾਮ ਸਿੰਘ, ਭਾਈ ਹਿੰਮਤ ਸਿੰਘ ਤੇ ਭਾਈ ਮੋਹਰ ਸਿੰਘ ਜੀ ਸ਼ਹੀਦੀਆਂ ਪਾ ਗਏ।

(11). ਬਸਾਲੀ ਰਹਿੰਦਿਆਂ ਗੁਰੂ ਜੀ 20 ਅਕਤੂਬਰ 1700 ਦੇ ਦਿਨ ਸ਼ਿਕਾਰ ਖੇਡਣ ਨੇੜੇ ਦੀਆਂ ਪਹਾੜੀਆਂ 'ਤੇ ਗਏ। ਇੱਕ ਬਘਿਆੜ ਦਾ ਪਿੱਛਾ ਕਰਦਿਆਂ ਆਪ ਬਸਾਲੀ ਤੋਂ 24 ਕਿਲੋਮੀਟਰ ਦੂਰ ਖੇੜਾ ਅਤੇ ਕਲਮੋਟ ਦੀਆਂ ਪਹਾੜੀਆਂ ਵੱਲ ਨਿਕਲ ਗਏ। ਇੱਥੇ ਕਲਮੋਟ ਦੇ ਰੰਘੜਾਂ ਅਤੇ ਗੁੱਜਰਾਂ ਨੇ ਸਿੱਖਾਂ 'ਤੇ ਹਮਲਾ ਕਰ ਦਿੱਤਾ ਅਤੇ ਭਾਈ ਜੀਵਨ ਸਿੰਘ ਜੀ (ਸਪੁੱਤਰ ਭਾਈ ਪ੍ਰੇਮਾ ਜੀ ਅਤੇ ਪੋਤਾ ਭਾਈ ਮੂਲਾ ਜੀ, ਜੋ ਰਿਸ਼ਤੇ 'ਚ ਭਾਈ ਮਨੀ ਸਿੰਘ ਜੀ ਦਾ ਚਾਚਾ ਸੀ) ਮਾਰੇ ਗਏ। ਇਸ ਘਟਨਾ ਤੋਂ ਬਾਅਦ ਸਿੱਖਾਂ ਨੇ ਰੰਘੜਾਂ ਤੇ ਗੁੱਜਰਾਂ ਨੂੰ ਅਜਿਹਾ ਸੋਧਾ ਲਾਇਆ ਕਿ ਉਨ੍ਹਾਂ ਨੇ ਗੁਰੂ ਜੀ ਤੋਂ ਮੁਆਫ਼ੀ ਮੰਗ ਕੇ ਜਾਨ ਬਚਾਈ।

(12). 6 ਦਸੰਬਰ ਜੂਲੀਅਨ, 1705 (7 ਪੋਹ, ਸੰਮਤ 1762) 'ਚ ਗੁਰੂ ਸਾਹਿਬ ਅਤੇ ਪਹਾੜੀ ਫ਼ੌਜਾਂ ਦੀ ਲੰਬੀ ਲੜਾਈ ਤੋਂ ਬਾਅਦ ਅਨੰਦਪੁਰ ਸਾਹਿਬ ਛੱਡਣ ਸਮੇਂ ਓਥੇ ਗੁਰੂ ਸਾਹਿਬ, ਮਾਤਾ ਗੁਜਰੀ ਜੀ, ਚਾਰ ਸਾਹਿਬਜ਼ਾਦੇ ਅਤੇ ਤਕਰੀਬਨ ਪੰਜ ਕੁ ਸੌ ਸਿੰਘ ਹੀ ਬਚੇ ਸਨ, ਜਿਨ੍ਹਾਂ ਨੂੰ ਜਥਿਆਂ 'ਚ ਵੰਡਿਆ ਗਿਆ। ਇਨ੍ਹਾਂ ਜਥਿਆਂ ਦੀ ਅਗਵਾਈ ਭਾਈ ਮਨੀ ਸਿੰਘ ਜੀ ਦੇ ਦੋ ਸਪੁੱਤਰ ਭਾਈ ਉਦੈ ਸਿੰਘ ਜੀ ਅਤੇ ਭਾਈ ਬਚਿਤਰ ਸਿੰਘ ਜੀ ਕਰ ਰਹੇ ਸਨ ਅਤੇ ਇੱਕ ਹੋਰ ਜਥੇ ਦੀ ਅਗਵਾਈ ਭਾਈ ਜੈਤਾ ਸਿੰਘ ਜੀ ਕਰ ਰਹੇ ਸਨ, ਜੋ ਗੁਰੂ ਜੀ ਦਾ ਸੀਸ ਦਿੱਲੀਓਂ ਲੈ ਕੇ ਆਏ ਸੀ। ਸਭ ਤੋਂ ਬਾਅਦ 'ਚ ਭਾਈ ਜੈਤਾ ਜੀ ਦੇ ਜਥੇ ਨੇ ਅਨੰਦਪੁਰ ਸਾਹਿਬ ਨੂੰ ਛੱਡਿਆ, ਜਿਸ ਕਾਰਨ ਪਹਾੜੀ ਰਾਜਿਆਂ ਦੁਆਰਾ ਖਾਧੀਆਂ ਕਸਮਾਂ ਨੂੰ ਭੁਲਾ ਕੇ ਕੀਤੇ ਪਿਛਲੇ ਪਾਸਿਓਂ ਹਮਲੇ ਨਾਲ਼ ਲੜਦਿਆਂ ਸਭ ਤੋਂ ਪਹਿਲਾਂ ਇਨ੍ਹਾਂ ਦੇ ਜਥੇ ਨੇ

ਹੀ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਦੂਜੀ ਲੜਾਈ ਸ਼ਾਹੀ ਟਿੱਬੀ 'ਤੇ ਭਾਈ ਉਦੈ ਸਿੰਘ ਜੀ ਦੇ ਜਥੇ ਨਾਲ਼ ਹੋਈ, ਜਿਨ੍ਹਾਂ ਨੇ ਦਸਵੇਂ ਪਾਤਸ਼ਾਹ ਵਰਗਾ ਜੋੜਾ ਜਾਮਾ ਪਹਿਨਿਆ ਹੋਇਆ ਸੀ। ਅਜਮੇਰ ਚੰਦ ਨੇ ਭਾਈ ਉਦੈ ਸਿੰਘ ਦੇ ਕੱਪੜਿਆਂ ਨੂੰ ਵੇਖ ਗੁਰੂ ਗੋਬਿੰਦ ਸਿੰਘ ਸਾਹਿਬ ਮੰਨ ਲਿਆ ਤੇ ਸਿਰ ਕੱਟ ਕੇ ਰੋਪੜ ਦੇ ਨਵਾਬ ਵੱਲ ਭੇਜ ਦਿੱਤਾ ਤੇ ਕਹਿਣਾ ਸ਼ੁਰੂ ਕਰ ਦਿੱਤਾ 'ਅਸੀਂ ਗੁਰੂ ਨੂੰ ਮਾਰ ਲਿਆ ਹੈ।'

ਭਾਈ ਬਚਿੱਤਰ ਸਿੰਘ ਜੀ ਦਾ ਜਥਾ ਸਭ ਤੋਂ ਅੱਗੇ ਸੀ, ਜੋ ਸਰਸਾ ਨਦੀ ਪਾਰ ਕਰਦਿਆਂ ਰੰਗੜਾਂ ਨਾਲ਼ ਲੜਿਆ। ਇਸ ਵਿੱਚ ਭਾਈ ਸਾਹਿਬ ਬਹੁਤ ਜ਼ਖ਼ਮੀ ਹੋ ਗਏ ਅਤੇ ਪਿੱਛੇ ਆ ਰਹੇ ਗੁਰੂ ਸਾਹਿਬ ਦੇ ਜਥੇ ਨੇ ਆਪ ਨੂੰ ਨਿਹੰਗ ਖਾਨ ਦੇ ਘਰ (ਰੋਪੜ) ਪਹੁੰਚਾਇਆ। ਨਿਹੰਗ ਖਾਨ ਦੀ ਬੇਟੀ ਬੀਬੀ ਮੁਮਤਾਜ ਨੇ ਉਨ੍ਹਾਂ ਦੀ ਬੜੀ ਸੇਵਾ ਕੀਤੀ, ਪਰ ਗਹਿਰੇ ਜ਼ਖ਼ਮ ਕਾਰਨ ਭਾਈ ਬਚਿੱਤਰ ਸਿੰਘ ਜੀ 8 ਦਸੰਬਰ 1705 ਨੂੰ ਸ਼ਹੀਦੀ ਪਾ ਗਏ। ਆਪ ਦਾ ਸਸਕਾਰ ਭਾਈ ਗਰਸਾ ਸਿੰਘ ਗਹੂਣੀਆਂ ਸੈਣੀ ਅਤੇ ਭਾਈ ਬੱਗਾ ਸਿੰਘ ਤਰਖਾਣ ਨੇ ਰਾਤੋ-ਰਾਤ ਕਰ ਦਿੱਤਾ।

(13). ਚਮਕੌਰ ਸਾਹਿਬ ਵਿਖੇ ਸ਼ਹੀਦ ਹੋਣ ਵਾਲੇ 40 ਸਿੰਘਾਂ 'ਚ ਭਾਈ ਮਨੀ ਸਿੰਘ ਜੀ ਦੇ ਤਿੰਨ ਪੁੱਤਰ ਅਤੇ ਇੱਕ ਭਰਾ ਵੀ ਸੀ। ਸ਼ਹੀਦ ਹੋਏ 40 ਸਿੰਘਾਂ ਦੇ ਨਾਂ ਹਨ : 1. ਭਾਈ ਹਿੰਮਤ ਸਿੰਘ 2. ਭਾਈ ਮੋਹਕਮ ਸਿੰਘ 3. ਭਾਈ ਸਾਹਿਬ ਸਿੰਘ (ਤਿੰਨੇ ਪਿਆਰੇ) 4. ਭਾਈ ਦੇਵਾ ਸਿੰਘ 5. ਭਾਈ ਰਾਮ ਸਿੰਘ 6. ਭਾਈ ਟਹਿਲ ਸਿੰਘ 7. ਭਾਈ ਈਸ਼ਰ ਸਿੰਘ 8. ਭਾਈ ਫ਼ਤਹਿ ਸਿੰਘ (ਪੰਜੇ ਮੁਕਤੇ) 9. ਭਾਈ ਅਨਕ ਸਿੰਘ 10. ਭਾਈ ਅਜਬ ਸਿੰਘ 11. ਭਾਈ ਅਜਾਇਬ ਸਿੰਘ (ਭਾਈ ਮਨੀ ਸਿੰਘ ਜੀ ਦੇ ਤਿੰਨੇ ਪੁੱਤਰ) 12. ਭਾਈ ਦਾਨ ਸਿੰਘ (ਭਾਈ ਮਨੀ ਸਿੰਘ ਜੀ ਦਾ ਭਰਾ) 13. ਭਾਈ ਆਲਿਮ ਸਿੰਘ 'ਨੱਚਣਾ' 14. ਭਾਈ ਵੀਰ ਸਿੰਘ (ਭਾਈ ਆਲਿਮ ਸਿੰਘ 'ਨੱਚਣਾ' ਦਾ ਭਰਾ) 15. ਭਾਈ ਮੋਹਰ ਸਿੰਘ 16. ਭਾਈ ਅਮੋਲਕ ਸਿੰਘ (ਭਾਈ ਆਲਿਮ ਸਿੰਘ 'ਨੱਚਣਾ' ਦੇ ਦੋਵੇਂ ਪੁੱਤਰ) 17. ਭਾਈ ਮਦਨ ਸਿੰਘ 18. ਭਾਈ ਕਾਠਾ ਸਿੰਘ 19. ਭਾਈ ਨਾਹਰ ਸਿੰਘ 20. ਭਾਈ ਸ਼ੇਰ ਸਿੰਘ 21. ਭਾਈ ਕਿਰਪਾ ਸਿੰਘ ਦੱਤ ਤੇ ਉਸ ਦਾ ਭਰਾ 22. ਭਾਈ ਸਨਮੁਖ ਸਿੰਘ 23. ਭਾਈ ਨਾਨੂੰ ਸਿੰਘ ਦਿਲਵਾਲੀ 24. ਭਾਈ ਬਖਸ਼ਿਸ਼ ਸਿੰਘ 25. ਭਾਈ ਗੁਰਬਖਸ਼ੀਸ਼ ਸਿੰਘ 26. ਭਾਈ ਮੁਕੰਦ ਸਿੰਘ 27. ਭਾਈ ਮੁਕੰਦ ਸਿੰਘ (ਦੂਜਾ) 28. ਭਾਈ ਖ਼ਜ਼ਾਨ ਸਿੰਘ 29. ਭਾਈ ਲਾਲ ਸਿੰਘ 30. ਭਾਈ ਜਵਾਹਰ ਸਿੰਘ 31. ਭਾਈ ਕੀਰਤ ਸਿੰਘ 32. ਭਾਈ ਸ਼ਾਮ ਸਿੰਘ 33. ਭਾਈ ਹੁਕਮ ਸਿੰਘ 34. ਭਾਈ ਕੇਸਰਾ ਸਿੰਘ 35. ਭਾਈ ਧੰਨਾ ਸਿੰਘ 36. ਭਾਈ ਸੁੱਖਾ ਸਿੰਘ 37. ਭਾਈ ਬੁੱਢਾ ਸਿੰਘ 38. ਭਾਈ ਅਨੰਦ ਸਿੰਘ 39. ਭਾਈ ਸੰਤ ਸਿੰਘ ਬੰਗੇਸ਼ਰੀ 40. ਭਾਈ ਸੰਗਤ ਸਿੰਘ ਅਰੋੜਾ (ਆਖ਼ਰੀ ਦੋਵੇਂ 9 ਦਸੰਬਰ ਦੀ ਸਵੇਰ ਨੂੰ ਸ਼ਹੀਦ ਹੋਏ, ਜਦ ਰਾਤ ਨੂੰ ਕੁਝ ਸਿੰਘਾਂ ਸਮੇਤ ਗੁਰੂ ਸਾਹਿਬ ਜੀ ਉੱਥੋਂ ਚਲੇ ਗਏ ਸਨ।

ਭਾਈ ਨਿਹੰਗ ਖਾਨ ਦੀ ਭੈਣ ਬੀਬੀ ਉਮਰੀ ਦੇ ਸਪੁੱਤਰ 'ਭਾਈ ਨਬੀ ਖਾਨ ਤੇ ਗ਼ਨੀ ਖਾਨ' ਸਨ, ਜੋ ਰੋਪੜ ਦੇ ਨਵਾਬ ਮਲੇਰੀਏ ਪਠਾਣ ਦੀ ਫ਼ੌਜ 'ਚ ਸਨ। ਇਹ ਦੋਵੇਂ ਮਾਛੀਵਾੜੇ ਦੇ ਰਹਿਣ ਵਾਲੇ ਸੀ। ਡਾ. ਦਿਲਗੀਰ ਸਿੰਘ ਮੁਤਾਬਕ ਇਹ ਦੋਵੇਂ ਗੁਰੂ ਸਾਹਿਬ ਨੂੰ ਓਥੋਂ ਲੈ ਕੇ ਗਏ ਸਨ।)

7 ਤੋਂ 9 ਦਸੰਬਰ 1705 ਦੀ ਰਾਤ ਤੱਕ ਚਮਕੌਰ ਦੀ ਗੜ੍ਹੀ 'ਚ ਹਾਜ਼ਰ 45 ਸਿੰਘਾਂ ਤੇ ਦੋ ਸਾਹਿਬਜ਼ਾਦਿਆਂ ਵਿੱਚੋਂ, ਦੋਵੇਂ ਵੱਡੇ ਸਾਹਿਬਜ਼ਾਦੇ ਅਤੇ ਤਿੰਨ ਪਿਆਰੇ (ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ, ਭਾਈ ਮੋਹਕਮ ਸਿੰਘ) ਸਮੇਤ 38 ਸਿੰਘ ਸ਼ਹੀਦ ਹੋ ਚੁੱਕੇ ਸਨ। ਬਾਕੀ 7 ਸਿੱਖ ਹੀ ਬਚੇ ਸਨ 'ਭਾਈ ਦਯਾ ਸਿੰਘ, ਭਾਈ ਧਰਮ ਸਿੰਘ, ਭਾਈ ਦਯਾ ਸਿੰਘ ਪੁਰੋਹਤ, ਭਾਈ ਮਾਨ ਸਿੰਘ ਨਿਸ਼ਾਨਚੀ, ਭਾਈ ਰਾਮ ਸਿੰਘ (ਸਪੁੱਤਰ ਭਾਈ ਬਚਿਤਰ ਸਿੰਘ ਤੇ ਪੋਤਾ ਭਾਈ ਮਨੀ ਸਿੰਘ ਜੀ), ਭਾਈ ਸੰਤ ਸਿੰਘ ਅਤੇ ਭਾਈ ਸੰਗਤ ਸਿੰਘ। ਅੰਤ 'ਚ ਕੇਵਲ ਦੋ ਸਿੱਖ 'ਭਾਈ ਸੰਤ ਸਿੰਘ ਜੀ ਅਤੇ ਭਾਈ ਸੰਗਤ ਸਿੰਘ ਜੀ ਹੀ ਰਹਿ ਗਏ ਸਨ। ਬਾਕੀ ਸਿੱਖ ਗੁਰੂ ਜੀ ਦੇ ਨਾਲ਼-ਨਾਲ਼ ਚਲੇ ਗਏ ਸਨ।

(14). ਖਿਦਰਾਣੇ ਦੀ ਢਾਬ (ਮੁਕਤਸਰ) ਦੀ ਜੰਗ ਵਿੱਚ ਸ਼ਹੀਦ ਹੋਣ ਵਾਲ਼ੇ 37 ਸਿੰਘਾਂ ਵਿੱਚ ਵੀ ਭਾਈ ਮਨੀ ਸਿੰਘ ਜੀ ਦਾ ਭਰਾ ਭਾਈ ਰਾਏ ਸਿੰਘ ਮੁਲਤਾਨੀ ਅਤੇ ਉਨ੍ਹਾਂ ਦਾ ਸਪੁੱਤਰ ਭਾਈ ਮਹਾਂ ਸਿੰਘ ਜੀ ਸ਼ਾਮਲ ਸੀ।

ਉਕਤ ਵੇਰਵਿਆਂ ਤੋਂ ਸਾਫ਼ ਹੁੰਦਾ ਹੈ ਕਿ ਭਾਈ ਮਨੀ ਸਿੰਘ ਜੀ ਅਤੇ ਉਨ੍ਹਾਂ ਦਾ ਪੂਰਾ ਵੰਸ਼ਜ ਗੁਰੂ ਘਰ ਲਈ ਕੁਰਬਾਨ ਹੋਣ ਨੂੰ ਕਿੰਨਾ ਮਹੱਤਵ ਦਿੰਦਾ ਰਿਹਾ ਹੈ। ਦਸਮੇਸ਼ ਪਿਤਾ ਜੀ ਦੇ ਜੋਤੀ ਜੋਤ ਸਮਾ ਜਾਣ ਉਪਰੰਤ ਵੀ ਭਾਈ ਸਾਹਿਬ ਜੀ ਨੇ 26 ਸਾਲ ਤੱਕ ਸਿੱਖ ਕੌਮ ਦੀ ਅਗਵਾਈ ਕਰਦਿਆਂ ਅਨੇਕਾਂ ਅਹਿਮ ਰੋਲ ਅਦਾ ਕੀਤੇ। ਭਾਈ ਸਾਹਿਬ ਜੀ ਨੇ ਗੁਰੂ ਦੇ ਚੱਕ (ਅੰਮ੍ਰਿਤਸਰ) ਵਿਖੇ ਲੰਬਾ ਸਮਾਂ ਸੇਵਾ ਨਿਭਾਈ ਹੈ।

ਬਾਬਾ ਬੰਦਾ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਨੂੰ ਲੰਬਾ ਸਮਾਂ ਜੰਗਲ਼ਾਂ ਵਿੱਚ ਰਹਿਣਾ ਪਿਆ। ਭਾਈ ਸਾਹਿਬ ਨੇ ਅਜਿਹੇ ਬਿਖੜੇ ਸਮੇਂ ਦੌਰਾਨ ਵੀ ਗੁਰੂ ਦੇ ਚੱਕ ਦੇ ਇਰਦ ਗਿਰਦ ਰਹਿੰਦਿਆਂ ਆਪਣੀਆਂ ਸੇਵਾਵਾਂ ਨਿਰੰਤਰ ਜਾਰੀ ਰੱਖੀਆਂ। ਸਿੱਖ ਸੰਗਤਾਂ ਨੂੰ ਲੋੜ ਪੈਣ 'ਤੇ ਇਕੱਠੇ ਕਰ ਉਨ੍ਹਾਂ ਦੇ ਮਤਭੇਦ ਵੀ ਦੂਰ ਕਰਦੇ ਰਹਿੰਦੇ।

ਸੰਨ 1734 ਦੀ ਵਿਸਾਖੀ ਵਾਲ਼ੇ ਦਿਨ (ਇਤਿਹਾਸ 'ਚ 1733 ਦੀ ਦਿਵਾਲੀ ਵੀ ਲਿਖਿਆ ਹੈ, ਪਰ ਫਿਰ ਗ੍ਰਿਫ਼ਤਾਰੀ 6-7 ਮਹੀਨਿਆਂ ਬਾਅਦ ਕਿਉਂ ?) ਭਾਈ ਸਾਹਿਬ ਨੇ ਗੁਰੂ ਦੇ ਚੱਕ ਵਿਖੇ ਸਰਬੱਤ ਖ਼ਾਲਸਾ ਇਕੱਠ ਬੁਲਾਉਣ ਦਾ ਫ਼ੈਸਲਾ ਕਰ ਲਿਆ। ਸੂਬਾ ਲਾਹੌਰ ਜ਼ਕਰੀਆ ਨੇ ਸਿੱਖਾਂ ਦੁਆਰਾ ਧਾਰਮਿਕ ਸਮਾਗਮ ਕਰਨ 'ਤੇ ਪਾਬੰਦੀ ਲਗਾ ਦਿੱਤੀ। ਇਸ ਪਾਬੰਦੀ ਨੂੰ ਹਟਾਉਣ ਲਈ 10,000 ਰੁਪਏ ਸਰਕਾਰ ਨੂੰ ਦੇਣ ਦੀ ਸ਼ਰਤ ਰੱਖੀ ਗਈ। ਦੂਸਰੇ ਪਾਸੇ ਆਪਣੇ ਵਜ਼ੀਰ ਲਖਪਤ ਰਾਏ ਨੂੰ ਫ਼ੌਜ ਦੇ ਕੇ ਗੁਰੂ ਦੇ ਚੱਕ ਭੇਜ ਦਿੱਤਾ। ਉਸ ਨੇ ਰਾਮ ਤੀਰਥ ਵਾਲ਼ੀ ਜਗ੍ਹਾ ਫ਼ੌਜ ਜਮਾ ਕਰ ਲਈ। ਉਹ ਅੰਦਰੋਂ ਅੰਦਰੀ ਸਿੱਖਾਂ ਨੂੰ ਖ਼ਤਮ ਕਰਨਾ ਚਾਹੁੰਦਾ ਸੀ। ਭਾਈ ਸਾਹਿਬ ਨੇ ਸਥਿਤੀ ਨੂੰ ਭਾਂਪਦਿਆਂ ਸਿੱਖਾਂ ਨੂੰ ਗੁਰੂ ਦੇ ਚੱਕ ਨਾ ਆਉਣ ਦੇ ਸੁਨੇਹੇ ਭੇਜ ਦਿੱਤੇ।

ਭਾਈ ਸਾਹਿਬ ਜੀ ਨੇ ਸਰਕਾਰ ਨਾਲ਼ ਮਿੱਥੀ ਰਕਮ ਨਾ ਦਿੱਤੀ। ਜ਼ਕਰੀਆ ਖ਼ਾਨ ਨੇ 90 ਸਾਲ ਦੇ ਬਜ਼ੁਰਗ ਭਾਈ ਮਨੀ ਸਿੰਘ ਸਮੇਤ ਉਨ੍ਹਾਂ ਦੇ ਭਰਾ ਜਗਤ ਸਿੰਘ, ਉਨ੍ਹਾਂ ਦੇ ਪੁੱਤਰ ਚਿੱਤਰ ਸਿੰਘ ਤੇ ਗੁਰਬਖ਼ਸ਼ ਸਿੰਘ, ਉਨ੍ਹਾਂ ਦੀ ਸਿੰਘਣੀ ਬਸੰਤ ਕੌਰ, ਗੁਲਜ਼ਾਰ ਸਿੰਘ, ਰਣ ਸਿੰਘ, ਸੰਗਤ ਸਿੰਘ, ਭੂਪਤ ਸਿੰਘ ਆਦਿਕ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਾਹੌਰ ਲਿਜਾਇਆ ਗਿਆ। ਜਿਥੇ ਸਖ਼ਤ ਤਸੀਹੇ ਦਿੰਦਿਆਂ 24 ਜੂਨ ਜੂਲੀਅਨ 1734 (ਹਾੜ ਸੁਦੀ 5, 24 ਹਾੜ ਸੰਮਤ 1791) ਵਿੱਚ ਸਭ ਨੂੰ ਸ਼ਹੀਦ ਕਰ ਦਿੱਤਾ ਗਿਆ।

'ਹਾੜ੍ਹ ਸੁਦੀ ਪੰਚਮ ਥਿਤ ਆਹੀ। ਸਤ੍ਰਹ ਸੈ ਇਕਾਨਵੈਂ ਮਾਹੀ।
ਜਾਇ ਨਿਖਾਸ ਚੌਂਕ ਕੇ ਬੀਚ। ਸੂਬੇ ਖ਼ਾਨ ਬਹਾਦਰ ਨੀਚ।
ਪਹਿਲੋਂ ਮਨੀ ਸਿੰਘ ਕੇ ਤਾਈ। ਕਾਜੀ ਫ਼ਤਵਾ ਦੀਯੋ ਸੁਣਾਈ।
ਤਿਸੈ ਗੈਲ ਜਲਾਦੇ ਆਇ। ਬੰਦ ਬੰਦ ਦੀਯੇ ਜੁਦਾ ਕਰਾਇ।
ਪੀਛੇ ਸਿੰਘ ਗੁਲਜਾਰੇ ਕੇਰੀ। ਪੁੱਠੀ ਖੱਲ ਲਾਹੀ ਬਿਨ ਦੇਰੀ।
ਭੂਪਤ ਸਿੰਘ ਕੀ ਆਂਖ ਕਢਾਇ। ਫੇਰ ਚਰਖੜੀ ਦੀਯੋ ਚਢਾਇ।
ਜਹਾਂ ਭਯੋ ਇਹ ਸਾਕਾ ਭਾਰੀ। ਖ਼ਲਤ ਦੇਖਣ ਆਈ ਸਾਰੀ।
ਸੇਵਾ ਹਰੀ ਜਿਤਕ ਸਿੰਘ ਔਰ। ਕਰੈ ਸ਼ਹੀਦ ਦੁਸ਼ਟ ਤਿਹ ਠੌਰ।'

(ਸੇਵਾ ਸਿੰਘ, ਸ਼ਹੀਦ ਬਿਲਾਸ)

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਦਲਭੰਜਨ ਗੁਰੂ ਸੂਰਮਾ...



ਸੁਖਰਾਜ ਸਿੰਘ ਗੋਇੰਦਵਾਲ
76962-64212

**ਛੇਵੀਂ ਪਾਤਸ਼ਾਹੀ ਦੇ ਜਨਮ ਦੀਆਂ ਜਿੱਥੇ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਨੇ ਭਰਪੂਰ ਖੁਸ਼ੀਆਂ ਮਨਾਈਆਂ ਉਥੇ ਗੁਰੂ ਘਰ ਦੇ ਦੋਖੀਆਂ ਨੂੰ ਬਹੁਤ ਅਫਸੋਸ ਹੋਇਆ। ਇਨ੍ਹਾਂ ਦੋਖੀਆਂ ਵਿੱਚ ਨਾਂ ਪ੍ਰਿਥੀ ਚੰਦ ਦਾ ਵੀ ਸੀ। ਗੁਰਗੱਦੀ 'ਤੇ ਕਬਜ਼ਾ ਕਰਨ ਹਿੱਤ ਈਰਖਾਲੂ ਪ੍ਰਿਥੀ ਚੰਦ ਸ੍ਰੀ (ਗੁਰੂ) ਹਰਗੋਬਿੰਦ ਜੀ ਨੂੰ ਮਾਰਨ ਦੀਆਂ ਵਿਉਂਤਬੰਦੀਆਂ ਕਰਨ ਲੱਗਾ। ਇਨ੍ਹਾਂ ਵਿਉਂਤਬੰਦੀਆਂ ਤਹਿਤ ਪਹਿਲਾਂ ਤਾਂ ਉਸ ਨੇ ਇਕ ਜ਼ਹਿਰੀਲੇ ਦੁੱਧ ਵਾਲੀ ਦਾਈ ਨੂੰ ਅੰਮ੍ਰਿਤਸਰ ਤੋਂ ਵਡਾਲੀ ਭੇਜਿਆ ਪਰ ਦਾਈ ਦੇ ਦੁੱਧ ਨੂੰ ਲੱਗਿਆ ਜ਼ਹਿਰ ਉਸ ਦੇ ਆਪਣੇ-ਆਪ ਲਈ ਹੀ ਘਾਤਕ ਸਿੱਧ ਹੋ ਗਿਆ। ਇਸ ਤੋਂ ਬਾਅਦ ਉਸ ਨੇ ਇਕ ਸਪੇਰੇ ਨੂੰ ਗੰਢ ਲਿਆ। ਉਸ ਸਪੇਰੇ ਨੇ ਬਾਲ ਗੁਰੂ ਵੱਲ ਇਕ ਸੱਪ ਨੂੰ ਛੱਡ ਦਿੱਤਾ। ਜਿਸ ਵਿੱਚ ਉਹ ਸਫ਼ਲ ਨਾ ਹੋ ਸਕਿਆ। ਉਸ ਦੀਆਂ ਇਹਨਾਂ ਦੋ ਕਰਤੂਤਾਂ ਕਾਰਨ ਉਸ ਦੇ ਹੱਥ ਪੱਲੇ ਕੁਝ ਪਿਆ ਨਹੀਂ ਸਗੋਂ ਨਮੋਸ਼ੀ ਹੀ ਸਹਿਣੀ ਪਈ ਸੀ।**

---

ਸਿੱਖ ਧਰਮ ਇਕ ਅਜਿਹਾ ਧਰਮ ਹੈ ਜੋ ਸਾਂਝੀਵਾਲਤਾ ਅਤੇ ਮਨੁਖੀ ਅਧਿਕਾਰਾਂ ਦੀ ਡਟਵੀਂ ਹਮਾਇਤ ਕਰਦਾ ਹੈ। ਇਸ ਹਮਾਇਤ ਵਿੱਚ ਗੁਰੂ ਸਾਹਿਬਾਨ ਨੇ ਆਪੋ-ਆਪਣੇ ਸਮੇਂ ਵਿੱਚ ਬਣਦਾ-ਸਰਦਾ ਯੋਗਦਾਨ ਪਾਇਆ ਹੈ। ਗੁਰੂ ਸਾਹਿਬ ਜੀ ਨੇ ਤਾਂ ਮਨੁੱਖੀ ਅਧਿਕਾਰਾਂ ਦੀ ਗੱਲ ਇਸ ਤਰ੍ਹਾਂ ਕੀਤੀ ਹੈ:-

**ਸਭੁ ਕੋ ਆਸੈ ਤੇਰੀ ਬੈਠਾ॥ ਘਟ ਘਟ ਅੰਤਰਿ ਤੂੰਹੈ ਵੁਠਾ ॥**
**ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥**
**(ਪੰਨਾ-97)**

ਸਿੱਖ ਧਰਮ ਸ਼ਾਂਤਮਈ ਕਦਰਾਂ-ਕੀਮਤਾਂ ਦੀ ਡਟ ਕੇ ਪਹਿਰੇਦਾਰੀ ਕਰਦਾ ਰਿਹਾ ਅਤੇ ਰਾਜਸੀ ਅੱਤਿਆਚਾਰ ਦਾ ਡਟ ਕੇ ਵਿਰੋਧ ਕਰਦਾ ਰਿਹਾ ਗੁਰੂ ਨਾਨਕ ਸਾਹਿਬ ਨੇ ਪਾਪ ਕੀ ਜੰਞ ਦੇ ਜ਼ੁਲਮ ਦਾ ਡੱਟ ਕੇ ਵਿਰੋਧ ਕਰਨ ਲਈ ਇਨਸਾਫ਼ ਦੀ ਫੌਜ ਤਿਆਰ ਕਰਨ ਦਾ ਫਿਲਾਸਫਾ ਦਿੱਤਾ। ਗੁਰੂ ਸਾਹਿਬ ਜੀ ਨੇ ਕਿਹਾ ਕਿ ਹਾਲਾਤ ਕੁਝ ਅਜਿਹੇ ਨੇ ਕਿ ਧਰਮ ਨੂੰ ਬਾਹਰੀ ਹਮਲਿਆਂ ਤੋਂ ਬਚਾਉਣ ਲਈ ਫੌਜ ਦੀ ਲੋੜ ਪੈਣੀ ਹੈ ਕਿਉਂਕਿ ਹਾਕਮਾਂ ਦੇ ਦਰਬਾਰ ਵਿਚੋਂ ਇਨਸਾਫ ਖੰਭ ਲਾ ਕੇ ਉਡ ਗਿਆ ਹੈ।

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥**
**(ਪੰਨਾ-145)**

ਅਤੇ

**ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ ॥**
**ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥**
**(ਪੰਨਾ-1288)**

ਜਦੋਂ ਤੋਂ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਸਿੱਖੀ ਦੀ ਵਾਗਡੋਰ ਸੰਭਾਲੀ ਤਾਂ ਸਿੱਖ ਧਰਮ ਇਕ ਨਿਵੇਕਲੇ ਮੋੜ ਵਲ ਮੁੜ ਗਿਆ ਜਿਸ ਨੂੰ ਭਾਈ ਗੁਰਦਾਸ ਜੀ ਨੇ ਇੰਜ ਬਿਆਨਿਆ ਹੈ:-

**ਪੰਜ ਪਿਆਲੇ ਪੰਜ ਪੀਰ**
**ਛਠਮੁ ਪੀਰੁ ਬੈਠਾ ਗੁਰੁ ਭਾਰੀ॥**
**ਅਰਜਨ ਕਾਇਆ ਪਲਟਿਕੈ**
**ਮੂਰਤਿ ਹਰਿਗੋਬਿੰਦ ਸਵਾਰੀ॥**
**ਚਲੀ ਪੀੜ੍ਹੀ ਸੋਢੀਆ**
**ਰੂਪੁ ਦਿਖਾਵਣਿ ਵਾਰੋ ਵਾਰੀ॥**
**ਦਲਭੰਜਨ ਗੁਰੁ ਸੂਰਮਾ**
**ਵਡ ਜੋਧਾ ਬਹੁ ਪਰਉਪਕਾਰੀ॥**
**ਪੁਛਨਿ ਸਿਖ ਅਰਦਾਸਿ ਕਰਿ**
**ਛਿਅ ਮਹਲਾਂ ਤਕਿ ਦਰਸੁ ਨਿਹਾਰੀ॥**
**ਅਗਮ ਅਗੋਚਰ ਸਤਿਗੁਰੂ ਬੋਲੇ**
**ਮੁਖ ਤੇ ਸੁਣਹੁ ਸੰਸਾਰੀ॥**
**ਕਲਿਜੁਗ ਪੀੜ੍ਹੀ ਸੋਢੀਆਂ**
**ਨਿਹਚਲ ਨੀਵ ਉਸਾਰ ਖਲ੍ਹਾਰੀ॥**
**ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ॥**
**(ਵਾਰ -1)**

ਮੀਰੀ ਅਤੇ ਪੀਰੀ ਦੇ ਸਿਧਾਂਤ ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਅਮਲੀ-ਜਾਮਾ ਪਹਿਨਾ ਕੇ ਜਿੱਥੇ ਗੁਰੂ ਨਾਨਕ ਸਾਹਿਬ ਜੀ ਦੀ ਫਿਲਾਸਫੀ ਨੇ ਜਿਸ ਬਾਬਤ ਭੱਟ ਸਾਹਿਬਾਨ ਫੁਰਮਾਉਂਦੇ ਹਨ: **ਕਬਿ ਕਲ ਸੁਜਸੁ ਗਾਵਉ ਗੁਰ ਨਾਨਕ ਰਾਜੁ ਜੋਗੁ ਜਿਨਿ ਮਾਣਿਓ॥**

ਸੰਤ-ਬਲ ਅਤੇ ਰਾਜ-ਬਲ ਨਾਲ ਆਪਸੀ ਸਾਂਝ ਪੁਆਈ, ਉਥੇ ਸੰਤਾਂ ਨੂੰ ਸਿਪਾਹੀ ਵਾਲਾ ਮੁਹਾਂਦਰਾ ਵੀ ਪ੍ਰਦਾਨ ਕੀਤਾ। ਗੁਰੂ ਨਾਨਕ ਜੀ ਦੇ ਘਰ ਵਿੱਚ ਸੰਤ-ਤਾਈ ਅਤੇ ਸਿਪਾਹੀਅਤ ਇਕੋ ਹੀ ਸਿੱਕੇ ਦੇ ਦੋ ਪਾਸੇ ਹਨ। ਭਾਵ ਇਕ ਚੰਗਾ ਸੰਤ, ਇਕ ਚੰਗਾ ਸਿਪਾਹੀ ਅਤੇ ਇਕ ਚੰਗਾ ਸਿਪਾਹੀ ਹੀ ਇਕ ਚੰਗਾ ਸੰਤ ਸਾਬਤ ਹੋ ਸਕਦਾ ਹੈ।

ਗੁਰੂ ਹਰਗੋਬਿੰਦ ਸਾਹਿਬ ਜੀ ਦਾ ਜਨਮ 19 ਜੂਨ (5 ਜੁਲਾਈ ਨਾਨਕਸ਼ਾਹੀ 2003), 1590 (ਕੁਝ ਇਤਿਹਾਸਕਾਰਾਂ ਦੀ ਰਾਇ 9 ਅਤੇ 14 ਜੂਨ ਬਾਰੇ ਵੀ ਹੈ) ਨੂੰ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਵਾਲੇ ਨਗਰ ਵਡਾਲੀ (ਗੁਰੂ ਕੀ) ਵਿਖੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਅਤੇ ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਹੋਇਆ। 1595 ਵੀ ਕਈ ਇਤਿਹਾਸਕਾਰ ਮੰਨਦੇ ਹਨ ਪਰ ਉਹ ਗਲਤ ਹੈ। ਕੀਰਤ ਭੱਟ, ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਅਤੇ ਜਿਹੜੇ 13 ਅਪ੍ਰੈਲ 1634 ਦੇ ਦਿਨ ਗੁਰੂ ਦਾ ਚੱਕ (ਅੰਮ੍ਰਿਤਸਰ) ਦੀ ਜੰਗ ਵਿਚ ਸ਼ਹੀਦ ਹੋਏ ਸਨ, ਇਸ ਮੌਕੇ ਤੇ ਹਾਜ਼ਰ ਸਨ, ਨੇ ਗੁਰੂ ਸਾਹਿਬ ਦੇ ਜਨਮ ਘਟਨਾ ਨੂੰ ਆਪਣੀ ਵਹੀ ਵਿੱਚ ਇਨ੍ਹਾਂ ਲ਼ਫ਼ਜ਼ਾਂ ਨਾਲ ਰਿਕਾਰਡ ਕੀਤਾ ਸੀ:

**ਬਾਧਾਈ ਲੀ ਹਰਗੋਬਿੰਦ ਕੀ, ਬੇਟਾ ਗੁਰੂ ਅਰਜਨ ਜੀ ਮਹਲ ਪੰਚਮ ਕਾ, ਪੋਤਾ ਗੁਰੂ ਰਾਮਦਾਸ ਜੀ ਕਾ, ਸੰਮਤ ਸਤਰਾਂ ਸੈ ਸੰਤਾਲੀਸ, ਮਾਹ ਅਸਾੜ, ਦਿਹੁੰ ਇਕੀਸ ਗਿਆਂ, ਸਵਾ ਪਹਿਰ ਰੈਣ, ਮਾਤਾ ਗੰਗਾ ਜੀ ਕੇ ਉਦਰ ਥੀਂ, ਗਾਮ ਬਡਾਲੀ, ਪਰਗਣਾ ਗੁਰੂ ਕਾ ਚੱਕ ਮੇਂ ਏਕ**

**ਚਮਤਕਾਰੀ ਬਾਲਕ ਪੈਦਾ ਹੂਆ, ਨਾਉਂ ਹਰਗੋਬਿੰਦ ਜੀ ਰਾਖਾ..।**
**(ਭੱਟ ਵਹੀ ਮੁਲਤਾਨੀ ਸਿੰਧੀ)**

**ਇਸ ਇੰਦਰਾਜ ਤੋਂ ਸਾਫ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਦਾ ਜਨਮ ਬਿਕਰਮੀ ਸੰਮਤ 1747 ਯਾਨਿ 1590 ਵਿਚ ਹੋਇਆ ਸੀ। (ਸਿੱਖ ਤਵਾਰੀਖ਼ ਡਾ. ਹਰਜਿੰਦਰ ਸਿੰਘ ਦਿਲਗੀਰ)**

ਛੇਵੀਂ ਪਾਤਸ਼ਾਹੀ ਦੇ ਜਨਮ ਦੀਆਂ ਜਿੱਥੇ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਨੇ ਭਰਪੂਰ ਖੁਸ਼ੀਆਂ ਮਨਾਈਆਂ ਉਥੇ ਗੁਰੂ ਘਰ ਦੇ ਦੋਖੀਆਂ ਨੂੰ ਬਹੁਤ ਅਫਸੋਸ ਹੋਇਆ। ਇਨ੍ਹਾਂ ਦੋਖੀਆਂ ਵਿੱਚ ਨਾਂ ਪ੍ਰਿਥੀ ਚੰਦ ਦਾ ਵੀ ਸੀ। ਗੁਰਗੱਦੀ 'ਤੇ ਕਬਜ਼ਾ ਕਰਨ ਹਿੱਤ ਈਰਖਾਲੂ ਪ੍ਰਿਥੀ ਚੰਦ ਸ੍ਰੀ (ਗੁਰੂ) ਹਰਗੋਬਿੰਦ ਜੀ ਨੂੰ ਮਾਰਨ ਦੀਆਂ ਵਿਉਂਤਬੰਦੀਆਂ ਕਰਨ ਲੱਗਾ। ਇਨ੍ਹਾਂ ਵਿਉਂਤਬੰਦੀਆਂ ਤਹਿਤ ਪਹਿਲਾਂ ਤਾਂ ਉਸ ਨੇ ਇਕ ਜ਼ਹਿਰੀਲੇ ਦੁੱਧ ਵਾਲੀ ਦਾਈ ਨੂੰ ਅੰਮ੍ਰਿਤਸਰ ਤੋਂ ਵਡਾਲੀ ਭੇਜਿਆ ਪਰ ਦਾਈ ਦੇ ਦੁੱਧ ਨੂੰ ਲੱਗਿਆ ਜ਼ਹਿਰ ਉਸ ਦੇ ਆਪਣੇ-ਆਪ ਲਈ ਹੀ ਘਾਤਕ ਸਿੱਧ ਹੋ ਗਿਆ। ਇਸ ਤੋਂ ਬਾਅਦ ਉਸ ਨੇ ਇਕ ਸਪੇਰੇ ਨੂੰ ਗੰਢ ਲਿਆ। ਉਸ ਸਪੇਰੇ ਨੇ ਬਾਲ ਗੁਰੂ ਵੱਲ ਇਕ ਸੱਪ ਨੂੰ ਛੱਡ ਦਿੱਤਾ। ਜਿਸ ਵਿੱਚ ਉਹ ਸਫ਼ਲ ਨਾ ਹੋ ਸਕਿਆ। ਉਸ ਦੀਆਂ ਇਹਨਾਂ ਦੋ ਕਰਤੂਤਾਂ ਕਾਰਨ ਉਸ ਦੇ ਹੱਥ ਪੱਲੇ ਕੁਝ ਪਿਆ ਨਹੀਂ ਸਗੋਂ ਨਮੋਸ਼ੀ ਹੀ ਸਹਿਣੀ ਪਈ ਸੀ। ਇਸ ਕਰਕੇ ਹੁਣ ਉਹ ਥੋੜ੍ਹਾ ਜਿਹਾ ਵਧੇਰੇ ਚੌਕਸ ਹੋ ਗਿਆ। ਇਸ ਵਾਰੀ ਉਸ ਨੇ ਪੂਰੀ ਚੌਕਸੀ ਨਾਲ ਗੁਰੂ ਜੀ 'ਤੇ ਤੀਸਰਾ ਹਮਲਾ ਕਰ ਦਿੱਤਾ। ਇਸ ਹਮਲੇ ਤਹਿਤ ਉਸ ਨੇ ਇਕ ਖਿਡਾਵੇ ਨੂੰ ਲਾਲਚ ਦੇ ਕੇ ਬਾਲ ਗੁਰੂ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਦੇਣ ਲਈ ਕਿਹਾ। ਪਰ ਗੁਰੂ ਸਾਹਿਬ ਨੇ ਖਾਣ ਤੋਂ ਇਨਕਾਰ ਕਰ ਦਿੱਤਾ।

1605 ਈਸਵੀ ਦੇ ਅਕਤੂਬਰ ਮਹੀਨੇ ਵਿੱਚ ਜਹਾਂਗੀਰ ਦੀ ਤਖ਼ਤਪੋਸ਼ੀ ਹੋਣ ਨਾਲ ਅਕਬਰ ਵੱਲੋਂ ਵੱਖ-ਵੱਖ ਧਰਮਾਂ ਪ੍ਰਤੀ ਅਪਣਾਈ ਸਤਿਕਾਰ ਵਾਲੀ ਨੀਤੀ ਦਮ ਤੋੜ ਗਈ। ਰਾਜ ਦਰਬਾਰ ਤੰਗ-ਦਿਲ ਅਤੇ ਫਿਰਕਾਪ੍ਰਸਤ ਮੁਸਲਮਾਨਾਂ ਦੇ ਹੱਥ ਆ ਗਿਆ।

ਇਨ੍ਹਾਂ ਕੱਟੜਪੰਥੀਆਂ ਨੇ ਗ਼ੈਰ-ਮੁਸਲਮਾਨਾਂ ਪ੍ਰਤੀ ਨਫ਼ਰਤ ਭਰਪੂਰ ਪਹੁੰਚ ਅਖਤਿਆਰ ਕਰ ਲਈ। ਇਸ ਪਹੁੰਚ ਦਾ ਢੁੱਕਵਾਂ ਜਵਾਬ ਦੇਣ ਲਈ ਬਾਬਾ ਬੁੱਢਾ ਜੀ ਨੇ ਜਿੱਥੇ ਬਾਲਕ ਹਰਗੋਬਿੰਦ ਜੀ ਨੂੰ ਹਰਫ਼ੀ ਇਲਮ ਦਿੱਤਾ, ਉਥੇ ਕੁਸ਼ਤੀ, ਘੋੜ ਸਵਾਰੀ, ਤਲਵਾਰਬਾਜ਼ੀ ਅਤੇ ਹੋਰ ਜੰਗੀ ਕਰਤਬਾਂ ਦੀ ਸਿਖਲਾਈ ਵੀ ਦਿੱਤੀ। ਕਿਉਂਕਿ ਗੁਰੂ ਅਰਜਨ ਸਾਹਿਬ ਜੀ ਨੇ ਆਪਣੀ ਦੂਰ-ਅੰਦੇਸ਼ੀ ਨਾਲ ਭਾਂਪ ਲਿਆ ਸੀ ਕਿ ਮੁਗ਼ਲ ਹਕੂਮਤ ਨਾਲ ਸਿੱਖਾਂ ਨੂੰ ਦੋ ਹੱਥ ਕਰਨੇ ਹੀ ਪੈਣੇ ਹਨ।

6 ਅਪ੍ਰੈਲ, 1606 ਨੂੰ ਜਹਾਂਗੀਰ ਦਾ ਪੁੱਤਰ ਖੁਸਰੋ ਬਾਗੀ ਹੋ ਕੇ ਆਗਰੇ ਤੋਂ ਪੰਜਾਬ ਵੱਲ ਭੱਜ ਪਿਆ। ਜਹਾਂਗੀਰ ਨੇ ਤਖਤ 'ਤੇ ਬੈਠਦਿਆਂ ਅਤੇ ਖੁਸਰੋ ਨੂੰ ਪਕੜਦਿਆਂ ਹੀ ਪੰਜਾਬ ਦਾ ਸਾਰਾ ਪ੍ਰਬੰਧ ਬਦਲ ਦਿਤਾ ਸੀ ਅਤੇ ਸ਼ਹਿਜ਼ਾਦਾ ਖੁਸਰੋ ਦੇ ਪੱਖੀ ਅਧਿਕਾਰੀ ਅਤੇ ਜਰਨੈਲ ਫੜ ਕੇ ਮੌਤ ਦੇ ਘਾਟ ਉਤਾਰ ਦਿੱਤੇ ਅਤੇ ਕੱਟੜ ਅਧਿਕਾਰੀਆਂ ਨੂੰ ਪੰਜਾਬ ਦਾ ਪ੍ਰਬੰਧ ਸੌਂਪ ਦਿੱਤਾ। ਮੁਰਤਜਾ ਖਾਨ ਨੂੰ ਲਾਹੌਰ ਦਾ ਗਵਰਨਰ ਥਾਪ ਦਿਤਾ। (ਇਹ ਮੁਰਤਜਾ ਖਾਨ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਸਮੇਂ ਲਾਹੌਰ ਦਾ ਸੂਬੇਦਾਰ ਸੀ। ਇਸ ਨੂੰ ਹੁਕਮ ਦਿੱਤਾ ਗਿਆ ਕਿ ਗੁਰੂ ਜੀ ਦਾ ਪਰਿਵਾਰ ਕੈਦ ਕਰ ਅਤੇ ਜਾਇਦਾਦ ਜ਼ਬਤ ਕਰ ਲਈ ਜਾਵੇ ਪਰ ਇੰਝ ਨਹੀ ਹੋ ਸਕਿਆ) ਤਿੰਨ ਕੁ ਹਫਤਿਆਂ (27 ਅਪ੍ਰੈਲ) ਬਾਅਦ ਉਹ ਝਨਾਂ ਨਦੀ ਨੂੰ ਪਾਰ ਕਰਦਾ ਫੜਿਆ ਗਿਆ। ਸੰਨ 1606, ਮਈ ਮਹੀਨੇ ਦੇ ਆਖਰੀ ਹਫਤੇ ਸ੍ਰੀ ਗੁਰੂ ਅਰਜਨ ਜੀ ਸਾਹਿਬ ਨੇ ਭਾਈ ਗੁਰਦਾਸ, ਬਾਬਾ ਬੁੱਢਾ ਜੀ ਅਤੇ ਹੋਰ ਮੁਖੀ ਸਿੱਖਾਂ ਨਾਲ ਤਤਕਾਲੀ ਰਾਜਨੀਤਕ ਹਾਲਤਾਂ ਉਪਰ ਗੰਭੀਰ ਵਿਚਾਰ-ਵਟਾਂਦਰਾ ਕੀਤਾ। ਇਸ ਵਿਚਾਰ-ਵਟਾਂਦਰਾ ਤੋਂ ਬਾਅਦ ਦੀਵਾਨ ਸਜਾ ਕੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਸੌਂਪ ਦਿੱਤੀ। ਇਸ ਮੌਕੇ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਨੂੰ ਦੋ ਤਲਵਾਰਾਂ (ਇਕ ਮੀਰੀ ਅਤੇ ਦੂਜੀ ਪੀਰੀ) ਪਹਿਨਾਈਆਂ ਜੋ ਸੰਸਾਰਕ ਅਤੇ ਆਤਮਕ ਪੱਖ ਦੇ ਸੁਮੇਲ ਦੀ ਗਵਾਹੀ ਦਿੰਦੀਆਂ ਸਨ। ਗੁਰੂ ਹਰਗੋਬਿੰਦ ਸਾਹਿਬ ਜੀ ਦੀ ਦੂਰ-ਦ੍ਰਿਸ਼ਟੀ ਸਦਕਾ ਉਨ੍ਹਾਂ ਨੇ ਇਹ ਸਮਝ ਲਿਆ ਸੀ ਕਿ ਮੁਗ਼ਲ ਹਕੂਮਤ ਦੀ ਅੱਤਿਆਚਾਰੀ ਨੀਤੀ ਦਾ ਸਿਖਰ ਗੁਰੂ ਪਿਤਾ ਦੀ ਸ਼ਹੀਦੀ ਤਕ ਹੀ ਸੀਮਤ ਨਹੀਂ ਰਹੇਗਾ। ਇਸ ਨੀਤੀ ਦੇ ਸਮਰਥਕ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਢਾਹ ਲਾਉਣ ਦੀ ਵੀ ਪੂਰੀ ਕੋਸ਼ਿਸ਼ ਕਰਨਗੇ। ਹਕੂਮਤ ਦੀ ਇਸ ਭਵਿੱਖ ਮੁਖੀ ਕੋਸ਼ਿਸ਼ ਨੂੰ ਅਸਫਲ ਕਰਨ ਲਈ ਛੇਵੇਂ ਪਾਤਸ਼ਾਹ ਨੇ ਹਥਿਆਰਬੰਦ ਸੰਘਰਸ਼ ਅਰੰਭ ਕਰ ਦਿਤਾ।

ਇਸ ਰਾਹ 'ਤੇ ਸਫ਼ਲਤਾਪੂਰਵਕ ਚੱਲਣ ਲਈ ਉਨ੍ਹਾਂ ਨੇ ਮਸੰਦਾਂ ਰਾਹੀਂ ਆਪਣੇ ਸਿੱਖਾਂ (ਵਿਸ਼ੇਸ਼ ਕਰਕੇ ਵਪਾਰੀ ਵਰਗ) ਨੂੰ ਹੁਕਮਨਾਮੇ ਭੇਜੇ ਕਿ ਉਹ ਆਪਣੇ ਦਸਵੰਧ ਦੇ ਨਾਲ-ਨਾਲ ਵਧੀਆ ਘੋੜੇ ਅਤੇ ਸ਼ਸ਼ਤਰ ਵੀ ਖਰੀਦ ਕੇ ਭੇਜਿਆ ਕਰਨ। **ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ, ਚੰਗਾ ਘੋੜਾ ਤੇ ਚੰਗੀ ਜਵਾਨੀ ਹੋਵੇਗੀ। ਮੇਰੀ ਖੁਸ਼ੀ ਲੈਣੀ ਹੈ ਤਾਂ ਕਸਰਤਾਂ ਕਰੋ, ਘੋੜੇ ਦੀ ਸਵਾਰੀ ਕਰੋ। ਮੈਂ ਤਲਵਾਰ ਇਸੇ ਲਈ ਧਾਰਨ ਕੀਤੀ ਹੈ ਕਿ ਜ਼ਾਲਮ ਜ਼ੁਲਮ ਦੀ ਤਲਵਾਰ ਬੰਦ ਕਰ ਦੇਵੇ। ਸ਼ਸਤਰ ਪਹਿਨਣ ਨਾਲ ਤੁਹਾਡਾ ਡਰ ਜਾਂਦਾ ਰਹੇਗਾ। ਤੁਸੀਂ ਸਿਰ ਉੱਚਾ ਕਰ ਕੇ ਤੁਰੋਗੇ। ਮੌਤ ਦਾ ਡਰ ਨਹੀਂ ਰਹੇਗਾ। ਆਪਣੇ ਖ਼ੂਨ ਨੂੰ ਠੰਡਾ ਨਾ ਹੋਣ ਦਿਉ ਸਗੋਂ ਇਸ ਨੂੰ ਸਦਾ ਖੌਲਦਾ ਰੱਖੋ। (ਗੁਰੂ ਭਾਰੀ ਕ੍ਰਿਤ ਪ੍ਰਿੰ. ਸਤਿਬੀਰ ਸਿੰਘ, ਪੰਨਾ 24-25)**

ਇਸ ਤਰ੍ਹਾਂ ਸਿੱਖਾਂ ਕੋਲ ਜਿੱਥੇ ਘੋੜਿਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਉਥੇ ਗੁਰੂ ਘਰ ਦਾ ਅਸਲਾਖਾਨਾ ਵੀ ਚੰਗੇ ਸ਼ਸ਼ਤਰਾਂ ਨਾਲ ਭਰਪੂਰ ਹੋਣ ਲੱਗ ਪਿਆ। ਘੋੜੇ ਅਤੇ ਹਥਿਆਰ ਜਮ੍ਹਾਂ ਕਰਨ ਦੇ ਨਾਲ-ਨਾਲ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਅਤੇ ਸੇਵਕਾਂ ਨੂੰ ਹਥਿਆਰ ਚਲਾਉਣੇ ਸਿਖਾਉਣ ਦਾ ਵੀ ਯੋਗ ਪ੍ਰਬੰਧ ਕਰ ਲਿਆ। ਇਸ ਸਿਖਲਾਈ ਲਈ ਗੁਰੂ ਜੀ ਨੇ ਭਾਈ

**ਜਹਾਂਗੀਰ ਸ਼ਰਾਬ-ਪਿਆਲੇ ਦਾ ਸ਼ੌਕੀਨ ਸੀ ਪਰ ਉਮਰ ਦੇ ਵਧਾ ਨਾਲ ਉਸ ਨੂੰ ਇਹ ਸ਼ੌਕ ਕੁਝ ਮਹਿੰਗਾ ਪੈਣ ਲੱਗ ਪਿਆ। ਲੋੜੋਂ ਵੱਧ ਸੇਵਨ ਸਦਕਾ ਉਹ ਸਖ਼ਤ ਬਿਮਾਰ ਹੋ ਗਿਆ। ਜਦੋਂ ਦੁਆ ਅਤੇ ਦਵਾ ਕੰਮ ਨਾ ਆਈਆਂ ਤਾਂ ਕਿਸੇ ਨੇਕ ਬਖ਼ਤ ਨੇ ਉਸ ਨੂੰ ਗੁਰੂ ਸਾਹਿਬ ਦੀ ਨਾਜਾਇਜ਼ ਨਜ਼ਰਬੰਦੀ ਦਾ ਅਹਿਸਾਸ ਕਰਵਾ ਦਿੱਤਾ। ਮੁਸੀਬਤ ਵਿਚ ਫਸੇ ਹੋਣ ਕਰਕੇ ਗੱਲ ਉਸ ਦੇ ਵੀ ਮਨ ਲੱਗ ਗਈ। ਉਸ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਜਦੋਂ ਇਸ ਹੁਕਮ ਦਾ ਪਤਾ ਬੇਕਸੂਰ ਕੈਦੀ ਰਾਜਿਆਂ ਨੂੰ ਲੱਗਾ ਤਾਂ ਉਨ੍ਹਾਂ ਨੇ ਵੀ ਗੁਰੂ ਸਾਹਿਬ ਦੇ ਸਨਮੁੱਖ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਸਾਨੂੰ ਵੀ ਇਸ ਨਰਕੀ ਜੀਵਨ ਤੋਂ ਛੁਟਕਾਰਾ ਦਿਵਾ ਦਿਉ। ਗੁਰੂ ਜੀ ਨੇ ਜਹਾਂਗੀਰ ਨੂੰ ਸੁਨੇਹਾ ਭੇਜਿਆ ਕਿ ਉਹ ਤਦ ਹੀ ਕਿਲ੍ਹੇ ਵਿਚੋਂ ਬਾਹਰ ਜਾਣਗੇ ਜੇ ਇਨ੍ਹਾਂ ਨਿਰਦੋਸ਼ ਰਾਜਿਆਂ ਨੂੰ ਨਾਲ ਹੀ ਰਿਹਾਅ ਕੀਤਾ ਜਾਵੇਗਾ। ਜਹਾਂਗੀਰ ਨੇ ਸ਼ਰਤਨੁਮਾ ਸਹਿਮਤੀ ਦਿੰਦਿਆਂ ਕਿਹਾ ਕਿ ਜਿੰਨੇ ਵੀ ਰਾਜੇ ਗੁਰੂ ਜੀ ਨਾਲ ਲੈ ਕੇ ਜਾਣਾ ਚਾਹੁੰਦੇ ਹਨ ਉਹ ਜਾਣ ਦਿੱਤੇ ਜਾਣ। ਗੁਰੂ ਸਾਹਿਬ ਜੀ 52 ਰਾਜਸੀ ਕੈਦੀਆਂ ਨੂੰ ਆਪਣੇ ਨਾਲ ਲੈ ਕੇ ਕਿਲ੍ਹੇ ਤੋਂ ਬਾਹਰ ਆ ਗਏ। ਇਸ ਕਰਕੇ ਛੇਵੇਂ ਪਾਤਸ਼ਾਹ ਨੂੰ 'ਬੰਦੀ ਛੋੜ' ਦਾਤੇ ਦਾ ਖਿਤਾਬ ਦਿੱਤਾ ਜਾਂਦਾ ਹੈ।**

ਬਿਧੀ ਚੰਦ, ਭਾਈ ਪਿਰਾਣਾ, ਭਾਈ ਜੇਠਾ, ਭਾਈ ਪਰਾਗਾ ਤੇ ਭਾਈ ਲੰਗਾਹ ਜੀ ਦੀ ਸੇਵਾ ਲਾਈ। ਹੌਲੀ-ਹੌਲੀ ਸਿੱਖ ਸੈਨਿਕਾਂ ਦੀ ਤਾਦਾਦ ਵੱਧਣ ਲੱਗੀ। ਦੂਰੋਂ-ਨੇੜਿਓਂ ਕਈ ਅੰਮ੍ਰਿਤਸਰ ਵਿਖੇ ਆ ਕੇ ਮਹੀਨਿਆਂ ਬੱਧੀ ਪੜਾਅ ਕਰ ਲੈਂਦੇ ਅਤੇ ਗੱਤਕੇ (ਮਾਰਸ਼ਲ ਆਰਟ) ਦੀ ਸਿਖਲਾਈ ਪ੍ਰਾਪਤ ਕਰਕੇ ਘਰ ਪਰਤ ਜਾਂਦੇ।

ਉਸ ਵਕਤ ਫ਼ੌਜਾਂ ਰੱਖਣ ਅਤੇ ਸ਼ਿਕਾਰ ਖੇਡਣ ਦਾ ਕੰਮ ਸਿਰਫ਼ ਰਾਜਿਆਂ-ਮਹਾਰਾਜਿਆਂ ਦੇ ਹੀ ਹਿੱਸੇ ਆਉਂਦਾ ਸੀ। ਬਾਕੀਆਂ ਲਈ ਇਹ ਮਨਾਹੀ-ਯੋਗ ਸੀ। ਗੁਰੂ ਸਾਹਿਬ ਦੀਆਂ ਇਹ ਕਾਰਵਾਈਆਂ ਹਕੂਮਤ ਲਈ ਵੰਗਾਰ ਸਾਬਤ ਹੋ ਰਹੀਆਂ ਸਨ। ਇਹ ਵੰਗਾਰ ਉਸ ਵਕਤ ਤਾਂ ਹੋਰ ਵੀ ਸਪਸ਼ਟ ਰੂਪ ਅਖ਼ਤਿਆਰ ਕਰ ਗਈ ਜਦੋਂ 1608 ਈਸਵੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਹੋ ਗਈ। ਇਸ ਤਖ਼ਤ ਉਪਰ ਗੁਰੂ ਹਰਗੋਬਿੰਦ ਜੀ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਉਪਦੇਸ਼ ਦੇਣ ਦੇ ਨਾਲ-ਨਾਲ ਸਮੇਂ-ਸਮੇਂ ਹੁਕਮਨਾਮੇ ਵੀ ਜਾਰੀ ਕਰਿਆ ਕਰਦੇ ਸਨ।

ਜਦੋਂ ਜਹਾਂਗੀਰ ਨੂੰ ਆਗਰਾ ਛੱਡ ਕੇ ਦੱਖਣੀ ਦਿਸ਼ਾ ਵੱਲ ਜਾਣਾ ਪਿਆ। ਇਸ ਸਮੇਂ ਦਾ ਲਾਹਾ ਗੁਰੂ ਜੀ ਨੇ ਮਾਲਵੇ ਅਤੇ ਦੁਆਬੇ ਵਿਚ ਸਿੱਖੀ ਦਾ ਪ੍ਰਚਾਰ ਕਰਕੇ ਲਿਆ। ਦੁਆਬੇ ਦੀ ਦਿਸ਼ਾ ਵਿਚ ਪ੍ਰਚਾਰ ਕਰਦਿਆਂ ਗੁਰੂ ਸਾਹਿਬ ਨੇ ਕਰਤਾਰਪੁਰ ਨਗਰ ਨੂੰ ਭਾਗ ਲਗਾਏ ਸਨ। ਪੈਂਦੇ ਖਾਂ ਵੀ ਇੱਥੇ ਹੀ ਗੁਰੂ ਕੀ ਫੌਜ ਵਿਚ ਭਰਤੀ ਹੋਇਆ ਸੀ। ਦੁਆਬੇ ਤੋਂ ਬਾਅਦ ਗੁਰੂ ਜੀ ਨੇ ਆਪਣੇ ਸਾਂਢੂ (ਸਾਈ ਦਾਸ) ਦੇ ਪਿੰਡ ਡਰੋਲੀ ਭਾਈ ਕੀ ਵਿਖੇ ਆ ਗਏ। ਇੱਥੇ ਰਹਿ ਕੇ ਗੁਰੂ ਜੀ ਨੇ ਜਿੱਥੇ ਲੋੜਵੰਦਾਂ ਦੀ ਸਹਾਇਤਾ ਕੀਤੀ ਉਥੇ ਰੱਬੀ ਬਾਣੀ ਦਾ ਸੰਦੇਸ਼ ਵੀ ਘਰ-ਘਰ ਪਹੁੰਚਾਇਆ।

ਗੁਰੂ ਸਾਹਿਬ ਦੀ ਸੇਵਾ ਸੰਭਾਲ ਅਤੇ ਇਨਸਾਫ਼-ਪਸੰਦੀ ਨੂੰ ਦੇਖ ਕੇ ਕਈ ਦੂਸਰੇ ਧਰਮਾਂ (ਖਾਸ ਕਰਕੇ ਮੁਸਲਿਮ ਸਮਾਜ) ਦੇ ਲੋਕ ਵੀ ਗੁਰੂ ਘਰ ਦੇ ਨੇੜੇ ਆਉਣ ਲੱਗੇ। ਇਹ ਗੱਲ ਵਕਤ ਦੇ ਹਾਕਮ ਜਹਾਂਗੀਰ ਦੀ ਬਰਦਾਸ਼ਤ ਦੇ ਘੇਰੇ ਤੋਂ ਬਾਹਰ ਹੋਈ ਜਾ ਰਹੀ ਸੀ। ਉਸ ਨੇ ਜੁਰਮਾਨਾ ਵਸੂਲੀ ਦਾ ਬਹਾਨਾ ਬਣਾ ਕੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਨਜ਼ਰਬੰਦ ਕਰ ਦਿੱਤਾ। ਇਹ ਕਿਲ੍ਹਾ ਸ਼ਾਹੀ ਕੈਦੀਆਂ ਅਤੇ ਲੰਮੀ ਕੈਦ ਵਾਲਿਆਂ ਵਾਸਤੇ ਉਚੇਚੇ ਤੌਰ 'ਤੇ ਬਣਾਇਆ ਗਿਆ ਸੀ। ਕਈਆਂ ਕੈਦੀਆਂ ਦਾ ਜੀਵਨ ਤਾਂ ਇਸ ਕਿਲ੍ਹੇ ਦੀ ਭੇਟ ਹੀ ਚੜ੍ਹ ਜਾਂਦਾ ਸੀ। ਜਦੋਂ ਛੇਵੇਂ ਪਾਤਸ਼ਾਹ ਕਿਲ੍ਹੇ ਵਿਚ ਗਏ ਉਨ੍ਹਾਂ ਦੇਖਿਆ ਕਿ ਕਈ ਰਾਜਪੂਤ ਰਜਵਾੜੇ ਅਤੇ ਸ਼ਿਵਾਲਕ ਦੀਆਂ ਪਹਾੜੀਆਂ ਦੇ ਰਾਜੇ ਵੀ ਕੈਦ ਕੱਟ ਰਹੇ ਸਨ। ਇਨ੍ਹਾਂ ਰਾਜਿਆਂ ਦੀ ਗਿਣਤੀ 52 ਦੇ ਕਰੀਬ ਸੀ। ਗੁਰੂ ਜੀ ਦੇ ਆਉਣ ਨਾਲ ਸਵੇਰੇ ਸ਼ਾਮ ਹੋਣ ਵਾਲੇ ਸਤਿਸੰਗ ਅਤੇ ਧਾਰਮਿਕ ਵਿਚਾਰਾਂ ਨੇ ਕਿਲ੍ਹੇ ਵਿਚਲੇ ਵਾਤਾਵਰਨ ਨੂੰ ਹੀ ਬਦਲ ਕੇ ਰੱਖ ਦਿੱਤਾ। ਇੱਥੋਂ ਤਕ ਕਿ ਕਿਲ੍ਹੇ ਦਾ ਦਰੋਗਾ ਹਰੀਦਾਸ ਵੀ ਗੁਰੂ ਸਾਹਿਬ ਦਾ ਪ੍ਰਭਾਵ ਕਬੂਲਣੋਂ ਨਾ ਰਹਿ ਸਕਿਆ। ਇੱਧਰ ਜਦੋਂ ਸੰਗਤਾਂ ਨੂੰ ਆਪਣੇ ਸੱਚੇ ਪਾਤਸ਼ਾਹ ਦੀ ਗ੍ਰਿਫਤਾਰੀ ਦਾ ਪਤਾ ਲੱਗਿਆ ਤਾਂ ਉਨ੍ਹਾਂ ਨੇ ਆਪਣੇ ਰੋਸ ਦਾ ਪ੍ਰਗਟਾਵਾ, ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿਚੋਂ ਚੌਂਕੀਆਂ ਕੱਢ ਕੇ ਕਰਨਾ ਸ਼ੁਰੂ ਕਰ ਦਿੱਤਾ।

ਜਹਾਂਗੀਰ ਸ਼ਰਾਬ-ਪਿਆਲੇ ਦਾ ਸ਼ੌਕੀਨ ਸੀ ਪਰ ਉਮਰ ਦੇ ਵਧਾ ਨਾਲ ਉਸ ਨੂੰ ਇਹ ਸ਼ੌਕ ਕੁਝ ਮਹਿੰਗਾ ਪੈਣ ਲੱਗ ਪਿਆ। ਲੋੜੋਂ ਵੱਧ ਸੇਵਨ ਸਦਕਾ ਉਹ ਸਖ਼ਤ ਬਿਮਾਰ ਹੋ ਗਿਆ। ਜਦੋਂ ਦੁਆ ਅਤੇ ਦਵਾ ਕੰਮ ਨਾ ਆਈਆਂ ਤਾਂ ਕਿਸੇ ਨੇਕ ਬਖ਼ਤ ਨੇ ਉਸ ਨੂੰ ਗੁਰੂ ਸਾਹਿਬ ਦੀ ਨਾਜਾਇਜ਼ ਨਜ਼ਰਬੰਦੀ ਦਾ ਅਹਿਸਾਸ ਕਰਵਾ ਦਿੱਤਾ। ਮੁਸੀਬਤ ਵਿਚ ਫਸੇ ਹੋਣ ਕਰਕੇ ਗੱਲ ਉਸ ਦੇ ਵੀ ਮਨ ਲੱਗ ਗਈ। ਉਸ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਜਦੋਂ ਇਸ ਹੁਕਮ ਦਾ ਪਤਾ ਬੇਕਸੂਰ ਕੈਦੀ ਰਾਜਿਆਂ ਨੂੰ ਲੱਗਾ ਤਾਂ ਉਨ੍ਹਾਂ ਨੇ ਵੀ ਗੁਰੂ ਸਾਹਿਬ ਦੇ ਸਨਮੁੱਖ ਬੇਨਤੀ ਕੀਤੀ ਕਿ **ਸੱਚੇ ਪਾਤਸ਼ਾਹ** ਸਾਨੂੰ ਵੀ ਇਸ ਨਰਕੀ ਜੀਵਨ ਤੋਂ ਛੁਟਕਾਰਾ ਦਿਵਾ ਦਿਉ। ਗੁਰੂ ਜੀ ਨੇ ਜਹਾਂਗੀਰ ਨੂੰ ਸੁਨੇਹਾ ਭੇਜਿਆ ਕਿ ਉਹ ਤਦ ਹੀ ਕਿਲ੍ਹੇ ਵਿਚੋਂ ਬਾਹਰ ਜਾਣਗੇ ਜੇ ਇਨ੍ਹਾਂ ਨਿਰਦੋਸ਼ ਰਾਜਿਆਂ ਨੂੰ ਨਾਲ ਹੀ ਰਿਹਾਅ ਕੀਤਾ ਜਾਵੇਗਾ। ਜਹਾਂਗੀਰ ਨੇ ਸ਼ਰਤਨੁਮਾ ਸਹਿਮਤੀ ਦਿੰਦਿਆਂ ਕਿਹਾ ਕਿ ਜਿੰਨੇ ਵੀ ਰਾਜੇ ਗੁਰੂ ਜੀ ਨਾਲ ਲੈ ਕੇ ਜਾਣਾ ਚਾਹੁੰਦੇ ਹਨ ਉਹ ਜਾਣ ਦਿੱਤੇ ਜਾਣ। ਗੁਰੂ ਸਾਹਿਬ ਜੀ 52 ਰਾਜਸੀ ਕੈਦੀਆਂ ਨੂੰ ਆਪਣੇ ਨਾਲ ਲੈ ਕੇ ਕਿਲ੍ਹੇ ਤੋਂ ਬਾਹਰ ਆ ਗਏ। ਇਸ ਕਰਕੇ ਛੇਵੇਂ ਪਾਤਸ਼ਾਹ ਨੂੰ **'ਬੰਦੀ ਛੋੜ'** ਦਾਤੇ ਦਾ ਖਿਤਾਬ ਦਿੱਤਾ ਜਾਂਦਾ ਹੈ।

ਗੁਰੂ ਸਾਹਿਬ ਜੀ ਨੇ ਬਾਬਾ ਗੁਰਦਿੱਤਾ ਜੀ ਦੀ ਪਹਾੜੀ ਇਲਾਕੇ ਵਿੱਚ ਕੋਈ ਯੋਗ ਸਥਾਨ ਚੁਣਨ ਦੀ ਸੇਵਾ ਲਗਾਈ। ਬਾਬਾ ਜੀ ਨੇ ਉਹ ਸਥਾਨ ਰੋਪੜ ਤੋਂ ਨੰਗਲ ਸੜਕ 'ਤੇ ਵਸੇ ਨਗਰ (ਸ੍ਰੀ ਕੀਰਤਪੁਰ ਸਾਹਿਬ) ਨੂੰ ਚੁਣਿਆ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀਆਂ ਸਰਗਰਮੀਆਂ ਜਿਵੇਂ ਆਪਣੀ ਫੌਜ ਰੱਖਣਾ, ਸ਼ਿਕਾਰ ਖੇਡਣਾ ਅਤੇ ਕਲਗੀ ਲਗਾ ਕੇ ਸ੍ਰੀ ਅਕਾਲ ਤਖ਼ਤ 'ਤੇ ਬੈਠਣਾ ਆਦਿ ਮੁਗ਼ਲ ਸਰਕਾਰ ਲਈ ਸਿੱਧੀ ਵੰਗਾਰ ਸੀ।

1627 ਈਸਵੀ ਵਿੱਚ ਜਹਾਂਗੀਰ ਦੀ ਮੌਤ ਹੋ ਗਈ। ਉਸ ਤੋਂ ਬਾਅਦ ਉਸ ਦਾ ਪੁੱਤਰ ਸ਼ਾਹਜਹਾਨ ਰਾਜਗੱਦੀ ਦਾ ਵਾਰਸ ਬਣ ਗਿਆ। ਕੱਟੜਪੰਥੀ ਮੁਸਲਮਾਨਾਂ ਨੂੰ ਖੁਸ਼ ਕਰਨ ਲਈ ਉਸ ਨੇ ਗ਼ੈਰ-ਮੁਸਲਿਮ ਭਾਈਚਾਰੇ 'ਤੇ ਜ਼ਿਆਦਤੀਆਂ ਦਾ ਸਿਲਸਿਲਾ ਆਰੰਭ ਕਰ ਦਿੱਤਾ। ਇਸ ਸਿਲਸਿਲੇ ਨੂੰ ਠੱਲ੍ਹ ਪਾਉਣ ਲਈ ਛੇਵੇਂ ਗੁਰੂ ਨੂੰ ਸਮੇਂ-ਸਮੇਂ ਕਈ ਜੰਗਜੂ ਕਾਰਵਾਈਆਂ/ ਲੜਾਈਆਂ ਵੀ ਕਰਨੀਆਂ ਪਈਆਂ। ਇਸ ਲੜੀ ਵਜੋਂ ਉਨ੍ਹਾਂ ਨੂੰ ਰੁਹੇਲੇ (ਸ੍ਰੀ ਹਰਗੋਬਿੰਦਪੁਰ ਸਾਹਿਬ) ਵਿਖੇ ਪਹਿਲੀ ਜੰਗ ਲੜਨੀ ਪਈ।

ਗੁਰੂ ਸਾਹਿਬ ਦੀ ਦੂਸਰੀ ਜੰਗ ਲੋਹਗੜ੍ਹ (ਅੰਮ੍ਰਿਤਸਰ) ਵਿੱਚ ਗੁਰੂ ਕੀ ਫ਼ੌਜ ਨੇ ਵੈਰੀ ਨੂੰ ਕਰਾਰੀ ਹਾਰ ਦਿੱਤੀ।

ਤੀਸਰੀ ਜੰਗ ਮਰਾੜ ਦੇ ਨਜ਼ਦੀਕ ਇਕ ਢਾਬ 'ਤੇ ਮੋਰਚੇ ਕਾਇਮ ਕਰਕੇ ਲੜੀ ਗਈ, ਜਿਸ ਦਾ ਕਾਰਨ ਭਾਈ ਬਿਧੀ ਚੰਦ ਜੀ ਦੁਆਰਾ ਉਨ੍ਹਾਂ ਦੋ ਘੋੜਿਆਂ ਨੂੰ ਲਾਹੌਰ ਦੇ ਕਿਲ੍ਹੇ ਵਿਚੋਂ ਕੱਢ ਕੇ ਗੁਰੂ ਦਰਬਾਰ ਵਿਚ ਪਹੁੰਚਾਉਣਾ ਸੀ ਜਿਨ੍ਹਾਂ ਨੂੰ ਕਾਬੁਲ ਤੋਂ ਆ ਰਹੇ ਸਿੱਖਾਂ ਕੋਲੋਂ ਲਾਹੌਰ ਦੇ ਹਾਕਮ ਨੇ ਖੋਹ ਲਿਆ ਸੀ।

ਗੁਰੂ ਸਾਹਿਬ ਦੀ ਚੌਥੀ ਜੰਗ ਕਰਤਾਰਪੁਰ ਸਾਹਿਬ ਦੀ ਹੈ ਜੋ ਸਿੱਖ ਇਤਿਹਾਸ ਵਿੱਚ ਇਕ ਅਹਿਮ ਸਥਾਨ ਰੱਖਦੀ ਹੈ। ਇਸ ਜੰਗ ਦਾ ਸਬੱਬ ਸਿੱਖ ਫੌਜ ਦੇ ਇਕ ਸਾਬਕਾ ਜਰਨੈਲ ਪੈਂਦੇ ਖਾਨ ਦੀ ਗੁਰੂ ਘਰ ਨਾਲ ਗੱਦਾਰੀ ਅਤੇ ਫੌਜਦਾਰ ਕਾਲੇ ਖਾਂ ਦੀ ਬਦਲੇ ਦੀ ਭਾਵਨਾ ਸੀ। ਸੋ ਇਨ੍ਹਾਂ ਦੁਸ਼ਟਾਂ ਨੇ ਮਿਲਵੇਂ ਰੂਪ ਵਿੱਚ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਇਹ ਜੰਗ ਲਗਾਤਾਰ ਤਿੰਨ ਦਿਨ ਹੁੰਦੀ ਰਹੀ। ਗੁਰੂ ਸਾਹਿਬ ਦੀ ਪੰਜਵੀਂ ਜੰਗ ਪਲਾਹੀ ਸਾਹਿਬ (ਫਗਵਾੜਾ) ਵਿਖੇ ਹੋਈ। ਸ਼ਾਹੀ ਫੌਜਾਂ ਨੇ ਗੁਰੂ ਕੀਆਂ ਫੌਜਾਂ 'ਤੇ ਅਚਾਨਕ ਹਮਲਾ ਕਰ ਦਿੱਤਾ। ਹਮਲਾ ਭਾਵੇਂ ਕਹਿਰੀ ਸੀ ਪਰ ਸਿੱਖਾਂ ਨੇ ਇਸ ਦਾ ਮੂੰਹ ਤੋੜਵਾਂ ਜਵਾਬ ਦਿੱਤਾ। ਇਸ ਤਰ੍ਹਾਂ ਸ਼ਾਹੀ ਫੌਜਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਗਿਆ।

ਆਪਣੀ ਸੰਸਾਰਿਕ ਯਾਤਰਾ ਦੀ ਸੰਪੂਰਨਤਾ ਨੂੰ ਨੇੜੇ ਜਾਣ ਕੇ ਛੇਵੇਂ ਸਤਿਗੁਰਾਂ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਆਪਣੇ ਪੋਤਰੇ ਹਰਿ ਰਾਏ ਸਾਹਿਬ ਨੂੰ ਸੌਂਪ ਦਿੱਤੀ। ਗੁਰੂ ਹਰਗੋਬਿੰਦ ਸਾਹਿਬ ਜੀ ਮਾਰਚ ਮਹੀਨੇ ਸੰਨ 1644 ਨੂੰ ਜੋਤੀ ਜੋਤ ਸਮਾ ਗਏ।

-0-

# ਸੈਭੰ

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਮੁਢੱਲੇ ਸਿੱਖੀ ਸਿਧਾਂਤ ਵਿਚ ਅਕਾਲ ਪੁਰਖ ਨੂੰ ਸੈਭੰ ਵੀ ਦਸਦੇ ਹਨ। ਸੈਭੰ- ਜੋ ਕਿਸੇ ਹੋਰ ਦਾ ਬਣਾਇਆ ਹੋਇਆ ਨਹੀਂ, ਉਸਨੂੰ ਕਿਸੇ ਦੇ ਸਹਾਰੇ ਦੀ ਲੋੜ ਨਹੀਂ। ਉਹ ਆਪਣੇ ਆਪ ਤੋਂ ਹੈ। ਸੈਭੰ- ਸੈ ਮਤਲਬ ਸਵਯੇ ਤੇ ਭੰ ਮਤਲਬ ਪ੍ਰਕਾਸ਼- ਜਿਸ ਦਾ ਆਪਣੇ ਆਪ ਤੋਂ ਪ੍ਰਕਾਸ਼ ਹੈ। ਜਿਸ ਨੂੰ ਕਿਸੇ ਸਹਾਰੇ ਦੀ ਲੋੜ ਨਹੀਂ, ਆਪਣੇ ਆਪ ਤੋਂ ਹੀ ਪ੍ਰਕਾਸ਼ਿਤ ਹੈ।

**ਸੈਭੰ-ਪਦ ਅਰਥ-** ਸੈਭੰ- ਸੁਤੇ ਪ੍ਰਕਾਸ਼ (ਆਪਣੇ ਆਪ ਤੋਂ ਹੋਂਦ ਵਿੱਚ ਆਉਣਾ); ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੋਵੇ। ਓਅੰਕਾਰ, ਬ੍ਰਹਮ ਸੁਤੇ ਪ੍ਰਕਾਸ਼ ਸਰੂਪ ਹੈ। ਆਪਣੇ ਆਪ ਤੋਂ ਹੋਂਦ ਵਿੱਚ ਆਇਆ ਹੋਇਆ ਹੈ। ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ। ਗੁਰਵਾਕ ਹੈ-

**ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥**
**ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥ (463)**

ਅਕਾਲ ਪੁਰਖ ਦੀ ਜੋਤ ਅਖੰਡ ਜੋਤ ਹੈ, ਜੋ ਕਦੇ ਬੁਝਣ ਵਾਲੀ ਨਹੀਂ।

**ਸਭ ਮਹਿ ਜੋਤਿ ਜੋਤਿ ਹੈ ਸੋਇ॥**
**ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥ (663)**



ਮੰਗਤ ਸਿੰਘ ਰਾਹੀ
# 98882-91607

ਓਅੰਕਾਰ ਪਾਰਬ੍ਰਹਮ ਦਾ ਕੋਈ ਰੂਪ,ਰੇਖ, ਭੇਖ, ਰੰਗ, ਨਾਮ, ਚੱਕਰ ਚਿਹਨ ਨਹੀਂ ਹੁੰਦਾ। ਇਸ ਕਰਕੇ ਉਹ (ਸਵੈ ਨਿਰਮਾਣ) ਆਪਣੇ ਆਪ ਤੋਂ ਪ੍ਰਕਾਸ਼ਮਾਨ ਹੈ।

ਸਚਿਆਰ ਮਨ ਵੀ ਧੁਰ ਕੀ ਬਾਣੀ ਸੁਤੇ ਪ੍ਰਕਾਸ਼ ਗੁਰੂ ਉਪਦੇਸ਼ ਤੋਂ ਜਨਮ ਲੈਂਦਾ ਹੈ। ਧੁਰ ਦੇ ਉਪਦੇਸ਼ (ਜੈਸੀ ਮੈ ਆਵੈ ਖਸਮ ਕੀ ਬਾਣੀ) ਦੀ ਕਮਾਈ ਨਾਲ ਚੰਗੇ ਗੁਣ ਗ੍ਰਹਿਣ ਕਰਦਾ ਹੈ। **ਸਤਿਗੁਰ ਕੈ ਜਨਮੇ ਗਵਨੁ ਮਿਟਾਇਆ॥** (940) ਜਿਸ ਕਰਕੇ ਸਰੀਰ ਦੇ (ਦੇਹੀ ਦੇ) ਸਭ ਗਿਆਨ ਇੰਦਰੇ ਸਚਿਆਰ ਮਨੁੱਖ ਦੀ ਘਾੜਤ ਘੜਦੇ ਹਨ। ਸੈਭੰ ਅਕਾਲ ਪੁਰਖ ਰਾਹੀਂ, ਮਨ ਸੈਭੰ ਉਪਦੇਸ਼ ਪ੍ਰਾਪਤ ਕਰਦਾ ਹੈ, ਜੋ ਭਗਤ ਕਹਿਲਾਉਂਦਾ ਹੈ।

**ਅਕਾਲ ਮੂਰਤਿ ਪਰਤਖਿ ਹੋਇ ਨਾਉ ਅਜੂਨੀ ਸੈਭੰ ਭਾਇਆ।**
**ਗੁਰਪਰਸਾਦਿ ਸੁ ਆਦਿ ਸਚੁ ਜੁਗਹ ਜੁਗੰਤਰੁ ਹੋਂਦਾ ਆਇਆ।**
**(ਵਾਰ-39, ਪਉੜੀ-1)**

# ਗੁਰਪ੍ਰਸਾਦਿ

**ਗੁਰ ਪ੍ਰਸਾਦਿ- ਪਦ ਅਰਥ-** ਗੁਰ ਪ੍ਰਸਾਦਿ- ਗੁਰੂ ਦੀ ਕਿਰਪਾ, ਬਖਸ਼ਿਸ਼, ਨਦਰ ਨਿਹਾਲੀ ਗਿਆਨ। ਉਪਰੋਕਤ ਵਿਚਾਰਿਆ, ਸਮਝਿਆ ੧ਓ ਤੋਂ ਸੈਭੰ ਤੱਕ ਓਅੰਕਾਰ, ਪਾਰਬ੍ਰਹਮ, ਪਰਮੇਸ਼ਰ ਦੀ ਪ੍ਰਾਪਤੀ, ਉਸਦਾ ਮਿਲਾਪ, ਉਸ ਨਾਲ ਅਭੇਦ ਹੋਣਾ, ਗੁਰ ਪ੍ਰਸਾਦਿ ਭਾਵ (ਗੁਰੂ ਦੀ ਕਿਰਪਾ) ਬਖਸ਼ਿਸ ਨਾਲ ਹੀ ਹੋ ਸਕਦੀ ਹੈ। ਅਰਥਾਤ ਹਰੀ ਦੀ ਪ੍ਰਾਪਤੀ, ਗੁਰੂ ਦੀ ਆਪਣੀ ਕਿਰਪਾ ਨਾਲ ਹੁੰਦੀ ਹੈ। ਗੁਰਬਾਣੀ ਵਿਆਕਰਣ ਰਾਹੀਂ ਗੁਰੂ ਅਤੇ ਪ੍ਰਸਾਦਿ ਦੋ ਅੱਖਰ ਹਨ, ਪਰ ਅਲੱਗ ਨਹੀਂ ਹੋ ਸਕਦੇ, ਕਿਉਂਕਿ ਜੇ ਕਿਰਪਾ ਹੈ ਤਾਂ ਕਿਸ ਦੀ ਹੈ। ਗੁਰੂ ਦੀ ਹੀ ਕਿਰਪਾ ਹੈ। ਗੁਰੂ ਕਿਰਪਾ ਤੋਂ ਬਿਨਾਂ ਪ੍ਰਭੂ ਪ੍ਰਾਪਤੀ ਅਸੰਭਵ ਹੈ।

ਗੁਰਪ੍ਰਸਾਦਿ ਨੂੰ ਸਮਝਣ ਲਈ ਇਹ ਸਮਝਣਾ ਜ਼ਰੂਰੀ ਹੈ, ਕਿ ਗੁਰੂ ਕੌਣ ਹੈ ਤੇ ਉਸਦੀ ਕਿਰਪਾ ਕੀ ਹੈ? ਗੁਰੂ ਸਾਹਿਬ ਜੀ ਗੁਰਬਾਣੀ ਵਿੱਚ, ਖਾਸ ਕਰਕੇ ਜਪੁ ਜੀ ਸਾਹਿਬ ਵਿੱਚ ਹਰੀ- ਗੁਰੂ, ਅਕਾਲ ਪੁਰਖ ਗੁਰੂ, ਪੂਰਾ ਗੁਰੂ, ਕਰਤਾਰ ਗੁਰੂ ਦੇ ਸਿਧਾਂਤ ਨੂੰ ਪ੍ਰਵਾਨ ਕਰਦੇ ਹਨ ਅਤੇ ਦ੍ਰਿੜ ਕਰਾਉਂਦੇ ਹਨ।

ਗੁਰੂ ਸਾਹਿਬ ਦਾ ਇਹ ਵਿਸ਼ਵਾਸ ਹੈ ਕਿ ਮਨੁੱਖ ਲਈ ਹਰੀ ਗੁਰੂ ਦੀ ਅਗਵਾਈ ਪੂਰਨ ਹੈ, ਜੋ ਸਦੀਵੀ ਤੌਰ 'ਤੇ ਮੌਜੂਦ ਹੈ। ਹੋਰ ਕਿਸੇ ਦੀ ਅਗਵਾਈ ਪੂਰਨ ਤੇ ਸਦੀਵੀ ਨਹੀਂ ਹੁੰਦੀ, ਜਿੰਨਾ ਚਿਰ ਉਹ ਹਰੀ ਗੁਰੂ ਦੇ ਨਾਲ ਅਭੇਦ ਨਾ ਹੋ ਗਿਆ ਹੋਵੇ।

**ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ॥ (599)**

ਅਰਥਾਤ ਨਾਨਕ ਨੂੰ ਉਹ ਗੁਰੂ ਮਿਲਿਆ ਹੈ, ਜਿਸ ਨੂੰ ਅਪਰੰਪਰ (ਪਰੇ ਤੋਂ ਪਰੇ) ਪਾਰਬ੍ਰਹਮ ਪਰਮੇਸ਼ਰ ਕਹਿੰਦੇ ਹਨ। ਉਹ ਪਾਰਬ੍ਰਹਮ ਪਰਮੇਸ਼ਰ ਗੁਰੂ ਨਾਨਕ ਸਾਹਿਬ ਜੀ ਦੇ ਹਿਰਦੇ ਵਿੱਚ (ਰੋਮ ਰੋਮ ਵਿੱਚ) ਵਸਦੇ ਹਨ। ਪਰਮੇਸ਼ਰ ਨਾਲ **ਅਭੇਦ** ਸਿਰਫ ਸਮੱਰਥ ਗੁਰੂ (ਪੂਰਨ ਗੁਰੂ) ਹੀ ਕਰਵਾ ਸਕਦਾ ਹੈ। ਗੁਰੂ ਨਾਨਕ ਇਸ ਕਰਕੇ ਗੁਰੂ ਹੈ, ਕਿਉਂਕਿ ਉਹ ਪਾਰਬ੍ਰਹਮ, **ਓਅੰਕਾਰ** ਵਿੱਚ ਅਭੇਦ ਹੋ ਗਏ ਹਨ ਤੇ ਹਰੀ ਰੂਪ ਹੋ ਗਏ ਹਨ।

**ਗੁਰੁ ਨਾਨਕੁ ਨਾਨਕੁ ਹਰਿ ਸੋਇ॥ (864)**

**ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥**
**ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥ (1395)**

ਗੁਰੂ ਚੇਤਨ ਸਰੂਪ ਹੈ। ਸਾਰਿਆਂ ਦਾ ਗੁਰੂ (ਪੂਜਨੀਕ) ਹੈ। ਗੁਰੂ ਅਗਿਆਨਤਾ ਦਾ ਨਾਸ਼ ਕਰਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਚੇਤਨ ਸਰੂਪ ਹੈ।

**ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥ (293)**

**ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥**
**ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ॥ ਰਹਾਉ॥ (59)**

ਗੁਰੂ ਦੀ ਮਹਿਮਾ ਅਪਰੰਪਾਰ ਹੈ, ਬੇਅੰਤ ਹੈ। ਗੁਰਬਾਣੀ ਵਿੱਚ ਇਸ ਦੇ ਬੇਅੰਤ ਸ਼ਬਦ ਹਨ। ਇਸ ਲਈ ਗੁਰੂ ਨਾਨਕ ਤੇ ਬਾਕੀ ਪਾਤਸ਼ਾਹੀਆਂ ਬੇਅੰਤ ਹਨ ਵੱਡੀਆਂ ਹਨ।

**ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥ (750)**

ਗੁਰੂ ਨਾਨਕ ਇਸ ਲਈ ਵੱਡਾ ਹੈ, ਕਿਉਂਕਿ ਉਸਦਾ **ਪ੍ਰਸਾਦਿ** ਵਡਿਆਈਆਂ, ਬਖਸ਼ਿਸ਼ਾਂ ਵੱਡੀਆਂ ਹਨ। ਪੂਰਨ ਗੁਰੂ ਹੈ, ਸਮਰੱਥ ਗੁਰੂ ਹੈ। ਅਕਾਲ ਪੁਰਖ ਦਾ ਸਭ ਤੋਂ ਵੱਡਾ ਪ੍ਰਸਾਦਿ (ਕਿਰਪਾ) ਮਨੁੱਖਤਾ ਲਈ, ਜੋ ਗੁਰੂ ਨਾਨਕ ਇਸ ਜਗਤ ਵਿੱਚ ਪ੍ਰਗਟ ਹੋਏ। ਗੁਰੂ ਪ੍ਰਕਾਸ਼ ਸਰੂਪ ਹੈ। ਗਿਆਨ ਦਾ ਸੋਮਾ ਹੈ। ਬੁੱਧੀ ਵਾਲਾ ਹੈ। ਅਥਵਾ ਉਸ ਦੀ ਪ੍ਰਾਪਤੀ ਗੁਰੂ ਦੇ **ਪ੍ਰਸਾਦਿ** (ਫਜ਼ਲ) ਕਿਰਪਾ ਦੁਆਰਾ ਹੀ ਸੰਭਵ ਹੈ।

ਗੁਰ ਪ੍ਰਸਾਦਿ ਦੇ ਸੁੰਦਰ ਵਿਚਾਰ **ਵੀਰ ਭੁਪਿੰਦਰ ਸਿੰਘ** ਜੀ ਨੇ ਆਪਣੀ ਪੁਸਤਕ **ਸਚਿਆਰ ਕਿਵੇਂ ਬਣੀਏ** ਵਿੱਚ ਇਸ ਤਰਾਂ ਲਿਖੇ ਹਨ।

**ਹੁਬਹੂ-**ਰੱਬ ਜੀ ਦਾ ਗੁਣ ਹੈ ਕਿ ਪ੍ਰਸਾਦਿ (ਕਿਰਪਾ, grace ਓਸ wisdom) ਦੀ ਵਰਖਾ ਕਰਦੇ ਹਨ, ਸਤਿਗੁਰੂ ਦੀ ਮਤ ਦੀ ਦਾਤ ਬਖਸ਼ਦੇ ਹਨ। ਸਚਿਆਰ ਬਣਨ ਵਾਲੇ ਮਨ ਨੂੰ ਇਹ ਸਮਝ ਪੈ ਜਾਂਦੀ ਹੈ, ਜਿਸ ਦਾ

**ਬਾਕੀ ਸਫਾ 21 'ਤੇ**

# ਅੰਕਿ ਸਹੇਲੜੀਆਹ

ਇੰਜੀ: ਜੋਗਿੰਦਰ ਸਿੰਘ

ਸੰਗਿਆਵਾਚਕ 'ਅੰਕ' ਦਾ ਅਰਥ ਹੈ ਚਿੰਨ੍ਹ ਜਾਂ ਨਿਸ਼ਾਨ। ਗਿਣਤੀ ਨੂੰ ਦਰਸਾਉਂਦਾ ਨਿਸ਼ਾਨ ਵੀ 'ਅੰਕ' ਹੈ ਅਤੇ ਕਿਸੇ ਅਤੀ ਵਿਸ਼ੇਸ਼ ਵਸਤੂ ਜਾਂ ਵਿਅਕਤੀ ਦੀ ਨਿਸ਼ਾਨਦੇਹੀ ਨੂੰ ਵੀ 'ਵਿਸ਼ੇਸ਼ਣ' ਦੇ ਤੌਰ 'ਤੇ ਅੰਕਿਤ ਹੋਇਆ, ਅੰਗਿਆ ਹੋਇਆ, 'ਅੰਕ' ਜਾਂ 'ਅੰਗ' ਆਖਿਆ ਜਾਂਦੈ। ਅਸੀਂ ਆਪਣੇ ਸਰੀਰ ਦੇ ਸਾਰਿਆਂ ਹਿੱਸਿਆਂ ਨੂੰ 'ਅੰਗ' ਕਹਿੰਦੇ ਹਾਂ ਕਿਉਂਕਿ ਇਹ ਸਾਡੇ 'ਆਪੇ' ਨਾਲ ਅੰਗੇ ਹੋਏ, ਜੁੜੇ ਹੋਏ ਨੇ, ਸਾਰਿਆਂ ਦਾ ਦੁੱਖ-ਸੁਖ ਸਾਂਝਾ ਹੈ ਜਾਂ ਇਉਂ ਕਹੀਏ ਕਿ ਇਹਨਾਂ ਅੰਗਾਂ ਦਾ ਸਮੂੰਹ ਹੀ ਸਾਡਾ ਸਰੂਪ ਹੈ। ਇਸੇ ਤਰ੍ਹਾਂ ਅਤਿ ਨਿਕਟਵਰਤੀ ਸੰਗੀ-ਸਾਥੀ ਜੋ ਸਾਡੀ ਮਾਨਸਿਕਤਾ ਦਾ ਇਕ ਹਿੱਸਾ ਬਣ ਚੁੱਕਾ ਹੋਵੇ, ਐਸੇ ਮਿੱਤਰ-ਪਿਆਰਿਆਂ ਜਾਂ ਸਹੇਲੀਆਂ ਨੂੰ ਗੁਰਬਾਣੀ ਵਿਚ 'ਅੰਕ ਸਹੇਲੜੀਆਹ' ਅੰਕਿਤ ਕੀਤਾ ਗਿਆ ਹੈ। 'ੜ' ਅੱਖਰ ਖਾਸ ਪਿਆਰ-ਸਤਿਕਾਰ ਦਾ ਪ੍ਰਤੀਕ ਹੈ। ਜਿਵੇਂ ਕਿ **ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥ (763)**

ਗੁਰੂ ਨਾਨਕ ਸਾਹਿਬ ਵਲੋਂ ਉਚਾਰੇ ਸਿਰੀ ਰਾਗੁ ਦੇ ਇਕ ਸ਼ਬਦ ਦੀਆਂ ਆਰੰਭਕ ਪੰਕਤੀਆਂ ਹਨ:

**ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥**
**ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ॥ (17)**

ਇਥੇ ਅਧਿਆਤਮਿਕ ਮਾਰਗ ਦੇ ਸੰਗੀ-ਸਾਥੀਆਂ ਜਾਂ ਸਤ-ਸੰਗੀ ਜਿਗਿਆਸੂਆਂ ਨੂੰ ਭੈਣਾਂ ਤੇ ਪਿਆਰੀਆਂ ਸਹੇਲੀਆਂ

ਵਾਂਗ ਗੱਲ ਲੱਗ ਕੇ ਮਿਲਣ ਭਾਵ ਨੇੜੇ ਨੇੜੇ ਜੁੜ ਕੇ ਬੈਠਣ ਅਤੇ ਸਰਬ ਸਮਰੱਥ 'ਸਾਚੇ-ਸਾਹਿਬ' ਪ੍ਰਭੂ-ਕੰਤ ਦੀਆਂ ਕਥਾ-ਕਹਾਣੀਆਂ ਕਹਿਣ-ਸੁਣਨ ਵੱਲ ਪ੍ਰੇਰਿਤ ਕੀਤਾ ਗਿਆ ਹੈ। ਗੁਰਬਾਣੀ ਵਿੱਚ ਗੁਰਮੁਖਾਂ ਨੂੰ ਸਖੀਆਂ-ਸਹੇਲੀਆਂ ਆਖਦਿਆਂ, ਸਤਿਗੁਰੂ ਵਲੋਂ ਆਪਣੇ ਸਿੱਖਾਂ, ਮਿੱਤਰਾਂ, ਪੁੱਤਰਾਂ ਤੇ ਭਰਾਵਾਂ ਵਾਂਗ ਇਕੋ ਜਿਹੇ ਸਨੇਹੀ ਪਿਆਰ ਵਾਲੀ ਸੰਗਤ-ਸਥਾਪਨਾ ਦੁਆਰਾ ਆਤਮਿਕ ਉੱਚਤਾ ਤੇ ਸੁਹਿਰਦਤਾ ਭਰਪੂਰ ਸਮਾਜਿਕ ਜੀਵਨ ਜੀਉਣ ਦੇ ਚੱਜ-ਆਚਾਰ ਸਿਖਾਏ ਗਏ ਹਨ:

**ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ ॥**
**ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ॥**
**ਜਿਨਾ ਗੁਰੁ ਪਿਆਰਾ ਮਨਿ ਚਿਤਿ ਤਿਨਾ ਭਾਉ ਗੁਰੂ ਦੇਵਾਈਆ॥**
**ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ॥(648)**

ਅਤੇ:

**ਗੁਰਮੁਖਿ ਸਖੀ ਸਹੇਲੀ ਮੇਰੀ ਮੋ ਕਉ ਦੇਵਹੁ ਦਾਨੁ ਹਰਿ ਪ੍ਰਾਨ ਜੀਵਾਇਆ ॥**
**ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ ਜਿਨ੍ਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ॥ (493)**

ਇਤਿਆਦਿਕ।

ਵੱਖ-ਵੱਖ ਸੰਸਥਾਵਾਂ ਵਲੋਂ ਸਕੂਲੀ ਬੱਚਿਆਂ ਨੂੰ ਗੁਰਮਤਿ ਸਿੱਖਿਆਵਾਂ ਨਾਲ ਜੋੜਨ ਲਈ ਲਗਾਏ ਗਏ ਕੈਂਪਾਂ ਵਿਚ ਪਰਸਪਰ ਸੰਵਾਦ ਦੌਰਾਨ ਕਈ ਦਿਲਚਸਪ ਨੁਕਤੇ ਸਾਹਮਣੇ ਆਏ। ਜਿਵੇਂ ਕਿ ਗੁਰਬਾਣੀ ਕੀਰਤਨ ਨੂੰ ਨਿਰਧਾਰਿਤ ਰਾਗਾਂ ਦੇ ਬੰਧਨਾਂ ਵਿਚ ਸੀਮਤ ਕਰਨਾ, ਸੰਤ-ਬਾਬਿਆਂ ਵਲੋਂ ਮਨਮਰਜ਼ੀ ਦੀਆਂ ਖੁਲ੍ਹੀਆਂ-ਕੱਚੀਆਂ ਧਾਰਨਾਵਾਂ ਨਾਲ ਸੰਗਤਾਂ ਨੂੰ ਕਥਾ-ਕਹਾਣੀਆਂ ਸੁਨਾਵਣਾ ਅਤੇ ਜਨਮ ਸਾਖੀਆਂ ਵਿਚਲੇ ਅਣ-ਵਿਗਿਆਨਕ ਜਾਂ ਤਰਕ-ਵਿਹੂਣੇ ਬ੍ਰਿਤਾਂਤਾਂ ਦੀ ਅਜੋਕੇ ਤੇ ਭਵਿੱਖ ਦੇ ਬੱਚਿਆਂ-ਨੌਜਵਾਨਾਂ ਨੂੰ ਕਿਹੋ ਜਿਹੀ ਸਿੱਖਿਆ, ਸੇਧ ਜਾਂ ਅਗਵਾਈ ਮਿਲੇਗੀ ਇਤਿਆਦਿਕ। **ਕਿਉਂਕਿ ਵੱਖੋ-ਵੱਖਰੀਆਂ ਪੰਥਕ ਸੰਸਥਾਵਾਂ ਨੂੰ ਕਿਸੇ ਕੇਂਦਰੀ-ਸ੍ਰੋਤ ਤੋਂ ਵਿਚਾਰਧਾਰਕ ਦਿਸ਼ਾ-ਨਿਰਦੇਸ਼ਨ ਜਾਂ ਨਮੂਨੇ ਦਾ ਰੋਲ-ਮਾਡਲ ਨਹੀਂ ਮਿਲ ਰਿਹਾ, ਉਹਨਾਂ ਦੇ ਪ੍ਰਚਾਰਕ-ਲੈਕਚਰਾਰ ਭਿੰਨ-ਭਿੰਨ ਵਿਚਾਰਾਂ ਤੇ ਅਰਥ ਭਾਵਾਂ ਦੀ ਪੇਸ਼ਕਾਰੀ ਕਰ ਰਹੇ ਹਨ।** ਕੋਈ ਆਖਦੈ ਕਿ ਨਿਰੋਲ ਬਾਣੀ ਪੜ੍ਹਨੀ-ਗਾਇਨ ਕਰਨੀ ਚਾਹੀਦੀ ਹੈ— **ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ** ਵਿਆਖਿਆ ਦੀ ਲੋੜ ਨਹੀਂ। ਕੋਈ ਸਾਂਝ-ਸਵੇਰ ਆਦਿਕ ਸਮੇਂ ਅਨੁਸਾਰ ਮਿੱਥੀ ਰਾਗ-ਸ਼ੈਲੀ ਨੂੰ ਤਰਜੀਹ ਦਿੰਦੈ ਤੇ ਕੋਈ ਤੰਤੀ ਸਾਜ਼ਾਂ ਦੀ ਵਰਤੋਂ ਨੂੰ ਅਸਲ ਗੁਰਮਤਿ-ਸੰਗੀਤ ਸਮਝਾਉਂਦੈ, ਜਿਹੜਾ ਰੁਝਾਨ ਹੁਣ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਸ਼ੁਰੂ ਹੋਇਆ ਅਸੀਂ ਵੇਖਦੇ ਹਾਂ। ਕਈ ਸੰਸਥਾਵਾਂ ਸ਼ਬਦ ਦੇ ਅਰਥ-ਵਿਚਾਰ ਨੂੰ **ਸਭ ਤੇ ਊਤਮ ਹਰਿ ਕੀ ਕਥਾ (265)** ਉੱਤੇ ਜ਼ੋਰ ਅਤੇ ਆਧੁਨਿਕ-ਵਿਗਿਆਨਕ ਪ੍ਰਣਾਲੀ ਦੇ ਸੰਚੇ ਵਿਚ ਤਰਕਸ਼ੀਲਤਾ ਦਾ ਪ੍ਰਚਾਰ ਕਰਦਿਆਂ ਸ਼ਰਧਾ, ਵਿਸ਼ਵਾਸ ਤੇ ਸਮਰਪਣ ਵਰਗੀਆਂ ਸੂਖਮ ਭਾਵਨਾਵਾਂ ਦਾ ਖੁੱਲ੍ਹ ਕੇ ਖੰਡਨ ਕਰ ਰਹੀਆਂ ਹਨ। ਅਜਿਹੇ ਤੱਤ- ਗਿਆਨੀਆਂ ਅਨੁਸਾਰ ਜਿਸ ਸ਼ੈਅ ਨੂੰ ਵੇਖਿਆ ਨਹੀਂ ਜਾ ਸਕਦਾ, ਜਿਸ ਸਿਧਾਂਤ ਨੂੰ ਪ੍ਰਯੋਗ ਕਰਕੇ ਸਿੱਧ ਨਹੀਂ ਕੀਤਾ ਜਾ ਸਕਦਾ ਜਾਂ ਜਿਸ ਧਰਮ-ਫ਼ਲਸਫ਼ੇ ਦਾ ਕੋਈ ਪ੍ਰਤੱਖ ਸਬੂਤ ਨਹੀਂ ਮਿਲਦਾ ਤੇ ਸਾਡੀ ਬੌਧਿਕਤਾ ਨੂੰ ਸਮਝ ਨਹੀਂ ਆ ਰਹੀ, ਉਹ ਸਭ ਮਿਥਿਆ ਹੈ, ਫਜ਼ੂਲ ਹੈ ਤੇ ਤਿਆਗਣਾ ਚਾਹੀਦੈ। ਸੁਭਾਵਿਕ ਹੀ ਸ਼ੰਕਾ ਪੈਦਾ ਹੁੰਦਾ ਹੈ ਕਿ ਕਿਧਰੇ ਨਾਸਤਿਕ-ਵਿਚਾਰਧਾਰਾ ਸਿੱਖੀ ਦੇ ਬੁਰਕੇ ਵਿਚ ਟ੍ਰੋਜ਼ਨ-ਹੋਰਸ ਵਰਗੀ ਸਾਜ਼ਿਸ਼ ਤਾਂ ਨਹੀਂ ਘੜ ਰਹੀ।

ਪਲਸ-ਟੂ ਦੇ ਇਕ ਵਿਦਿਆਰਥੀ ਨੇ ਦੱਸਿਆ ਕਿ ਪਿਛਲੇ ਸਮੇਂ ਪੰਜਾਬ ਐਗਰੀ-ਕਲਚਰਲ ਯੂਨੀਵਰਸਿਟੀ ਤੋਂ ਰਿਟਾਇਰਡ ਕਿਸੇ ਡਾਕਟਰ ਨੇ ਚਿਰਾਂ ਤੋਂ ਪ੍ਰਚਲਿਤ ਸਾਖੀਆਂ ਨੂੰ ਗ਼ਲਤ ਕਰਾਰ ਦਿੱਤਾ ਸੀ। ਉਨ੍ਹਾਂ ਪ੍ਰਸ਼ਨ ਉਠਾਇਆ ਕਿ ਮੱਝਾਂ ਚਾਰਦਿਆਂ ਬਾਲ ਨਾਨਕ ਕਿਉਂ ਸੌਂ ਗਏ ਸਨ? ਕੀ ਉਹ ਆਪਣੇ ਕੰਮ-ਕਾਜ ਵਿਚ ਇੰਨੇ ਲਾ-ਪਰਵਾਹ ਸਨ? ਫਿਰ ਪਸ਼ੂਆਂ ਵਲੋਂ ਜੋ ਖੇਤ ਉਜਾੜ ਦਿੱਤਾ ਗਿਆ ਸੀ, ਉਹ ਕਿਹੋ ਜਿਹੇ ਜਾਦੂ-ਮੰਤ੍ਰ ਦੁਆਰਾ ਹਰਾ-ਭਰਾ ਹੋ ਗਿਆ? ਸੱਪ ਵਲੋਂ ਛਾਂ ਕੀਤੀ ਜਾਣੀ ਤੇ ਭੁੱਖੇ ਸਾਧੂਆਂ ਨੂੰ ਗੁਰੂ ਜੀ ਵਲੋਂ ਲੰਗਰ ਛਕਾਏ ਜਾਣ ਵਰਗੀਆਂ ਸਾਖੀਆਂ ਤਰਕ-ਸੰਗਤ ਨਹੀਂ ਲਗਦੀਆਂ ਤੇ ਹੋਰ ਵੀ ਕਈ ਕੁਝ। ਉਨ੍ਹਾਂ ਆਖਿਆ ਸੀ ਕਿ ਇਹੋ ਜਿਹੀਆਂ ਕੱਚੀਆਂ-ਪਿਲੀਆਂ ਕਹਾਣੀਆਂ ਸੁਣ ਕੇ ਹੀ ਅੱਜ ਦੇ ਬੱਚੇ ਧਰਮ ਤੋਂ ਬਾਗ਼ੀ ਹੋ ਰਹੇ ਹਨ। ਜਨਮ-ਸਾਖੀਆਂ ਝੂਠੀਆਂ ਹਨ?

ਪੁਰਾਤਨ ਸਾਹਿਤਕ ਪੁਸਤਕਾਂ ਸਾਡੀ ਵੱਡਮੁੱਲੀ ਵਿਰਾਸਤ ਹੈ। ਉਸ ਸਮੇਂ, ਅੱਜ ਵਰਗਾ ਵਿਕਸਤ ਸਕੂਲੀ ਵਿੱਦਿਅਕ ਪ੍ਰਬੰਧ ਨਹੀਂ ਸੀ। ਉਦੋਂ ਦੇ ਲਿਖਾਰੀਆਂ ਤੋਂ ਚਸ਼ਮਦੀਦ ਗਵਾਹੀਆਂ ਇਕੱਠੀਆਂ ਕਰ ਸਕਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਜਿਨ੍ਹਾਂ ਮਹਾਂਪੁਰਖਾਂ ਦੀਆਂ ਸਿੱਖਿਆਵਾਂ ਤੇ

ਜਨਤਕ ਸੇਵਾਵਾਂ ਨੇ ਆਮ ਲੋਕਾਈ ਨੂੰ ਪ੍ਰਭਾਵਿਤ ਕੀਤਾ, ਸਮਾਜਿਕ-ਸਰੋਕਾਰਾਂ ਨੂੰ ਜਾਗਰੂਕ ਕੀਤਾ ਤੇ ਲੋਕ-ਭਲਾਈ ਵਾਸਤੇ ਜਗੀਰਦਾਰੀ ਸ਼ੋਸ਼ਣ ਅਤੇ ਹੁਕਮਰਾਨੀ ਜ਼ੋਰ-ਜ਼ੁਲਮ ਦੇ ਵਿਰੁੱਧ ਸੰਘਰਸ਼ਮਈ ਭੂਮਿਕਾ ਨਿਭਾਈ, ਉਨ੍ਹਾਂ ਬਾਰੇ ਕਰਾਮਾਤੀ-ਗੱਲਾਂ, ਅਖਾਉਤਾਂ ਜਾਂ ਵਡਿਆਈਆਂ ਫੈਲ ਜਾਣੀਆਂ, ਸੰਸਾਰ ਦੀਆਂ ਲਗਭਗ ਸਾਰੀਆਂ ਸੱਭਿਅਤਾਵਾਂ ਦਾ ਹਿੱਸਾ ਰਿਹਾ ਹੈ। ਦੂਜੇ, ਧਾਰਮਿਕ ਪੁਸਤਕਾਂ ਦੇ ਲੇਖਕ ਆਪੂੰ ਸ਼ਰਧਾ ਭਾਵਨਾ ਵਿਚ ਗੜੁੱਚ ਹੋ ਕੇ, ਨੈਤਿਕ ਸਿਧਾਂਤਾਂ ਨੂੰ ਸੌਖੀ ਸਮਝ ਆ ਸਕਣ ਵਾਲੀ, ਲੋਕਾਂ ਦੀ ਆਪਣੀ ਪਸੰਦੀਦਾ ਬੋਲੀ-ਸ਼ੈਲੀ ਵਿਚ, ਗੁਰੂਆਂ-ਪੀਰਾਂ ਦੇ ਪ੍ਰਸੰਗ ਲਿਖਦੇ ਆਏ ਹਨ। ਇਨ੍ਹਾਂ ਬਿਰਤਾਂਤਾਂ ਦਾ ਮੂਲ-ਮੰਤਵ ਮਨੁੱਖੀ ਜੀਵਨ-ਅਮਲ ਵਿਚ ਮੁਲਵਾਨ ਪਰਉਪਕਾਰੀ ਕਦਰਾਂ-ਕੀਮਤਾਂ ਦਾ ਪ੍ਰਚਾਰ ਕਰਨਾ ਹੁੰਦਾ ਸੀ, ਨਵੀਆਂ-ਨਰੋਈਆਂ ਰੀਤਾਂ ਚਲਾਉਣੀਆਂ ਹੁੰਦਾ ਸੀ ਤੇ ਨਵੇਂ ਨਿਵੇਕਲੇ ਸਿਰਜੇ ਜਾ ਰਹੇ ਸਿੱਖ-ਸਮਾਜ ਦੀ ਜਨ-ਮਾਨਸਿਕਤਾ ਵਿਚ ਸਾਪੇਖਕ ਸ੍ਰੇਸ਼ਠਤਾ ਸਮਝਾਅ ਕੇ ਇਸ ਦੀ ਆਮ-ਸਵੀਕਾਰਤਾ ਸਥਾਪਤ ਕਰਨਾ ਹੁੰਦਾ ਸੀ। ਸੁਜਾਣ-ਵਿਦਵਾਨਾਂ, ਵਿਆਖਿਆਕਾਰਾਂ ਤੇ ਗੁਰੂ ਕਿਆ ਸਿੱਖਾਂ ਨੂੰ ਭੂਗੋਲਿਕ ਤੇ ਇਤਿਹਾਸਕ ਗਿਣਤੀਆਂ-ਮਿਣਤੀਆਂ ਨੂੰ ਇਕ ਪਾਸੇ ਛੱਡਦਿਆਂ, ਜਨਮ ਸਾਖੀਆਂ ਦੇ ਮੂਲ-ਭਾਵਨਾਤਮਕ ਮੁੱਦਿਆਂ ਨੂੰ ਸਮਝਣਾ-ਬੁਝਣਾ ਚਾਹੀਦੈ। ਬਿਰਤਾਂਤ ਦਾ ਵਿਸ਼ਾ ਵਸਤੂ ਤਾਂ ਬਾਹਰਮੁਖੀ ਸਰੀਰ ਹੁੰਦਾ ਹੈ, ਇਸ ਦੀ ਬਾਹਰਲੀ ਬਣਤਰ ਦੇ ਸਾਹਿਤਕ ਸੁਹੱਪਣ ਤੇ ਰੋਚਿਕ ਕਥਾਨਕ ਦੇ ਅੰਤਰੀਵ ਵਿਚ ਤੱਤ-ਗਿਆਨ ਜਾਂ ਪ੍ਰਸੰਗ ਦੀ ਆਤਮਾ ਬਿਰਾਜਮਾਨ ਹੁੰਦੀ ਹੈ। ਗੁਰਸਿੱਖ ਨੇ ਉਸ ਆਤਮਕ-ਉਪਦੇਸ਼ ਤੱਕ ਅੱਪੜਨਾ ਹੈ। ਚੇਤੇ ਰਵ੍ਹੇ ਕਿ ਅਧਿਆਤਮਕਤਾ ਨੂੰ ਵੇਖਿਆ-ਪਰਖਿਆ ਨਹੀਂ ਜਾ ਸਕਦਾ, ਸਿੱਧ ਨਹੀਂ ਕੀਤਾ ਜਾ ਸਕਦਾ, ਜਾਂ ਇਸ ਸੰਦਰਭ ਵਿਚ ਸਬੂਤ ਨਹੀਂ ਪੇਸ਼ ਕੀਤੇ ਜਾ ਸਕਦੇ... ਅਹਿਸਾਸ ਦੀ ਪਕਿਆਈ ਦੁਆਰਾ ਮਹਿਸੂਸਿਆ ਜਾ ਸਕਦਾ ਹੈ, ਅਨੁਭਵ ਕੀਤਾ ਜਾ ਸਕਦਾ ਹੈ ਤੇ ਇਉਂ ਗੁਰਮੁਖ ਸਾਧਕ ਦੀ ਕਾਇਆ-ਕਲਪ ਹੋਵਣ ਦੀਆਂ ਸੰਭਾਵਨਾਵਾਂ ਉਜਾਗਰ ਹੋ ਜਾਂਦੀਆਂ ਹਨ।

ਸਤਿਗੁਰੂ ਮਹਿਰ ਸਦਕਾ, ਸਾਨੂੰ ਤਾਂ ਇਉਂ ਸਮਝ ਆਇਐ ਕਿ 'ਬਾਲ ਨਾਨਕ' ਮੱਝਾਂ ਚਾਰਦਿਆਂ ਵੀ ਜ਼ਿੰਦਗੀ ਦੇ ਮਨੋਰਥ ਪ੍ਰਤੀ ਚਿੰਤਨਸ਼ੀਲ ਰਹਿੰਦੇ ਨੇ। ਜ਼ਿੰਦਗੀ ਦੀ ਸਭ ਤੋਂ ਖ਼ੌਫ਼ਨਾਕ ਘਟਨਾ ਮੌਤ ਹੈ, ਸੱਪ ਮੌਤ ਦਾ ਪ੍ਰਤੀਕ ਹੈ ਅਤੇ ਬਾਲ ਨਾਨਕ ਮੌਤ ਤੋਂ ਬੇ-ਪਰਵਾਹ, ਨਿਰਭੈ ਤੇ ਨਿਰਵੈਰਤਾ ਦੀ ਅਕਾਲ ਮੂਰਤਿ ਹਨ। ਉਸ ਸਮੇਂ ਆਮ ਲੋਕਾਂ ਲਈ 20 ਰੁਪਏ ਵੱਡੀ ਰਕਮ ਸੀ, ਪਰ ਚੜ੍ਹਦੀ ਜਵਾਨੀ ਦੇ ਸਨਮੁੱਖ ਗੁਰੂ ਨਾਨਕ ਵਾਸਤੇ ਨਿਆਸਰੇ ਲੋੜਵੰਦਾਂ ਦਾ ਮਦਦਗਾਰ ਬਣਨਾ ਜੀਵਨ ਦਾ ਵਧੇਰੇ ਉਚੇਰਾ ਆਦਰਸ਼ ਸੀ। ਗੁਰੂ ਜੀ ਨੇ ਉਨ੍ਹਾਂ ਸਾਧੂਆਂ ਨੂੰ ਪਰਸ਼ਾਦਾ-ਪਾਣੀ ਛਕਾਉਣ ਉਪਰੰਤ, ਜ਼ਰੂਰ ਹੀ ਕਿਰਤ-ਵਿਰਤ ਕਰਕੇ ਨਿੱਜੀ ਤੇ ਸਮਾਜਿਕ ਭਰਣ-ਪੋਸ਼ਣ ਵਾਸਤੇ **ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇਕੈ ਭਲਾ ਮਨਾਵੈ।(ਵਾਰ:6, ਪਉੜੀ:12)** ਦਸੀ ਜੀਵਨ-ਸ਼ੈਲੀ ਅਪਨਾਉਣ ਲਈ ਲੋੜੀਂਦੀ ਮਾਇਕ-ਸਹਾਇਤਾ ਜਾਂ ਫੌਰੀ-ਮਦਦ ਕਰਦਿਆਂ ਮਾਨਵਵਾਦੀ ਸੁਚਾਰੂ ਸਮਾਜਿਕ ਮਾਰਗ-ਦਰਸ਼ਨ ਕੀਤਾ ਹੋਵੇਗਾ। ਮੋਦੀਖਾਨੇ ਦੀ ਮੁਲਾਜ਼ਮਤ ਕਰਦਿਆਂ ਵੀ ਉਨ੍ਹਾਂ ਨੇ ਗਰੀਬ ਲੋੜਵੰਦਾਂ ਦੀ, ਆਪਣੀ ਉਜਰਤ ਵਿਚੋਂ ਅਨਾਜ ਦੇ ਰੂਪ ਵਿਚ ਸਹਾਇਤਾ ਜਾਰੀ ਰੱਖੀ ਸੀ, ਇਸ ਅਕੀਦੇ ਨਾਲ ਕਿ ਸਾਰਿਆਂ ਦਾ ਅੰਨ-ਦਾਤਾ ਸਾਚਾ ਸਾਹਿਬ ਪ੍ਰਭੂ ਆਪ ਹੈ। ਮਹਿਤਾ ਕਾਲੂ ਜੀ ਵੱਡੇ ਜ਼ਿਮੀਂਦਾਰ ਹੋਣ ਦੇ ਨਾਲ-ਨਾਲ ਸਰਕਾਰੀ ਪਟਵਾਰੀ ਵੀ ਸਨ, ਚੰਗੀ ਧਨ-ਸੰਪਦਾ ਦੇ ਮਾਲਕ ਸਨ। ਇਸ ਤੱਥ ਦੀ ਪੁਸ਼ਟੀ ਗੁਰੂ ਨਾਨਕ ਜੀ ਵਲੋਂ ਪਹਿਲੀ ਉਦਾਸੀ ਲਈ ਘਰ-ਪਰਿਵਾਰ ਪਾਸੋਂ ਵਿਦਾ ਹੋਣ ਸਮੇਂ, ਬੇਬੇ ਨਾਨਕੀ ਤੇ ਬੀਬੀ ਸੁਲੱਖਣੀ ਜੀ ਦੇ ਮਾਤਾ ਜੀ ਨਾਲ ਸੰਵਾਦ ਵਿਚੋਂ ਵੇਖੀ ਜਾ ਸਕਦੀ ਹੈ।

ਉਕਤ ਸਾਖੀਆਂ ਨੇ ਸਿੱਖ ਸੰਗਤਾਂ ਦੀ ਮਾਨਸਿਕਤਾ 'ਚ ਇਤਨੀ ਡੂੰਘੀ ਛਾਪ ਲਾਈ ਹੈ ਕਿ ਅੱਜ ਵੀ ਗੁਰੂ ਕਿਆਂ ਲੰਗਰਾਂ ਵਿਚ ਸ਼ਰਧਾਲੂ ਵਿੱਤੋਂ ਵੱਧ ਕੇ ਹਿੱਸਾ ਪਾਉਣਾ ਲੋਚਦੇ ਨੇ। ਜਨਮ ਸਾਖੀਆਂ ਵਿਚੋਂ ਧਿਆਨ-ਮੰਥਨ ਰਾਹੀਂ 'ਬ੍ਰਹਮ ਬੀਚਾਰ' ਦੇ ਤੱਥਾਂ ਨੂੰ ਵਿਰੋਲਿਆ ਜਾ ਸਕਦਾ ਹੈ। ਮੁੱਲਵਾਨ ਵਸਤੂ ਮਿਹਨਤ ਦੁਆਰਾ ਹੀ ਮਿਲਦੀ ਹੈ। ਜਿਵੇਂ ਮੱਖਣ ਪ੍ਰਾਪਤ ਕਰਨ ਲਈ ਰਿੜਕਣੇ ਦਾ ਝਕੋਲਣਾ ਤੇ ਵਿਰੋਲਣਾ ਅਤੀ ਅਵੱਸ਼ਕ ਹੈ, ਇਸੇ ਤਰ੍ਹਾਂ 'ਬ੍ਰਹਮ ਬੀਚਾਰ' ਦੇ ਅਨਮੋਲ-ਤੱਤ ਸ਼ਰਧਾ-ਵਿਸ਼ਵਾਸ ਸਹਿਤ ਕੀਤੀ ਸਾਧਨਾ-ਮੁਸ਼ੱਕਤ ਦੀ ਘਾਲ ਕਮਾਈ ਦੁਆਰਾ ਹੀ ਸਮਝਣ-ਬੁਝਣ ਦੀਆਂ ਸੀਮਾਵਾਂ ਵਿਚ ਲਿਆਏ ਜਾ ਸਕੀਦੇ ਹਨ।

ਚਾਹੇ ਸਮਰ-ਕੈਂਪਾਂ ਵਿਚ ਵਿਦਿਆਰਥੀ ਬੈਠੇ ਹਨ, ਭਾਵੇਂ ਗੁਰਦੁਆਰਿਆਂ ਵਿਚ ਜੁੜੀਆਂ ਸਿੱਖ ਸੰਗਤਾਂ, ਮਾਈ-ਭਾਈ

ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਹਾਜ਼ਰੀਆਂ ਭਰ ਰਹੇ ਹੋਵਣ, ਜਾਂ ਸਿੱਖ ਧਰਮ ਦੇ ਪਹਿਰੇਦਾਰ ਅਖਵਾਉਂਦੇ ਮੈਗਜ਼ੀਨਾਂ ਦੇ ਲੇਖਕ-ਪਾਠਕ ਹੋਵਣ, ਸਾਰੇ ਹੀ **ਏਕੁ ਪਿਤਾ ਏਕਸ ਕੇ ਹਮ ਬਾਰਿਕ** ਹੁੰਦਿਆਂ ਭੈਣ ਭਰਾ **'ਅੰਕਿ-ਸਹੇਲੜੀਆਂ'** ਹਨ। ਸਾਰਿਆਂ ਨੇ ਇਕ-ਦੂਸਰੇ ਦਾ ਮਦਦਗਾਰ ਬਣਨਾ ਹੈ **ਕੋਈ ਗਾਵੈ ਕੋ ਸੁਣੈ ਹਰਿ ਨਾਮਾ ਚਿਤੁ ਲਾਇ॥ ਕਹੁ ਕਬੀਰ ਸੰਸਾ ਨਹੀ ਅੰਤਿ ਪਰਮ ਗਤਿ ਪਾਇ॥(335)** ਸਿੱਖੀ ਦੇ ਪ੍ਰਚਾਰ-ਪਸਾਰ ਵਿਚ ਕਾਰਜਸ਼ੀਲ ਸਾਰੀਆਂ ਪੰਥਕ ਜਥੇਬੰਦੀਆਂ ਨੂੰ 'ਅੰਕਿ ਸਹੇਲੜੀਆਂ' ਦੀ ਤਰ੍ਹਾਂ ਪਰਸਪਰ ਸਹਿਯੋਗੀ ਅਤੇ ਇਕ-ਦੂਸਰੇ ਦੀ ਪੂਰਕ ਭੂਮਿਕਾ ਨਿਭਾਉਣੀ ਚਾਹੀਦੀ ਹੈ।

**ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ** ਰੂਪੀ ਸਿੱਖ-ਸਮਾਜ ਜਾਂ ਗੁਰੂ ਕਿਆਂ ਸ਼ਰਧਾਲੂਆਂ ਨੇ **'ਸਮਰਥ ਕੰਤ'** ਦਾ ਗੁਣਗਾਨ ਕਰਨਾ ਹੈ, ਸਿਫ਼ਤਿ-ਸਲਾਹ ਕਰਨੀ ਹੈ, ਓਸ ਇਸ਼ਟ-ਪ੍ਰਭੂ ਦੀਆਂ ਵਡਿਆਈਆਂ ਨੂੰ ਚਿੱਤ 'ਚ ਵਸਾਉਣਾ ਹੈ, ਆਪਣੇ ਜੀਵਨ-ਅਮਲ ਵਿਚ ਉਨ੍ਹਾਂ ਵਡਿਆਈਆਂ ਨੂੰ ਧਾਰਨ ਕਰਨਾ ਹੈ, ਆਪਣੇ ਅੰਤਿਸ਼ਕਰਣ ਵਿਚੋਂ ਬੁਰਾਈਆਂ ਨੂੰ ਮਨਫ਼ੀ ਕਰਦਿਆਂ 'ਸਾਚੇ ਸਾਹਿਬ' ਦੇ ਗੁਣਾਂ ਨੂੰ ਗ੍ਰਹਿਣ ਕਰਨਾ ਹੈ— ਇਹੋ ਭਾਵਦੇ ਗੁਣਾਂ ਨੂੰ ਗ੍ਰਹਿਣ ਕਰਨਾ ਹੈ— ਇਹੋ ਭਾਵ ਹੈ **ਮਿਲਿ ਕੈ ਕਰਹ ਕਹਾਣੀਆ ਸੰਮ੍ਰਥ ਕੰਤ ਕੀਆਹ॥(17)** ਦੇ ਗੁਰ-ਫੁਰਮਾਨ ਦਾ।

-0-

**ਸਫਾ 19 ਦਾ ਬਾਕੀ**

ਸਦਕਾ ਉਹ ਮਨ ਦੀ ਮੱਤ ਛੱਡ ਕੇ ਸਤਿਗੁਰੂ ਦੀ ਮੱਤ ਦੀ ਜਾਚਨਾ ਕਰਦਾ ਹੈ। ਐਸੇ ਮਨ ਦੀ ਕੂੜਿਆਰ ਤੋਂ ਸਚਿਆਰ ਬਣਨ ਦੀ ਤਾਂਘ ਹੁੰਦੀ ਹੈ। ਭਾਵੇਂ ਮਨ ਕੁੜਿਆਰ ਹੈ ਫਿਰ ਵੀ ਉਸਦੀ ਅਵਗੁਣੀ ਅਵਸਥਾ ਨੂੰ ਮਾਫ ਕਰਕੇ (ਅਣਡਿੱਠ ਕਰਕੇ, ਡੋਰਗਵਿਣ ਕਰਕੇ) ਰੱਬ ਜੀ ਆਪਣੇ ਸੁਭਾਅ (ਬਿਰਦ) ਅਨੁਸਾਰ ਗੁਰ ਗਿਆਨ,ਤੱਤ ਗਿਆਨ (ਦਵਿਨਿਏ ਿਸਿਡੋਮ) ਦੀ ਵਰਖਾ ਕਰਦੇ ਹੀ ਰਹਿੰਦੇ ਹਨ। ਜੋ ਵੀ ਮਨ ਆਪਣਾ ਭਾਂਡਾ ਸਿੱਧਾ ਕਰਦਾ ਹੈ ਉਸ ਵਿੱਚ ਕਿਰਪਾ, ਬਖਸ਼ਿਸ਼ (ਗੁਰ ਪ੍ਰਸਾਦਿ) ਦਾ ਤੱਤ ਗਿਆਨ ਪੈ ਹੀ ਜਾਂਦਾ ਹੈ। ਜਿਸ ਦਾ ਸਦਕਾ ਮਨ ਨੂੰ ਸਚਿਆਰ ਅਵਸਥਾ 'ਚ ਰੱਬੀ ਇਕਮਿਕਤਾ ਮਹਿਸੂਸ ਹੋਣ ਲੱਗ ਪੈਂਦੀ ਹੈ।

ਇਸ ਲਈ ਹੱਠ, ਯੋਗ, ਉਪਾਵਾਂ, ਵਿਧੀਆਂ, ਕਰਮ ਕਾਂਡਾ, ਚਤੁਰਾਈਆਂ, ਸਿਆਣਪਾਂ ਨਾਲ ਉਸਦੀ ਪ੍ਰਾਪਤੀ ਨਹੀਂ ਹੋ ਸਕਦੀ। ਸਿਰਫ ਤੇ ਸਿਰਫ ਗੁਰੂ ਦੀ ਕਿਰਪਾ ਨਾਲ ਹੀ ਸੰਭਵ ਹੈ। ਅਰਦਾਸਾਂ ਤੇ ਜੋਦੜੀਆਂ ਹੀ ਸਫਲ ਰਸਤਾ ਹੈ। -0-



# ਨੰਨ੍ਹੇ ਵਾਰਸ

## ਸ਼ਿਸ਼ਟਾਚਾਰ ਦੀ ਮਹੱਤਤਾ

-ਵਰਿੰਦਰ ਸ਼ਰਮਾ

ਬੱਚਿਓ! ਸ਼ਾਇਦ ਤੁਸੀਂ ਕਿਤੇ ਸੋਚ 'ਚ ਤਾਂ ਨਹੀਂ ਪੈ ਗਏ ਕਿ ਆਖਰ ਸਦਾਚਾਰ ਅਤੇ ਸ਼ਿਸ਼ਟਾਚਾਰ ਕੀ ਬਲਾ ਹੈ। ਘਬਰਾਓ ਨਹੀਂ, ਸਦਾਚਾਰ ਦਾ ਅਰਥ ਹੈ-ਚੰਗਾ ਆਚਰਨ। ਇਸੇ ਤਰ੍ਹਾਂ ਸ਼ਿਸ਼ਟਾਚਾਰ ਦਾ ਮਤਲਬ ਹੈ-ਸੱਭਿਅਕ ਲੋਕਾਂ ਵਰਗਾ ਆਚਰਨ। ਦੂਜੇ ਪਾਸੇ ਅਸੀਂ ਇਹ ਕਹਿ ਸਕਦੇ ਹਾਂ ਕਿ ਦੁਨੀਆਂ 'ਚ ਮਨੁੱਖਾਂ ਨੂੰ ਆਪਣੀ ਤਰੱਕੀ ਦੇ ਲਈ ਜਿਨ੍ਹਾਂ ਆਚਰਨਾਂ ਦੀ ਵਧੇਰੇ ਲੋੜ ਹੁੰਦੀ ਹੈ, ਉਹ ਸਦਾਚਾਰ ਅਤੇ ਸ਼ਿਸ਼ਟਾਚਾਰ ਹਨ।

ਇਸ ਦੇ ਬਿਨਾਂ ਕੋਈ ਵੀ ਦੇਸ਼, ਜਾਤੀ, ਸਮੁਦਾਇ ਜਾਂ ਮਨੁੱਖ ਦਾ ਤਰੱਕੀ ਕਰਨਾ ਅਸੰਭਵ ਹੈ। ਸ਼ਰਾਰਤੀ, ਅਨੁਸ਼ਾਸਨਹੀਣ ਰਹਿੰਦੇ ਹੋਏ ਸਮਾਜ 'ਚ ਤਰੱਕੀ ਕਿਵੇਂ ਕਰੋਗੇ? ਤਾਂ ਆਓ, ਅੱਜ ਅਸੀਂ ਉਨ੍ਹਾਂ ਖ਼ਾਸ ਨਿਯਮਾਂ ਬਾਰੇ ਗੱਲਬਾਤ ਕਰੀਏ, ਜਿਨ੍ਹਾਂ ਦੀ ਪਾਲਣਾ ਕਰਦੇ ਹੋਏ ਸਕੂਲ 'ਚ ਰਹਿੰਦੇ ਹੋਏ ਅਸੀਂ ਆਪਣੀ ਜ਼ਿੰਦਗੀ ਨੂੰ ਸੋਹਣਾ ਅਤੇ ਖੁਸ਼ਹਾਲ ਬਣਾ ਸਕਦੇ ਹਾਂ।

ਬੱਚਿਓ! ਜਦੋਂ ਵੀ ਤੁਸੀਂ ਕਲਾਸ ਰੂਮ ਤੋਂ ਦੂਜੇ ਕਲਾਸ ਰੂਮ ਵਿਚ ਜਾਣਾ ਹੈ ਤਾਂ ਇਕ ਲਾਈਨ ਬਣਾਉਂਦੇ ਹੋਏ, ਚੁੱਪ-ਚਾਪ ਜਾਓ। ਕਦੇ ਵੀ ਰੌਲਾ-ਰੱਪਾ ਨਾ ਪਾਓ। ਰੌਲਾ ਪਾਉਣ ਨਾਲ ਦੂਜੇ ਵਿਦਿਆਰਥੀਆਂ ਦੀ ਪੜ੍ਹਾਈ 'ਚ ਰੁਕਾਵਟ ਪੈਂਦੀ ਹੈ। ਇਹ ਚੰਗਾ ਵੀ ਨਹੀਂ ਲਗਦਾ। ਆਪਸ ਵਿਚ ਗਾਲੀ-ਗਲੋਚ ਨਾ ਕਰੋ। ਇਸ ਨਾਲ ਲੜਾਈ-ਝਗੜਾ ਹੋ ਸਕਦਾ ਹੈ। ਹਮੇਸ਼ਾਂ ਲੜਾਈ-ਝਗੜਿਆਂ ਤੋਂ ਬਚੋ। ਵੱਡਿਆਂ ਦਾ ਆਦਰ-ਸਤਿਕਾਰ ਕਰੋ, ਸਭ ਨਾਲ ਮਿੱਠਾ ਬੋਲੋ, ਮੰਦੇ ਬੋਲ ਨਾ ਬੋਲੋ, ਕਿਸੇ ਦੇ ਮਨ ਨੂੰ ਠੇਸ ਨਾ ਪਹੁੰਚਾਓ। ਗ਼ਰੀਬ ਅਤੇ ਪੜ੍ਹਾਈ 'ਚ ਕਮਜ਼ੋਰ ਵਿਦਿਆਰਥੀਆਂ ਦੀ ਮਦਦ ਲਈ ਅੱਗੇ ਆਓ। ਜੇ ਕੋਈ ਤੁਹਾਡੀ ਸਹਾਇਤਾ ਕਰਦਾ ਹੈ ਤਾਂ ਉਸ ਦਾ ਧੰਨਵਾਦ ਕਰਨਾ ਨਾ ਭੁੱਲੋ। 'ਕਿਰਪਾ ਕਰਕੇ' ਅਤੇ 'ਧੰਨਵਾਦ' ਵਰਗੇ ਸ਼ਬਦ ਜ਼ਿੰਦਗੀ ਦੇ ਅਨਮੋਲ ਰਤਨ ਹਨ। ਇਸ ਲਈ ਦਿਨ ਵਿਚ ਇਨ੍ਹਾਂ ਸਬਦਾਂ ਦਾ ਵੱਧ ਤੋਂ ਵੱਧ ਪ੍ਰਯੋਗ ਕਰੋ। ਰੋਜ਼ਾਨਾ ਜ਼ਿੰਦਗੀ ਵਿਚ ਇਕ ਚੰਗਾ ਕੰਮ ਜ਼ਰੂਰ ਕਰੋ। 'ਸਵੱਛ ਅਭਿਆਨ' ਦਾ ਹਿੱਸਾ ਬਣੋ। ਆਪਣੇ ਕਲਾਸ ਰੂਮ ਨੂੰ ਸਾਫ਼ ਰੱਖੋ। ਕਲਾਸ ਰੂਮ 'ਚ ਗੰਦ ਨਾ ਪਾਓ। ਪੜ੍ਹਾਈ ਦੌਰਾਨ ਆਪਣੇ ਅਧਿਆਪਕ ਦੀ ਗੱਲ ਨੂੰ ਪੂਰੇ ਧਿਆਨ ਨਾਲ ਸੁਣੋ। ਕਲਾਸ ਰੂਮ ਦੇ ਅੰਦਰ ਅਤੇ ਪੜ੍ਹਦੇ ਸਮੇਂ ਕੁਝ ਨਾ ਖਾਓ। ਇਸ਼ਨਾਨ ਕਰਕੇ ਸਾਫ਼-ਸੁਥਰੀ ਡਰੈੱਸ ਪਹਿਨ ਕੇ ਸਕੂਲ ਜਾਣਾ ਚਾਹੀਦਾ ਹੈ। ਸਕੂਲ 'ਚ ਆਪਣੇ ਅਧਿਆਪਕ-ਅਧਿਆਪਕਾ ਨੂੰ ਪਹਿਲੀ ਵਾਰ ਮਿਲਣ 'ਤੇ ਉਨ੍ਹਾਂ ਨੂੰ ਸਤਿ ਸ੍ਰੀ ਅਕਾਲ ਕਰਨਾ ਨਾ ਭੁੱਲੋ। ਪ੍ਰਸ਼ਨਾਂ ਦਾ ਉੱਤਰ ਹਮੇਸ਼ਾਂ ਖੜ੍ਹੇ ਹੋ ਕੇ ਦੇਣਾ ਚਾਹੀਦਾ ਹੈ। ਆਪਸ 'ਚ ਮਿਲਜੁਲ ਕੇ ਰਹੋ। ਦੂਜਿਆਂ ਤੋਂ ਕੋਈ ਵੀ ਗੱਲ ਸਨਮਾਨ ਸਹਿਤ ਪੁੱਛਣੀ ਚਾਹੀਦੀ ਹੈ। ਸਕੂਲ ਵਿਚ ਜਿੰਨਾ ਵੀ ਅਧਿਆਪਕ ਪੜ੍ਹਾਉਣ, ਘਰ ਜਾਣ ਤੋਂ ਬਾਅਦ ਉਸ ਬਾਰੇ ਗੰਭੀਰ ਚਿੰਤਨ ਕਰੋ।

ਬੱਚਿਓ! ਸਿਰੇ ਦੀ ਗੱਲ ਲਿਖਣ ਜਾ ਰਿਹਾ ਹਾਂ-ਚੋਰੀ ਕਰਨਾ, ਝੂਠ ਬੋਲਣਾ ਪਾਪ ਹੈ। ਇਨ੍ਹਾਂ ਬੁਰਾਈਆਂ ਤੋਂ ਹਮੇਸ਼ਾਂ ਬਚ ਕੇ ਰਹਿਣਾ ਚਾਹੀਦਾ ਹੈ। ਨਸ਼ੇ ਵਾਲੀਆਂ ਚੀਜ਼ਾਂ ਤੋਂ ਦੂਰ ਰਹਿਣਾ ਚਾਹੀਦਾ ਹੈ, ਨਹੀਂ ਤਾਂ ਨਸ਼ਾ ਤੁਹਾਡੀ ਜ਼ਿੰਦਗੀ ਬਰਬਾਦ ਕਰਕੇ ਰੱਖ ਦੇਵੇਗਾ।

ਬੱਚਿਓ! ਯਾਦ ਰੱਖੋ, ਜੇ ਸਦਾਚਾਰ ਨਹੀਂ ਤਾਂ ਕੁਝ ਵੀ ਨਹੀਂ, ਜੇ ਇਹ ਹੈ ਤਾਂ ਸਭ ਕੁਝ ਹੈ। ਇਸ ਦੇ ਹੁੰਦੇ ਹੋਏ ਮਨੁੱਖ ਨੂੰ ਹੋਰ ਕਿਸੇ ਵੀ ਦੂਜੀ ਚੀਜ਼ ਦੀ ਲੋੜ ਨਹੀਂ ਹੈ। ਉਹ ਤਾਂ ਖੁਦ-ਬ-ਖੁਦ ਇਸ ਦੀਆਂ ਦਾਸ ਬਣ ਜਾਂਦੀਆਂ ਹਨ। ਅੱਜ ਬਸ ਏਨਾ ਹੀ ਕਾਫੀ ਹੈ, ਫਿਰ ਭਵਿੱਖ 'ਚ ਕਿਸੇ ਹੋਰ ਵਿਸ਼ੇ 'ਤੇ ਗੱਲਬਾਤ ਕਰਾਂਗੇ। -0-

## ਵਿਗਿਆਨ ਦੇ ਝਰੋਖੇ 'ਚੋਂ

-ਰਣਜੀਤ ਸਿੰਘ # 97299-35062



ਪਿਆਰੇ ਬੱਚਿਓ! ਵਿਗਿਆਨ ਦੀਆਂ ਤਿੰਨ ਸ਼ਾਖਾਵਾਂ ਹਨ: ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ। ਇਨ੍ਹਾਂ ਵਿਗਿਆਨਾਂ ਨਾਲ ਸੰਬੰਧਤ ਕੁਝ ਰੌਚਕ ਪ੍ਰਸ਼ਨ-ਉੱਤਰ ਹੇਠਾਂ ਦਿੱਤੇ ਜਾ ਰਹੇ ਹਨ, ਜਿਹੜੇ ਤੁਹਾਡੇ ਗਿਆਨ 'ਚ ਵਾਧਾ ਕਰਨ ਵਿੱਚ ਸਹਾਈ ਸਿੱਧ ਹੋਣਗੇ।

**ਪ੍ਰਸ਼ਨ : ਮੋੜ ਕੱਟਣ ਸਮੇਂ ਰੇਲ ਗੱਡੀ ਕਿਉਂ ਨਹੀਂ ਪਲਟਦੀ?**

**ਉੱਤਰ :** ਜਦੋਂ ਕੋਈ ਵਸਤੂ ਕਿਸੇ ਮੋੜ ਵਾਲੇ ਮਾਰਗ 'ਤੇ ਚਲਦੀ ਹੈ ਤਾਂ ਮੋੜ ਦੇ ਕੇਂਦਰ ਦੀ ਦਿਸ਼ਾ ਵਿੱਚ ਉਸ ਉੱਤੇ ਇਕ ਬਲ ਲਗਦਾ ਹੈ ਜਿਸ ਨੂੰ

'ਅਭਿਕੇਂਦਰੀ ਬਲ' ਆਖਦੇ ਹਨ। ਜਦੋਂ ਰੇਲਗੱਡੀ ਮੋੜਵੇਂ ਰਸਤੇ 'ਤੇ ਜਾ ਰਹੀ ਹੁੰਦੀ ਹੈ ਤਾਂ ਉਸ ਨੂੰ ਰੇਲ ਦੀਆਂ ਪਟੜੀਆਂ ਨਾਲ ਇਹ ਬਲ ਸਹਿਜ ਹੀ ਪ੍ਰਾਪਤ ਹੋ ਜਾਂਦਾ ਹੈ। ਹਾਂ, ਬਾਹਰਲੀ ਪਟੜੀ ਅੰਦਰਲੀ ਪਟੜੀ ਤੋਂ ਹਮੇਸ਼ਾਂ ਥੋੜੀ ਜਹੀ ਉਚਾਈ 'ਤੇ ਵੀ ਬਣਾਈ ਜਾਂਦੀ ਹੈ। ਬੱਸ, ਇਸ ਕਰ ਕੇ ਮੁੜਦੇ ਸਮੇਂ ਰੇਲ ਗੱਡੀ ਕਦੇ ਵੀ ਨਹੀਂ ਪਲਟਦੀ।

**ਪ੍ਰਸ਼ਨ : ਪਾਣੀ ਤੋਂ ਬਾਹਰ ਨਿਕਲਣ ਸਾਰ ਮੱਛੀਆਂ ਮਰ ਕਿਉਂ ਜਾਂਦੀਆਂ ਹਨ?**

**ਉੱਤਰ :** ਮੱਛੀਆਂ ਵਿੱਚ ਸਾਹ ਲੈਣ ਵਾਸਤੇ ਜਿਹੜੇ ਅੰਗ ਹੁੰਦੇ ਹਨ, ਉਨ੍ਹਾਂ ਨੂੰ ਗਲਫੜੇ ਆਖਦੇ ਹਨ। ਗਲਫੜੇ ਪਾਣੀ 'ਚ ਘੁਲੀ ਆਕਸੀਜਨ ਗੈਸ ਨੂੰ ਗ੍ਰਹਿਣ (ਪ੍ਰਾਪਤ) ਕਰਨ 'ਚ ਸਹਾਈ ਹੁੰਦੇ ਹਨ। ਇਹੀ ਕਾਰਨ ਹੈ ਕਿ ਪਾਣੀ ਤੋਂ ਬਾਹਰ ਨਿਕਲਣ ਕਰ ਕੇ ਸਾਹ ਨਾ ਲੈਣ ਦੀ ਹਾਲਤ ਵਿੱਚ ਮੱਛੀਆਂ ਮਰ ਜਾਂਦੀਆਂ ਹਨ।

**ਪ੍ਰਸ਼ਨ: ਲੱਕੜ ਸੜ ਕੇ ਗ਼ਾਇਬ ਕਿਉਂ ਹੋ ਜਾਂਦੀ ਹੈ?**

**ਉੱਤਰ :** ਦਰਅਸਲ, ਕਿਸੇ ਦ੍ਰਵ ਦਾ ਵਿਨਾਸ਼ ਕਦੇ ਵੀ ਨਹੀਂ ਹੁੰਦਾ, ਪਰ ਉਸ ਦਾ ਰੂਪ ਬਦਲ ਜਾਂਦਾ ਹੈ। ਲੱਕੜ ਸੰਬੰਧੀ ਵੀ ਇਹੀ ਗੱਲ ਲਾਗੂ ਹੁੰਦੀ ਹੈ। ਲੱਕੜ ਜਿਹੜੀ ਠੋਸ ਹੁੰਦੀ ਹੈ, ਸੜ ਕੇ ਗੈਸ ਵਿੱਚ ਬਦਲ ਜਾਂਦੀ ਹੈ ਅਤੇ ਹਵਾ ਵਿੱਚ ਮਿਲ ਜਾਂਦੀ ਹੈ। ਇਹ ਪ੍ਰਕਿਰਿਆ ਤੁਹਾਨੂੰ ਵਿਖਾਈ ਨਹੀਂ ਦਿੰਦੀ। ਕੇਵਲ ਉਸ ਦਾ ਕੁਝ ਅੰਸ਼ ਹੀ ਤੁਸੀ ਰਾਖ ਦੇ ਰੂਪ ਵਿੱਚ ਵੇਖ ਸਕਦੇ ਹੋ।

**ਪ੍ਰਸ਼ਨ: ਪਾਣੀ ਦੇ ਬੁਲਬੁਲੇ ਕਿਉਂ ਜੁੜੇ ਹੁੰਦੇ ਹਨ?**

**ਉੱਤਰ:** ਤੁਸੀਂ ਵੇਖਿਆ ਹੋਵੇਗਾ ਕਿ ਪਾਣੀ ਦੇ ਬੁਲਬੁਲੇ ਇੱਕ ਦੂਜੇ ਨਾਲ ਜੁੜ ਕੇ ਸਮੂਹ ਦਾ ਰੂਪ ਧਾਰ ਲੈਂਦੇ ਹਨ। ਪਰ ਇਸ ਦਾ ਕਾਰਨ ਹੈਪਰਸ਼ਿਟ ਤਣਾਉ। ਜਦੋਂ ਬੁਲਬੁਲੇ ਇੱਕ ਦੂਜੇ ਦੇ ਨੇੜੇ ਆਉਂਦੇ ਹਨ ਤਾਂ ਪਹਿਲਾਂ ਦੋਵਾਂ ਦਾ ਪਰਿਸ਼ਟ ਤਣਾਉ ਅਸਥਿਰ ਹੋ ਜਾਂਦਾ ਹੈ, ਪਰ ਜੁੜਨ 'ਤੇ ਸੰਤੁਲਨ ਦੀ ਅਵਸਥਾ ਫਿਰ ਕਾਇਮ ਹੋ ਜਾਂਦੀ ਹੈ। ਕਿਸੇ ਇੱਕ ਬੁਲਬੁਲੇ ਦਾ ਅੰਤਰਾ ਵਾਯੂ ਦਬਾਅ ਉਸ ਦੇ ਚਾਰੇ ਪਾਸੇ ਮੌਜੂਦ ਹਵਾ ਦੀ ਮਾਤਰਾ ਤੋਂ ਘੱਟ ਹੁੰਦਾ ਹੈ। ਜੇਕਰ ਇਹ ਪ੍ਰਕਿਰਿਆ ਜ਼ਿਆਦਾ ਤੇਜ਼ੀ ਨਾਲ ਹੁੰਦੀ ਹੈ ਤਾਂ ਇਹ ਫ਼ੈਟਲ ਆਕਰਸ਼ਣ ਕਰ ਕੇ ਛੇਤੀ ਫੁੱਟ ਜਾਂਦੇ ਹਨ।

-0-

# ਅਲੋਪ ਹੋ ਰਿਹਾ ਗੁੱਲੀ ਡੰਡਾ

-ਗੁਰਮੀਤ ਸਿੰਘ ਵੇਰਕਾ
# 9878600221



ਜਦੋਂ ਅਸੀਂ ਛੋਟੇ ਸੀ, ਬੱਚਿਆਂ ਲਈ ਮਨੋਰੰਜਨ ਤੇ ਖੇਡਾਂ ਦੇ ਕੋਈ ਸਾਧਨ ਨਹੀਂ ਸਨ। ਮੁੰਡੇ ਪਿੰਡਾਂ ਵਿਚ ਖਿੱਦੋ ਖੂੰਡੀ, ਕਾਨਾ ਘੋੜੀ, ਪਿੰਨੀ ਪਿੱਚੀ, ਪਿੱਠੂ ਗਰਮ, ਬੰਟੇ, ਲੁਕਣਮੀਟੀ ਆਦਿ ਖੇਡਦੇ ਸੀ। ਇਨ੍ਹਾਂ ਵਿਚ ਇਕ ਖੇਡ ਗੁੱਲੀ ਡੰਡਾ ਬਹੁਤ ਪ੍ਰਚਲਤ ਸੀ। ਇਹ ਇਕ ਡੰਡੇ ਤੇ ਗੁੱਲੀ ਦੀ ਮਦਦ ਨਾਲ ਖੁੱਲ੍ਹੇ ਮੈਦਾਨ ਵਿਚ ਖੇਡੀ ਜਾਂਦੀ ਸੀ ਖਿਡਾਰੀਆਂ ਦੀ ਤਾਦਾਦ ਉਤੇ ਕੋਈ ਰੋਕ ਨਹੀਂ ਸੀ। ਡੰਡਾ ਕਿਸੇ ਵੀ ਮਾਪ ਦਾ ਹੋ ਸਕਦਾ ਸੀ।

ਗੁੱਲੀ, ਡੰਡੇ ਨਾਲ ਖੇਡੀ ਜਾਂਦੀ ਸੀ। ਜਿਸ ਦੀ ਲੰਬਾਈ 9 ਇੰਚ ਦੇ ਲਗਭਗ ਹੁੰਦੀ ਸੀ। ਗੁੱਲੀ ਦੇ ਦੋਵੇਂ ਸਿਰੇ ਤਰਾਸ਼ੇ ਹੋਏ ਤੇ ਨੋਕਦਾਰ ਹੁੰਦੇ ਸਨ। ਅਸੀਂ ਗੁੱਲੀ ਤੇ ਡੰਡਾ ਅਪਣੇ ਪਿੰਡ ਦੇ ਤਰਖ਼ਾਣ ਪਾਸੋਂ ਘੜਾਉਂਦੇ ਸੀ। ਇਸ ਖੇਡ ਵਿਚ ਪਹਿਲੀ ਮੀਟੀ ਦਾ ਨਿਰਣਾ ਕਰਨ ਲਈ ਬੁੱਚੀਆਂ ਪਾਈਆਂ ਜਾਂਦੀਆਂ ਸਨ। ਵੱਧ ਬੁੱਚੀਆਂ ਪਾਉਣ ਵਾਲਾ ਖਿਡਾਰੀ ਪਹਿਲਾਂ ਵਾਰੀ ਲੈਂਦਾ ਸੀ। ਉਹ ਖੁੱਤੀ ਦੇ ਉਤੇ ਗੁੱਲੀ ਰੱਖ ਕੇ ਡੰਡੇ ਨਾਲ ਉਪਰ ਚੜ੍ਹਾਉਂਦਾ ਸੀ। ਵਿਰੋਧੀ ਖਿਡਾਰੀ ਉਸ ਗੁੱਲੀ ਨੂੰ ਚੁਕ ਕੇ ਖੁੱਤੀ ਵਲ ਸੁੱਟਦਾ ਸੀ। ਖੁੱਤੀ ਦੇ ਉਪਰ ਰੱਖੇ ਡੰਡੇ ਨੂੰ ਮਾਰਦਾ ਸੀ।

ਡੰਡੇ ਵਿਚ ਨਿਸ਼ਾਨਾ ਲੱਗ ਜਾਵੇ ਜਾਂ ਖੁੱਤੀ ਕੋਲ ਮਿੱਥੇ ਖ਼ਾਨੇ ਵਿਚ ਪੈ ਜਾਵੇ ਤਾਂ ਦੂਸਰੀ ਧਿਰ ਦੀ ਵਾਰੀ ਆ ਜਾਂਦੀ ਸੀ। ਜਦੋਂ ਇਹ ਸਫ਼ਲਤਾ ਨਾ ਮਿਲੇ ਤਾਂ ਕਾਇਮ ਖਿਡਾਰੀ ਵਲੋਂ ਗੁੱਲੀ ਦੇ ਨੋਕਦਾਰ ਹਿੱਸੇ ਉਤੇ ਡੰਡਾ ਮਾਰਿਆ ਜਾਂਦਾ ਸੀ ਜਿਸ ਨਾਲ ਗੁੱਲੀ ਉੱਤੇ ਨੂੰ ਬੁੜ੍ਹਕਦੀ ਸੀ। ਇਸ ਦੌਰਾਨ ਜਦੋਂ ਉਹ ਹਵਾ ਵਿਚ ਹੁੰਦੀ ਗੁੱਲੀ ਨੂੰ ਪੂਰੇ ਜ਼ੋਰ ਨਾਲ ਡੰਡਾ ਮਾਰਦਾ ਸੀ। ਗੁੱਲੀ ਦੂਰ ਚਲੀ ਜਾਂਦੀ ਸੀ ਜਾਂ ਨੇੜੇ ਡਿੱਗ ਪੈਂਦੀ ਸੀ। ਜੇਕਰ ਮੁਖ਼ਾਲਫ਼ ਪਾਰਟੀ ਇਸ ਗੁੱਲੀ ਨੂੰ ਹਵਾ ਵਿਚੋਂ ਬੁਚ ਲਵੇ ਜਿਸ ਤਰ੍ਹਾਂ ਕ੍ਰਿਕਟ ਵਿਚ ਕੈਚ ਲਿਆ ਜਾਂਦਾ ਹੈ ਜਾਂ ਉਸ ਨੂੰ ਖੁੱਤੀ ਕੋਲ ਨਿਸ਼ਾਨਦੇਹੀ ਵਾਲੀ ਥਾਂ ਥੋੜੀ ਜਿਹੀ ਖ਼ਾਸ ਥਾਂ ਤੇ ਸੁੱਟ ਦੇਵੇ ਤਾਂ ਡੰਡੇ ਨਾਲ ਗੁੱਲੀ ਮਾਰਨ ਵਾਲੇ ਮੁੰਡੇ ਦੀ ਵਾਰੀ ਖ਼ਤਮ ਹੋ ਜਾਂਦੀ ਸੀ।

ਅਗਲੇ ਖਿਡਾਰੀ ਦੀ ਵਾਰੀ ਆ ਜਾਂਦੀ ਸੀ। ਸਾਡੇ ਮਾਸਟਰ ਜੀ ਬੱਚਿਆਂ ਨੂੰ ਅਕਸਰ ਗਲੀਆਂ ਵਿਚ ਖੇਡਣ ਦੀ ਬਜਾਏ ਖੁਲ੍ਹੇ ਗਰਾਊਂਡ ਵਿਚ ਖੇਡਣ ਲਈ ਕਹਿੰਦੇ ਸੀ ਤਾਂ ਜੋ ਰਾਹ ਵਿਚ ਜਾਂਦੇ ਕਿਸੇ ਵਿਅਕਤੀ ਨੂੰ ਗੁੱਲੀ ਨਾ ਵੱਜ ਜਾਵੇ। ਇਹ ਖੇਡਾਂ ਖੇਡਣ ਨਾਲ ਬੱਚੇ ਸਿਹਤ ਪੱਖੋਂ ਤੰਦਰੁਸਤ ਰਹਿੰਦੇ ਸੀ। ਬਾਲ ਸਭਾ ਵਿਚ ਬੋਲਣ ਲਈ ਅਕਸਰ ਸਾਡੇ ਮਾਸਟਰ ਜੀ ਸਾਨੂੰ ਸਿਖਿਆ ਦਾਇਕ ਗੀਤ ਕਵਿਤਾ ਲਿਖ ਕੇ ਦਿੰਦੇ ਸੀ। ਇਸੇ ਤਰ੍ਹਾਂ ਉਨ੍ਹਾਂ ਨੇ ਗੁੱਲੀ ਡੰਡੇ ਤੇ ਕਵਿਤਾ ਲਿਖ ਕੇ ਮੈਨੂੰ ਦਿਤੀ ਸੀ ਜੋ ਮੈਂ ਬਾਲ ਸਭਾ ਵਿਚ ਪੜ੍ਹੀ ਸੀ। ਜੋ ਮੈਨੂੰ ਹੁਣ ਵੀ ਯਾਦ ਹੈ।

ਇਕ ਦਿਨ ਸੀ ਕੁੱਝ ਮੌਸਮ ਠੰਢਾ,
ਯਾਰਾਂ ਖੇਡਿਆ ਗੁੱਲੀ ਡੰਡਾ
ਗੁੱਲੀ ਮੇਰੀ ਇਸ ਤਰ੍ਹਾਂ ਭੱਜੀ,
ਜਾ ਸਿੱਧੀ ਇਕ ਦੀ ਅੱਖ ਵਿਚ ਵੱਜੀ,
ਜ਼ੋਰ ਦਾ ਮੈਂ ਮਾਰਿਆ ਸੀ ਟੁਲ,
ਅੱਖ ਦਾ ਦੀਵਾ ਹੋ ਗਿਆ ਗੁਲ,
ਉਤੋਂ ਇਕ ਬੰਦਾ ਆਇਆ,
ਉਹ ਨੇ ਫੜ ਮੈਨੂੰ ਲੰਮਿਆਂ ਪਾਇਆ,
ਖਾ ਕੇ ਮਾਰ ਮੈਂ ਪੈ ਗਿਆ ਠੰਢਾ,
ਫਿਰ ਨਾ ਖੇਡਿਆ ਗੁੱਲੀ ਡੰਡਾ।

ਹੁਣ ਗੁੱਲੀ ਡੰਡਾ ਅਲੋਪ ਹੋ ਗਿਆ ਹੈ। ਇਸ ਦੀ ਥਾਂ ਮਹਿੰਗੀ ਖੇਡ ਕ੍ਰਿਕਟ ਨੇ ਲੈ ਲਈ ਹੈ। ਬੱਚੇ ਇਨ੍ਹਾਂ ਖੇਡਾਂ ਤੋਂ ਕੋਹਾਂ ਦੂਰ ਅਨਜਾਣ ਮੋਬਾਈਲ ਤੇ ਖੇਡਾਂ ਖੇਡ ਮਨੋਰੋਗੀ ਹੋ ਗਏ ਹਨ। ਨਵੀਂ ਪੀੜ੍ਹੀ ਨੂੰ ਇਸ ਬਾਰੇ ਦਸਣਾ ਚਾਹੀਦਾ ਹੈ ਤਾਂ ਜੋ ਇਸ ਵਿਰਸੇ ਨਾਲ ਜੁੜੇ ਰਹਿਣ।

-0-

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ



# ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ

ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨਾ

**ਮਹਾਰਾਜੇ ਦਾ ਦੂਜੀ ਵਾਰ ਪਟਿਆਲੇ ਜਾਣਾ**

ਸੰਨ 1807 ਈ: ਦੀਆਂ ਗਰਮੀਆਂ ਵਿਚ ਰਾਜਾ ਸਾਹਿਬ ਸਿੰਘ ਵਾਲੀਏ ਪਟਿਆਲੇ ਅਤੇ ਉਸ ਦੀ ਰਾਣੀ ਆਸ ਕੋਰ ਵਿਚ ਕਈ ਕੁ ਘਰੋਗੀ ਮਾਮਲਿਆਂ ਦੇ ਕਾਰਨ ਐਸਾ ਵਿਰੋਧ ਵਧਿਆ ਕਿ ਜਿਸ ਦਾ ਮਿਟਣਾ ਬੜਾ ਹੀ ਕਠਿਨ ਹੋ ਗਿਆ। ਰਾਣੀ ਚਾਹੁੰਦੀ ਸੀ ਕਿ ਰਾਜਾ ਉਸ ਦੇ ਪੁੱਤਰ ਕਰਮ ਸਿੰਘ ਨੂੰ ਰਾਜ ਤਿਲਕ ਦੇ ਦੇਵੇ ਪਰ ਰਾਜਾ ਆਪਣੇ ਜਿਉਂਦੇ ਜੀਅ ਇੰਞ ਕਰਨ ਨੂੰ ਰਾਜ਼ੀ ਨਹੀਂ ਸੀ। ਇਸ ਕੋਝੇ ਝਗੜੇ ਵਿਚ ਕੁਝ ਫੌਜ ਦੇ ਸਰਦਾਰ ਰਾਜਾ ਵੱਲ ਹੋ ਖੜੋਤੇ ਅਤੇ ਕੁਝ ਫੌਜ ਦੇ ਕਰਮਚਾਰੀਆਂ ਨੇ ਰਾਣੀ ਦਾ ਪੱਖ ਲਿਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਖੁੱਲ੍ਹ-ਮ-ਖੁੱਲ੍ਹੇ ਇਕ ਵੱਡੇ ਟਾਕਰੇ ਦੇ ਹੋਣ ਦੀਆਂ ਤਿਆਰੀਆਂ ਹੋਣ ਲੱਗੀਆਂ, ਪਰ ਵਿਚ ਵਿਚਾਲੇ ਕੁਝ ਕੁ ਮੁਖੀ ਭਲੇ ਲੋਕ ਵੀ ਸਨ ਜਿਨ੍ਹਾਂ ਇਸ ਘਰੋਗੀ ਝਗੜੇ ਨੂੰ ਅਯੋਗ ਸਮਝ ਕੇ ਮਿਟਾਣਾ ਚਾਹਿਆ ਅਤੇ ਦੋਵੇਂ ਧਿਰਾਂ ਇਸ ਗੱਲ ਤੇ ਰਾਜ਼ੀ ਹੋ ਗਈਆਂ ਕਿ ਮਹਾਰਾਜਾ ਰਣਜੀਤ ਸਿੰਘ ਇਥੇ ਦਰਸ਼ਨ ਦੇਣ ਤੇ ਉਹ ਆ ਕੇ ਜਿਵੇਂ ਯੋਗ ਸਮਝਣ ਫ਼ੈਸਲਾ ਦੇਣ। ਇਸ ਗੱਲ ਨੂੰ ਸਾਰੇ ਚੰਗੀ ਤਰ੍ਹਾਂ ਜਾਣਦੇ ਸਨ ਕਿ ਇਹ ਉਲਝਣ ਬਿਨਾਂ ਸ਼ੇਰਿ ਪੰਜਾਬ ਦੇ ਹੋਰ ਕੋਈ ਨਹੀਂ ਸੀ ਸੁਲਝਾ ਸਕਦਾ, ਸੋ ਇਸ ਸੋਚ ਅਨੁਸਾਰ ਪਟਿਆਲੇ ਦਾ ਵਕੀਲ ਮਹਾਰਾਜਾ ਕੋਲ ਪਹੁੰਚਿਆ ਅਤੇ ਰਾਜਾ ਰਾਣੀ ਦੇ ਝਗੜੇ ਦੀ ਸਾਰੀ ਵਾਰਤਾ ਕਹਿ ਸੁਣਾਈ। ਯੋਗ ਤਿਆਰੀਆਂ ਦੇ ਬਾਅਦ ਮਹਾਰਾਜਾ ਸਾਹਿਬ ਲਾਹੌਰ ਤੋਂ ਕੂਚ ਕਰਕੇ ਸਣੇ ਫੌਜਾਂ ਦੇ 1807 ਈ: ਨੂੰ ਪਟਿਆਲੇ ਪਹੁੰਚ ਗਏ।



ਜਦ ਰਾਜਾ ਸਾਹਿਬ ਨੂੰ ਮਹਾਰਾਜਾ ਸਾਹਿਬ ਦੇ ਆਉਣ ਦੀ ਖ਼ਬਰ ਪਹੁੰਚੀ, ਤਦ ਉਹ ਸਣੇ ਆਪਣੇ ਵਜ਼ੀਰਾਂ ਦੇ ਮਹਾਰਾਜਾ ਦੇ ਸਵਾਗਤ ਲਈ ਸ਼ਹਿਰ ਤੋਂ ਬਾਹਰ ਆਇਆ ਅਤੇ ਮਹਾਰਾਜੇ ਨੂੰ ਭਾਰੀ ਸਨਮਾਨ ਨਾਲ ਸ਼ਹਿਰ ਵਿਚ ਲੈ ਗਿਆ। ਇਥੇ ਮਹਾਰਾਜੇ ਦੇ ਉਤਾਰੇ ਲਈ ਕਈਂ ਦਿਨਾਂ ਤੋਂ ਪਟਿਆਲੇ ਦੇ ਪ੍ਰਸਿੱਧ ਬਾਗ ਵਿਚ ਸਜਾਵਟਾਂ ਹੋ ਰਹੀਆਂ ਸਨ ਅਤੇ ਇਥੇ ਹੀ ਉਸ ਨੂੰ ਉਤਾਰਾ ਦਿੱਤਾ ਗਿਆ।

ਕੁਝ ਦਿਨ ਠਹਿਰਨ ਦੇ ਉਪਰੰਤ ਮਹਾਰਾਜਾ ਸਾਹਿਬ ਨੇ ਝਗੜੇ ਮੁਕਾਉਣ ਵੱਲ ਧਿਆਨ ਦਿੱਤਾ ਅਤੇ ਇਸ ਦੇ ਹਰ ਇਕ ਪੱਖ ਨੂੰ ਵਿਚਾਰ ਕੇ ਇਹ ਫ਼ੈਸਲਾ ਕੀਤਾ ਕਿ ਪਟਿਆਲੇ ਦੀ ਰਾਜ-ਗੱਦੀ ਪਰ ਰਾਜਾ ਸਾਹਿਬ ਹੀ ਸੁਸ਼ੋਭਿਤ ਰਹੇ ਅਤੇ ਰਾਣੀ, ਜੋ ਆਪਣੇ ਪੁੱਤਰ ਟਿੱਕਾ ਕਰਮ ਸਿੰਘ ਨਾਲ ਰਹਿਣਾ ਚਾਹੁੰਦੀ ਸੀ, ਉਸ ਨੂੰ 50,000 ਰੁਪਿਆ ਵਾਰਸ਼ਿਕ ਜਾਗੀਰ ਦਿਵਾ ਦਿੱਤੀ, ਜਿਸ ਵਿਚ ਬਨੌਰ, ਮਨੀ ਮਾਜਰਾ, ਸਨੌਰ, ਸਗਲੀ, ਬਿਸੌਲੀ, ਅਤੇ ਮੀਨਾਰ ਥੱਲ ਦਾ ਤੱਲਕਾ ਸੰਮਲਿਤ ਸੀ। ਇਸ ਯੋਗ ਫੈਸਲੇ ਨਾਲ ਦੋਵੇਂ ਧਿਰਾਂ ਰਾਜ਼ੀ ਹੋ ਗਈਆਂ। ਹੁਣ ਮਹਾਰਾਜਾ ਕੁਝ ਦਿਨ ਇਥੇ ਠਹਿਰ ਕੇ ਪਿੱਛੇ ਨੂੰ ਪਰਤ ਆਇਆ।

ਇਸ ਸਮੇਂ ਰਾਜਾ ਪਟਿਆਲਾ ਨੇ ਮਹਾਰਾਜਾ ਸਾਹਿਬ ਦੀ ਬੜੇ ਉਤਸ਼ਾਹ ਨਾਲ ਪ੍ਰਾਹੁਣਾਚਾਰੀ ਕੀਤੀ, ਸ਼ੇਰਿ ਪੰਜਾਬ ਦੀ ਸਾਰੀ ਫੌਜ ਦਾ ਰਸਦ ਪਾਣੀ ਦਾ ਖਰਚ ਆਪਣੇ ਪਾਸੋਂ ਦਿੱਤਾ। ਵਿਦਾਇਗੀ ਸਮੇਂ ਨਿਯਮ ਅਨੁਸਾਰ ਭੇਟਾਵਾਂ ਸਾਹਮਣੇ ਆਈਆਂ, ਜਿਹਨਾਂ ਵਿਚ ਇਕ ਪਿੱਤਲ ਦੀ ਤੋਪ 'ਕੜਾਖਾਨ' ਤੇ ਇਕ ਮੋਤੀਆਂ ਦੀ ਮਾਲਾ, ਜਿਸ ਵਿਚ ਇਕ ਬਹੁਮੁੱਲਾ ਨਗ ਪਿਆ ਹੋਇਆ ਸੀ। ਇਸ ਸਮੇਂ ਇਕ ਬੜੀ ਅਚਰਜ ਘਟਨਾ ਵੇਖਣ ਵਿਚ ਆਈ। ਇਹ ਮਾਲਾ ਰਾਜਾ ਸਾਹਿਬ ਨੇ ਸ਼ੇਰਿ ਪੰਜਾਬ ਦੇ ਗਲ ਇਹ ਵੱਡੇ ਦਰਬਾਰ ਵਿਚ ਪਹਿਨਾਈ ਤਾਂ ਇਸ ਸਮੇਂ ਟਿੱਕਾ ਕਰਮ ਸਿੰਘ (ਰਾਜਾ ਪਟਿਆਲਾ ਦਾ ਪੁੱਤਰ) ਸ਼ੇਰਿ ਪੰਜਾਬ ਦੀ ਗੋਦੀ ਵਿਚ ਆ ਬੈਠਾ। ਇਸ ਨੇ ਜਦ ਇਹ ਮਾਲਾ ਮਹਾਰਾਜਾ ਸਾਹਿਬ ਦੇ ਗਲੇ ਵਿਚ ਸਜੀ ਹੋਈ ਡਿੱਠੀ ਤਾਂ ਇਸ ਨੇ ਭੋਲੇ ਭਾਵ ਕਿਹਾ, ਸਿੰਘ ਸਾਹਿਬ ਜੀ! ਇਹ ਮਾਲਾ ਤਾਂ ਮੇਰੀ ਹੈ। ਕਹਿੰਦੇ ਹਨ, ਬੱਚੇ ਦੇ ਮੂੰਹੋਂ ਇਹ ਬਚਨ ਸੁਣ ਕੇ ਉਦਾਰਚਿਤ ਮਹਾਰਾਜੇ ਤੋਂ ਰਿਹਾ ਨਾ ਗਿਆ, ਤੁਰੰਤ ਉਹ ਮਾਲਾ ਆਪਣੇ ਗਲੋਂ ਲਾਹ ਕੇ ਸ਼ਾਹਜ਼ਾਦਾ ਕਰਮ ਸਿੰਘ ਦੇ ਗੱਲ ਪਾ ਦਿੱਤੀ ਤੇ ਆਖਿਆ, "ਲਾਲ ਜੀ! ਜੇ ਇਹ ਤੇਰੀ ਹੈ ਤਾਂ ਤੇਰੀ ਹੋਈ।" ਇਸ ਅਦਭੁੱਤ ਘਟਨਾ ਦਾ ਸਾਰੇ ਦਰਬਾਰੀਆਂ ਤੇ ਸ਼ੇਰਿ-ਪੰਜਾਬ ਦੇ ਪਿਆਰ ਦਾ ਇਨ੍ਹਾਂ ਪ੍ਰਭਾਵ ਪਿਆ ਕਿ ਸਾਰੇ ਵਾਹ! ਵਾਹ!! ਕਰ ਉਠੇ। ਰਾਜਾ ਸਾਹਿਬ ਸਿੰਘ ਨੇ ਕੰਵਰ ਦੇ ਗਲੋਂ ਮਾਲਾ ਲਾਹ ਕੇ ਮੁੜ ਮਹਾਰਾਜੇ ਦੀ ਭੇਟਾ ਕਰਨੀ ਚਾਹੀ, ਪਰ ਸਰਕਾਰ ਨੇ ਲੈਣ ਤੋਂ ਨਾਂਹ ਕਰ ਦਿੱਤੀ। ਇਸ ਮਾਲਾ ਦਾ ਮੁੱਲ 70,000 ਰੁਪਿਆ ਸੀ।

ਅਗਲੇ ਦਿਨ ਪਟਿਆਲੇ ਤੋਂ ਤੁਰ ਕੇ ਮਹਾਰਾਜਾ ਅੰਬਾਲੇ ਪਹੁੰਚਿਆ। ਇੱਥੇ ਖ਼ਬਰਾਂ ਆਈਆਂ ਕਿ ਠਾਕਰ ਕਿਸ਼ਨ ਸਿੰਘ ਨਰੈਣ-ਗੜੀਆ ਸਰਕਾਰ ਦੇ ਇਲਾਕੇ ਦੀ ਪਰਜਾ ਨੂੰ ਅੱਤ ਦੁੱਖ ਦੇ ਰਿਹਾ ਹੈ। ਇਸ ਖਬਰ ਨੂੰ ਸੁਣ ਕੇ ਮਹਾਰਾਜਾ ਸਾਹਿਬ ਨੇ ਇਹ ਮਨ ਵਿਚ ਠਾਨ ਲਿਆ ਕਿ ਝਬਦੇ ਹੀ ਉਸ ਨੂੰ ਆਪਣੇ ਕੀਤੇ ਦੀ ਸਜ਼ਾ ਦੇਣੀ ਚਾਹੀਦੀ ਹੈ, ਸੋ ਇਥੋਂ ਹੀ ਕੂਚ ਕਰ ਦਿਤਾ ਅਤੇ ਜਾਂਦੇ ਹੀ ਕਿਲ੍ਹਾ ਨਰੈਣਗੜ੍ਹ ਨੂੰ ਜਾ ਘੇਰਿਆ। ਇਹ ਕਿਲ੍ਹਾ ਬੜਾ ਪੱਕਾ ਬਣਿਆ ਹੋਇਆ ਸੀ ਅਤੇ ਇਸਦੇ ਕਈ ਉੱਚੇ ਦਮਦਮਿਆਂ ਵਿਚ ਭਾਰੀ ਤੋਪਾਂ ਲੱਗੀਆਂ ਹੋਈਆਂ ਸਨ ਜਿਹਨਾਂ ਦੀ ਮਾਰ ਬਹੁਤ ਦੂਰ ਤਕ ਪੈਂਦੀ ਸੀ। ਠਾਕਰ ਕਿਸ਼ਨ ਸਿੰਘ ਨੇ ਜਦ ਧਾਵੇ ਦੀ ਖਬਰ ਸੁਣੀ ਤਾਂ ਉਸ ਨੇ ਭੀ ਆਪਣੀ ਰੱਖਿਆ ਲਈ ਜੋ ਕੁਝ ਉਸ ਤੋਂ ਹੋ ਸਕਿਆ ਕੀਤਾ ਅਤੇ ਆਪਣੀਆਂ ਤੋਪਾਂ ਤੋਂ ਚੰਗਾ ਕੰਮ ਲਿਆ। ਇੰਨੇ ਨੂੰ ਸਰਦਾਰ ਫਤਹ ਸਿੰਘ ਕਾਲਿਆਂ ਵਾਲਾ ਇਕ ਦਸਤਾ ਫੌਜ ਲੈ ਕੇ ਅੱਗੇ ਵਧਿਆ ਤਾਂ ਜੋ ਵੈਰੀ ਦੀਆਂ ਤੋਪਾਂ ਤੇ ਕਬਜ਼ਾ ਕਰੇ। ਇਹ ਬਹਾਦਰ ਸਰਦਾਰ ਸਣੇ ਆਪਣੇ ਜੱਥੇ ਦੇ ਬੜੀ ਬੀਰਤਾ ਨਾਲ ਅੱਗੇ ਵੱਧ ਕੇ ਤੋਪਖਾਨੇ ਤੇ ਟੁੱਟ ਪਿਆ। ਮਹਾਰਾਜਾ ਸਾਹਿਬ ਇਕ ਉੱਚੀ ਥਾਂ ਤੋਂ ਦੂਰਬੀਨ ਨਾਲ ਲੜਾਈ ਦਾ ਰੰਗ ਵੇਖ ਰਹੇ ਸਨ। ਹੁਣ ਸਰਦਾਰ ਫਤਹ ਸਿੰਘ ਦੇ ਦਸਤੇ ਨੇ ਤੋਪਾਂ ਵੈਰੀ ਤੋਂ ਖੋਹ ਲਈਆਂ। ਅਜੇ ਇਹ ਤੋਪਾਂ ਸਰਦਾਰ ਫਤਹ ਸਿੰਘ ਆਪਣੇ ਵੱਲ ਖਿਚਵਾ ਰਿਹਾ ਸੀ ਕਿ ਇੰਨੇ ਨੂੰ ਸਾਹਮਣੇ ਪਾਸੇ ਤੋਂ ਇਕ ਗੋਲੀ ਆਈ ਜੋ ਸਰਦਾਰ ਫਤਹ ਸਿੰਘ ਨੂੰ ਛਾਤੀ ਵਿਚ ਲੱਗੀ, ਜਿਸ ਦੀ ਕਰੜੀ ਸੱਟ ਨਾਲ ਉਸਨੇ ਉਥੇ ਹੀ ਪ੍ਰਾਣ ਤਿਆਗ ਦਿੱਤੇ। ਮਹਾਰਾਜਾ ਸਾਹਿਬ ਨੂੰ ਇਸ ਬਹਾਦਰ ਸਰਦਾਰ ਦੀ ਮੌਤ ਦਾ ਬਹੁਤ ਸ਼ੋਕ ਹੋਇਆ ਤੇ ਝੱਟ ਇਕ ਹੋਰ ਦਸਤਾ ਅੱਗੇ ਵਧਾ ਕੇ ਕਿਲ੍ਹੇ ਤੇ ਐਸਾ ਗੋਲੀਆਂ ਦਾ ਮੀਂਹ ਵਸਾਇਆ ਕਿ ਕਿਲ੍ਹੇ ਦੀ ਦੱਖਣੀ ਬਾਹੀ ਛੇਕੋ ਛੇਕ ਹੋ ਗਈ। ਹੁਣ ਉਪਰੋਂ ਉਡਵਾਂ ਧਾਵਾ ਕਰਕੇ ਕਿਲ੍ਹੇ ਨੂੰ ਆਪਣੇ

ਕਬਜ਼ੇ ਵਿਚ ਕਰ ਲਿਆ। ਠਾਕਰ ਕਿਸ਼ਨ ਸਿੰਘ ਆਪਣੀ ਜਾਨ ਬਚਾ ਕੇ ਪਿੱਛੇ ਹਟ ਗਿਆ ਤੇ ਉਸਦਾ ਇਲਾਕਾ ਸਰਦਾਰ ਫਤਹ ਸਿੰਘ ਆਹਲੂਵਾਲੀਏ ਨੂੰ ਜਗੀਰ ਵਿਚ ਦੇ ਦਿੱਤਾ।ਇੱਥੋਂ ਹੁੰਦੇ ਹੋਏ ਨੁਸ਼ੈਹਰਾ, ਮੋਰਿੰਡਾ, ਬਹਲੋਲਪੁਰ ਆਦਿ ਇਲਾਕਾ ਸੋਧ ਕੇ ਮਹਾਰਾਜਾ ਸਾਹਿਬ ਦੇ ਲਾਹੌਰ ਪਹੁੰਚਣ ਦੀ ਤਰੀਕ 4 ਦਸੰਬਰ 1807 ਈ: ਹੈ। ਮਹਾਰਾਜਾ ਸਾਹਿਬ ਜਦ ਲਾਹੌਰ ਪਹੁੰਚੇ ਤਾਂ ਇਹਨਾਂ ਦਿਨਾਂ ਵਿਚ ਹੀ ਰਾਣੀ ਮਹਿਤਾਬ ਕੌਰ ਨੂੰ ਜੌੜੇ ਪੁੱਤ ਜੰਮੇ।ਇਸ ਖੁਸ਼ੀ ਦੇ ਸਮੇਂ ਮਹਾਰਾਜਾ ਨੇ ਹਜ਼ਾਰਾਂ ਰੁਪਏ ਦਾਨ ਕੀਤੇ ਅਤੇ ਸ਼ਾਹਜ਼ਾਦਿਆਂ ਦੇ ਨਾਮ ਗੁਰੂ ਆਸ਼ੇ ਅਨੁਸਾਰ 'ਸ਼ੇਰ ਸਿੰਘ ਤੇ ਤਾਰਾ ਸਿੰਘ' ਰੱਖੇ।

**ਪਹਾੜੀ ਇਲਾਕੇ ਦੀ ਸੁਧਾਈ**

ਸੰਮਤ 1865 ਬਿ: ਮੁਤਾਬਿਕ ਜਨਵਰੀ ਸੰਨ 1808 ਈ: ਦੇ ਅਰੰਭ ਵਿਚ ਮਹਾਰਾਜਾ ਸਾਹਿਬ ਸਣੇ ਖਾਲਸਾ ਦਲ ਦੇ ਪਹਾੜੀ ਇਲਾਕੇ ਦੀ ਸੁਧਵਾਈ ਲਈ ਚੜ੍ਹਿਆ। ਪਹਿਲੇ ਜਾਂਦਿਆਂ ਹੀ ਕਿਲ੍ਹਾ ਪਠਾਨਕੋਟ ਨੂੰ ਜਾ ਕੇ ਫ਼ਤਿਹ ਕੀਤਾ ਅਤੇ ਇਸ ਪਰ ਆਪਣਾ ਅਧਿਕਾਰ ਕਰ ਲਿਆ। ਇਸ ਦੇ ਬਾਅਦ ਕਿਲ੍ਹਾ ਜਸਰੋਤਾ ਵੱਲ ਵਧੇ, ਇਥੋਂ ਦੇ ਰਾਜੇ ਨੇ ਜਦ ਮਹਾਰਾਜਾ ਦੇ ਆਉਣ ਦੀ ਖਬਰ ਸੁਣੀ ਤਾਂ ਬੜੀ ਨਿਮਰਤਾ ਨਾਲ ਆਪਣੇ ਇਲਾਕੇ ਦੀ ਸਰਹੱਦ ਪਰ ਮਹਾਰਾਜਾ ਸਾਹਿਬ ਦਾ ਸਵਾਗਤ ਕੀਤਾ ਤੇ ਖੁਸ਼ੀ ਨਾਲ ਈਨ ਮੰਨ ਲਈ। ਮਹਾਰਾਜਾ ਇਸ ਪਰ ਪਰਸੰਨ ਹੋਇਆ। ਉਸ ਨੂੰ ਇਲਾਕੇ ਪਰ ਉਸੇ ਤਰ੍ਹਾਂ ਸਥਿਰ ਰੱਖਿਆ। ਕੁਝ ਦਿਨ ਇਥੇ ਠਹਿਰ ਕੇ ਰਾਜਾ ਚੰਬਾ ਦੇ ਇਲਾਕੇ ਪਰ ਜਾ ਚੜ੍ਹਾਈ ਕੀਤੀ। ਇਥੋਂ ਦੇ ਰਾਜੇ ਪਰ ਖਾਲਸੇ ਦਾ ਇੰਨਾ ਪ੍ਰਭਾਵ ਛਾਇਆ ਕਿ ਖਾਲਸਾ ਦਲ ਅਜੇ ਚੰਬੇ ਦੇ ਅਧਰਾਹੇ ਵਿਚ ਹੀ ਸੀ ਕਿ ਰਾਜਾ ਚੰਬਾ ਦੇ ਵਕੀਲ ਮਹਾਰਾਜਾ ਦੀ ਸੇਵਾ ਵਿਚ ਪਹੁੰਚ ਗਏ ਤੇ ਈਨ ਮੰਨ ਕੇ ਇਹਨਾਂ ਨੂੰ ਖਿਲਤਾਂ ਦੇ ਕੇ ਤੋਰਿਆ। ਇਥੋਂ ਵੇਹਲੇ ਹੋ ਕੇ ਫੇਰ ਵਸੋਲੀ ਦੀ ਵਾਰੀ ਆਈ, ਏਥੋਂ ਦੇ ਰਾਜਾ ਨੇ ਵੀ ਈਨ ਮੰਨ ਕੇ ਸਲਾਨਾ ਕਰ ਦੇਣਾ ਪ੍ਰਵਾਨ ਕਰ ਲਿਆ। ਪਹਾੜੀ ਇਲਾਕੇ ਤੋਂ ਉਤਰ ਕੇ ਮਹਾਰਾਜੇ ਨੇ ਭਾਰੀ ਵਾਰਸ਼ਕ ਦਰਬਾਰ ਕੀਤਾ; ਜਿਸ ਵਿਚ ਸਾਰੇ ਪੰਜਾਬ ਅਤੇ ਪਹਾੜੀ ਇਲਾਕੇ ਦੇ ਸਰਦਾਰ, ਨਵਾਬ ਤੇ ਹਾਕਮ ਇਕੱਠੇ ਹੋਏ, ਜਿਹਨਾਂ ਨੂੰ ਮਹਾਰਾਜਾ ਨੇ ਆਪੋ ਆਪਣੇ ਮਰਤਬੇ ਅਨੁਸਾਰ ਸਿਰੋਪਾ ਤੇ ਜਗੀਰਾਂ ਬਖਸ਼ੀਆਂ। ਇਸ ਸਮੇਂ ਸ: ਜੀਵਨ ਸਿੰਘ ਸਿਆਲਕੋਟੀ ਤੇ ਸਾਹਿਬ ਸਿੰਘ ਗੁਜਰਾਤੀ ਨੂੰ ਭੀ ਹੋਰਨਾਂ ਸਰਦਾਰਾਂ ਵਾਂਗ ਸੱਦੇ ਪੱਤਰ ਭੇਜੇ ਗਏ ਸਨ, ਪਰ ਉਹ ਦੋਵੇਂ ਇਸ ਦਰਬਾਰ ਵਿਚ ਨਾ ਆਏ ਅਤੇ ਨਾ ਹੀ ਨਾ ਹਾਜ਼ਰ ਹੋਣ ਦਾ ਕੋਈ ਕਾਰਣ ਲਿਖਿਆ। ਮਹਾਰਾਜਾ ਸਾਹਿਬ ਨੇ ਇਨ੍ਹਾਂ ਦੇ ਇਸ ਵਤੀਰੇ ਨੂੰ ਅਤਿ ਅਯੋਗ ਸਮਝਿਆ ਤੇ ਪਹਾੜੀ ਮੁਹਿੰਮ ਦੀਵਾਨ ਮੋਹਕਮ ਚੰਦ ਦੇ ਹੱਥ ਸੌਂਪ ਕੇ ਆਪ ਸਿਆਲਕੋਟ ਤੇ ਜਾ ਚੜ੍ਹਾਈ ਕੀਤੀ। ਸ਼ਹਿਰ ਦੇ ਲਾਗੇ ਪਹੁੰਚ ਕੇ ਮਹਾਰਾਜੇ ਨੇ ਆਪਣਾ ਵਕੀਲ ਜੀਵਨ ਸਿੰਘ ਕੋਲ ਭੇਜਿਆ ਤੇ ਉਸ ਤੋਂ ਦਰਬਾਰ ਵਿਚ ਹਾਜ਼ਰ ਨਾ ਹੋਣ ਕਾਰਨ ਪੁੱਛਿਆ, ਪਰ ਉਸ ਨੂੰ ਸਿਆਲਕੋਟ ਦੇ ਪੱਕੇ ਕਿਲ੍ਹੇ ਪਰ ਬੜਾ ਮਾਣ ਸੀ। ਇਸ ਭਰੋਸੇ ਉਸ ਨੇ ਕੁਝ ਯੋਗ ਉਤਰ ਨਾ ਦਿੱਤਾ, ਸਗੋਂ ਲੜਾਈ ਦੀਆਂ ਤਿਆਰੀਆਂ ਸ਼ੁਰੂ ਕਰ ਕੇ ਫਸੀਲ ਤੇ ਤੋਪਾਂ ਚੜ੍ਹਾ ਦਿਤੀਆਂ।ਮਹਾਰਾਜੇ ਲਈ ਹੁਣ ਬਿਨਾਂ ਲੜਾਈ ਦੇ ਹੋਰ ਕੋਈ ਚਾਰਾ ਨਹੀਂ ਸੀ ਰਿਹਾ, ਛੇਕੜ ਫੌਜਾਂ ਨੂੰ ਹੱਲੇ ਦਾ ਹੁਕਮ ਦੇ ਦਿੱਤਾ ਤੇ ਤੋਪਖਾਨੇ ਨੇ ਗੋਲੇ ਵਸਾਣੇ ਅਰੰਭ ਦਿੱਤੇ। ਓਧਰੋਂ ਭੀ ਬਰਾਬਰ ਤੋਪਾਂ ਦਾ ਉਤਰ ਤੋਪਾਂ ਦੁਆਰਾ ਹੀ ਮਿਲਦਾ ਰਿਹਾ। ਸਰਦਾਰ ਜੀਵਨ ਸਿੰਘ ਨੇ ਬੜੀ ਸੂਰਮਤਾ ਨਾਲ ਪੂਰੇ ਤਿੰਨ ਦਿਨ ਆਪਣੇ ਕਿਲ੍ਹੇ ਨੂੰ ਬਚਾਈ ਰੱਖਿਆ।ਚੌਥੇ ਦਿਨ ਮਹਾਰਾਜੇ ਨੇ ਹੁਕਮ ਦਿੱਤਾ ਕਿ ਕੁਝ ਤੋਪਾਂ ਇਕ ਦਰਵਾਜ਼ੇ ਸਾਹਮਣੇ ਬੀੜ ਕੇ ਇਕੋ ਵਾਰੀ ਉਪਰ ਥੱਲੇ ਤਕ ਇਕ ਰਸ ਚਲਾਈ ਜਾਓ ਜਦ ਤੱਕ ਕਿਲ੍ਹੇ ਦਾ ਦਰਵਾਜ਼ਾ ਟੁੱਟ ਨਾ ਜਾਏ। ਤਰੁੰਤ ਹੁਕਮ ਦੀ ਪਾਲਨਾ ਕੀਤੀ ਗਈ ਤੇ ਲੱਗੇ ਗੋਲੇ ਵੱਸਣ। ਕਿਲ੍ਹੇ ਦੇ ਦਰਵਾਜ਼ੇ ਭਾਵੇਂ ਬਹੁਤ ਪੱਕੇ ਸਨ, ਪਰ ਇਹਨਾਂ ਭਾਰੀਆਂ ਤੋਪਾਂ ਦੇ ਭਿਆਨਕ ਗ਼ੋਲਿਆਂ ਦੀ ਮਾਰ ਮੂਹਰੇ ਬਹੁਤ ਸਮਾਂ ਨਾ ਠਹਿਰ ਸਕੇ, ਛੇਕਰ ਟੁੱਟ ਗਏ ਤੇ ਐਸੇ ਟੁੱਟੇ ਕਿ ਛੌਡਾ ਛੌਡਾ ਹੋ ਗਏ। ਬਸ ਹੁਣ ਕਿਲ੍ਹੇ ਨੂੰ ਫ਼ਓਮਪ;ਤਹ ਕਰਨਾ ਕੋਈ ਵਧੇਰੇ ਔਖਾ ਨਹੀਂ ਸੀ ਰਿਹਾ। ਫੌਜ ਅੱਗੇ ਵਧੀ ਤੇ ਜਾਂਦੇ ਹੀ ਸਿੱਧੀ ਕਿਲ੍ਹੇ ਵਿਚ ਜਾ ਧਸੀ। ਕਿਲ੍ਹੇ ਦੀ ਲੁੱਟ ਦੀ ਮਹਾਰਾਜਾ ਨੇ ਆਮ ਖੁੱਲ੍ਹ ਕਰ ਦਿੱਤੀ ਸੀ, ਜਿਸ ਕਰਕੇ ਬਹੁਤ ਸਾਰਾ ਰੁਪਿਆ ਫੌਜਾਂ ਦੇ ਹੱਥ ਆਇਆ।ਜੀਵਨ ਸਿੰਘ ਨੂੰ ਫੜ ਕੇ ਨਜ਼ਰਬੰਦ ਕੀਤਾ ਗਿਆ, ਮਹਾਰਾਜੇ ਨੇ ਸ਼ਹਿਰ ਵਿਚ ਉਸੇ ਦਿਨ ਡੌਂਡੀ ਪਿਟਵਾ ਦਿੱਤੀ ਕਿ ਜਿਹੜੇ ਜਿਹੜੇ ਸ਼ਹਿਰੀ ਇੱਥੋਂ ਨੱਸ ਕੇ ਬਾਹਰ ਚਲੇ ਗਏ ਹਨ, ਉਹ ਆ ਕੇ ਆਪੋ ਆਪਣਾ ਕੰਮ ਕਾਰ ਆਰੰਭ ਦੇਣ। ਇਹ ਹਲਕਾ ਮਹਾਰਾਜਾ ਨੇ ਖਾਲਸਾ ਰਾਜ ਮਿਲਾ ਦਿੱਤਾ। ਇਥੋਂ ਦਾ ਪ੍ਰਬੰਧ ਪੂਰਾ ਕਰ ਕੇ ਮਹਾਰਾਜਾ ਗੁਜਰਾਤ ਵੱਲ ਆਇਆ। ਇਥੇ ਹਾਕਮ ਗੁਜਰਾਤ ਨੇ ਸਿਆਲਕੋਟ ਦੀ ਲੜ੍ਹਾਈ ਦਾ ਸਾਰਾ ਸਮਾਚਾਰ ਸੁਣ ਲਿਆ ਸੀ, ਜਿਸ ਦੇ ਕਾਰਨ ਉਹ ਬਹੁਤ ਸਹਿਮ ਗਿਆ ਅਤੇ ਮਹਾਰਾਜਾ ਦੀ ਸੇਵਾ ਵਿਚ ਆਪਣੇ ਕ੍ਰਮਚਾਰੀ ਭੇਜ ਕੇ ਬੜੀ ਨਿਮਰਤਾ ਨਾਲ ਆਪਣੀ ਭੁੱਲ ਬਖਸ਼ਵਾਈ ਅਤੇ ਅੱਗੇ ਨੂੰ ਅਨਸਾਰੀ ਰਹਿਣ ਦਾ ਅਹਿਦਨਾਮਾ ਲਿਖ ਦਿੱਤਾ। ਇਸਨੇ ਬਹੁਤ ਸਾਰੇ ਵਧੀਆ ਘੋੜੇ ਮਹਾਰਾਜਾ ਦੀ ਭੇਟ ਕੀਤੇ। ਸਰਦਾਰ ਸਾਹਿਬ ਨੂੰ ਆਪਣਾ ਇਲਾਕਾ ਮੁੜ ਬਖਸ਼ ਕੇ ਮਹਾਰਾਜਾ ਅਖਨੂਰ ਵੱਲ ਆਇਆ, ਇਥੋਂ ਦੇ ਹਾਕਮ ਆਲਮਖਾਨ ਨੇ ਮਹਾਰਾਜਾ ਦੀ ਈਨ ਮੰਨ ਲਈ।

ਇਸੇ ਸਾਲ ਵੈਸਾਖ ਦੇ ਮਹੀਨੇ ਸਰਕਾਰ ਅੰਗਰੇਜ਼ੀ ਵਲੋਂ ਇਕ ਵਕੀਲ ਬਹੁਤ ਸਾਰੀਆਂ ਬਹੁਮੁੱਲੀਆਂ ਸੁਗਾਤਾਂ ਦੇ ਮਹਾਰਾਜਾ ਸਾਹਿਬ ਦੀ ਸੇਵਾ ਵਿਚ ਲਾਹੌਰ ਪੁੱਜਾ, ਜਿਸ ਦਾ ਭਾਵ ਇਹ ਸੀ ਕਿ ਮਿਤੱਰਤਾ ਸਬੰਧ ਵਧੇਰਾ ਪੱਕਾ ਕੀਤਾ ਜਾਏ, ਮਹਾਰਾਜਾ ਸਾਹਿਬ ਨੇ ਸਭ ਕੁਝ ਬੜੇ ਮਾਨ ਨਾਲ ਪਰਵਾਨ ਕੀਤਾ ਤੇ ਉਸ ਦੇ ਬਦਲੇ ਕਈ ਹਜ਼ਾਰ ਦੀਆਂ ਸ਼ਾਲਾਂ ਤੇ ਦੇਸੀ ਦਸਤਕਾਰਦੀਆਂ ਚੀਜ਼ਾਂ ਗਵਰਨਰ ਲਈ ਭੇਜੀਆਂ ਅਤੇ ਵਕੀਲ ਨੂੰ ਬਹੁਮੁੱਲੀ ਖਿਲਤ ਦੇ ਕੇ ਵਿਦਾ ਕੀਤਾ।

-0-


## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...

ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਇਸ ਨੰਬਰ 79733-70542 'ਤੇ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।




ਵੱਲੋਂ : ਅਦਾਰਾ 'ਗੁਰਮਤਿ ਵਿਰਸਾ'

# ਕੇਸ ਅਤੇ ਕਾਰਜਸ਼ੈਲੀ

**ਡਾ: ਦਰਸ਼ਨਜੋਤ ਕੌਰ # 98157-19118**

ਕੇਸ ਸਰੀਰ ਦੀ ਕਾਰਜਸ਼ੈਲੀ ਨੂੰ ਨਿਯਮਿਤ ਕਰਦੇ ਹਨ। ਕਾਇਨਾਤ ਦਾ ਸਭ ਤੋਂ ਕੀਮਤੀ ਅੰਗ ਮਨੁੱਖੀ ਦਿਮਾਗ ਹੈ। ਸਿਰ ਉਤੇ ਲੰਬੇ ਕੇਸ ਇਸ ਕੀਮਤੀ ਅੰਗ ਦੀ ਸੰਭਾਲ ਕਰਦੇ ਹਨ। ਕੇਸਾਂ ਨੂੰ ਗਰਮੀ ਤੇ ਠੰਢਕ ਦਾ ਸੁਚਾਲਕ ਕਿਹਾ ਜਾਂਦਾ ਹੈ। ਸਰਦੀ ਦੇ ਮੌਸਮ ਵਿਚ ਕੇਸ ਸਰੀਰ ਨੂੰ ਅਤੇ ਖਾਸ ਕਰਕੇ ਦਿਮਾਗ ਨੂੰ ਗਰਮ ਰੱਖਣ ਦਾ ਕਾਰਜ ਕਰਦੇ ਹਨ। ਗਰਮੀਆਂ ਵਿਚ ਕੇਸ ਦਿਮਾਗ ਨੂੰ ਠੰਡਾ ਰੱਖਦੇ ਹਨ ਅਤੇ ਖੂਨ ਦੇ ਦੌਰੇ ਨੂੰ ਸੰਤੁਲਿਤ ਰੱਖਦੇ ਹਨ। ਕੇਸਾਂ ਦੀ ਸੰਭਾਲ ਨਾਲ ਹੀ ਦਿਮਾਗ ਦੀ ਸੰਭਾਲ ਸੰਭਵ ਹੈ। ਸਮੁੱਚੇ ਸਰੀਰ ਦੀ ਕਾਰਜਸ਼ੈਲੀ ਵਾਲਾਂ ਨਾਲ ਪ੍ਰਭਾਵਿਤ ਹੁੰਦੀ ਹੈ। ਸਰੀਰ ਉਤੇ ਵਾਲ ਸਰੀਰ ਦਾ ਤਾਪਮਾਨ ਨਿਯਮਿਤ ਕਰਦੇ ਹਨ। ਸਰੀਰ ਉਤੇ ਵਾਲ ਸਰਦੀਆਂ ਵਿਚ ਠੰਡ ਹੋਣ ਉਤੇ ਵੀ ਸਿੱਧੇ ਖੜੇ ਹੋ ਜਾਂਦੇ ਹਨ। ਹਵਾ ਨੂੰ ਫਸਾ ਲੈਂਦੇ ਹਨ, ਜੋ ਇੰਸੂਲੇਸ਼ਨ ਦਾ ਕੰਮ ਕਰਦੀ ਹੈ। ਗਰਮੀਆਂ ਵਿੱਚ ਢਿੱਲੇ ਪੈ ਕੇ ਚਮੜੀ ਉਤੇ ਲੱਗ ਜਾਂਦੇ ਹਨ। ਪਸੀਨੇ ਦਾ ਵਾਸ਼ਪੀਕਰਨ ਕਰਕੇ ਸਰੀਰ ਨੂੰ ਠੰਡਾ ਕਰਦੇ ਹਨ। ਪਸੀਨਾ ਵਾਲਾਂ ਵਿਚ ਸਮਾ ਜਾਂਦਾ ਹੈ, ਜਿਥੋਂ ਵਾਸ਼ਪੀਕਰਣ ਨਾਲ ਸਰੀਰ ਦਾ ਤਾਪਮਾਨ ਸਾਧਾਰਨ ਹੋ ਜਾਂਦਾ ਹੈ। ਜੇ ਸਰੀਰ ਦਾ ਤਾਪਮਾਨ ਬਹੁਤ ਵੱਧ ਜਾਵੇ ਤਾਂ ਮੌਤ ਵੀ ਹੋ ਸਕਦੀ ਹੈ।



ਵਾਲ ਸਾਡੀ ਬਚਾਅ ਪ੍ਰਣਾਲੀ ਹਨ। ਚਮੜੀ ਉਤੇ ਵਾਲਾਂ ਦੀ ਪਰਤ ਨੁਕਸਾਨਦਾਇਕ ਕਿਰਨਾਂ ਤੋਂ ਬਚਾਅ ਕੇ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਤੋਂ ਸਾਡਾ ਬਚਾਅ ਕਰਦੇ ਹਨ। ਅੱਖਾਂ ਦੇ ਵਾਲ ਨਜ਼ਰ ਕਾਇਮ ਰੱਖਦੇ ਹਨ। ਕੰਨਾਂ ਦੇ ਵਾਲ ਸਰੀਰ ਦਾ ਸੰਤੁਲਨ ਕਾਇਮ ਰੱਖਦੇ ਹਨ, ਨੱਕ ਦੇ ਵਾਲ ਫਿਲਟਰ, ਹਿਊਮਿਡੀਫਾਇਰ ਅਤੇ ਅੰਦਰ ਜਾਣ ਵਾਲੀ ਹਵਾ ਦਾ ਤਾਪਮਾਨ ਨਿਯਮਿਤ ਕਰਨ ਦਾ ਕੰਮ ਕਰਦੇ ਹਨ। ਔਰਤਾਂ ਦੇ ਘਣੇ ਅਤੇ ਲੰਬੇ ਵਾਲ ਉਸ ਦੀ ਸੁੰਦਰਤਾ ਅਤੇ ਚੰਗੇਰੀ ਪ੍ਰਾਣ ਸ਼ਕਤੀ ਦੇ ਪ੍ਰਤੀਕ ਮੰਨੇ ਜਾਂਦੇ ਸਨ।

ਇਕ ਐਂਥਰੋਪੋਲੋਜਿਸਟ ਸਾਇੰਸਦਾਨ ਸ਼ੇਲਵਿਓ ਅਰਦੇਨ ਭੋਣਏ, ਨੇ ਅਪਨੀ ਖੋਜ ਵਿਚ ਲਿਖਿਆ ਹੈ –

"A woman with long thick hair demonstrated the life force, the multiplying power of profusion, prosperity...a green thumb for raising bountiful farms and many healthy children."

ਸਰੀਰ ਦੇ ਕਿਸੇ ਵੀ ਭਾਗ ਉਤੇ ਵਾਲ ਬੇਲੋੜੇ ਨਹੀਂ। ਚੰਗੇ ਵਾਲ (ਕੇਸ) ਚੰਗੀ ਸਿਹਤ ਦੀ ਨਿਸ਼ਾਨੀ ਹਨ। ਚਿਹਰੇ ਅਤੇ ਪੇਡੂ ਦੇ ਵਾਲ (ਕੇਸ) ਸਰੀਰ ਦੀ ਪ੍ਰੌੜਤਾ ਦੇ ਪ੍ਰਤੀਕ ਹਨ। ਵਾਲਾਂ ਦਾ ਝੜਨਾ ਬੀਮਾਰੀ ਅਤੇ ਬੁਢਾਪੇ ਦੀ ਨਿਸ਼ਾਨੀ ਹਨ।

ਅਸਲ ਵਿਚ ਵਾਲਾਂ ਦੀ ਸਿਹਤ ਤੋਂ ਬੰਦੇ ਦੀ ਸਿਹਤ ਦਾ ਅੰਦਾਜ਼ਾ ਲਗ ਜਾਂਦਾ ਹੈ। ਵਾਲਾਂ ਦਾ ਝੜ੍ਹਨਾ ਬੀਮਾਰੀ ਅਤੇ ਬੁਢਾਪੇ ਦਾ ਸੰਕੇਤ ਹੈ। ਕਈ ਅੰਦਰਲੀਆਂ ਬੀਮਾਰੀਆਂ ਵਾਲਾਂ ਦੀ ਸਿਹਤ ਤੋਂ ਹੀ ਪਤਾ ਲਗਦੀਆਂ ਹਨ। ਫੀਰੋ ਹਾਰਮੋਨਾਂ ਦਾ ਪ੍ਰਸਾਰ ਅਤੇ ਫੈਲਾਅ ਵਾਲਾਂ ਰਾਹੀਂ ਹੁੰਦੀ ਹੈ। ਇਸ ਤਰ੍ਹਾਂ ਮਨੁੱਖਤਾ ਦੀ ਬਰਕਰਾਰਤਾ ਵਿੱਚ ਵਾਲਾਂ ਦਾ ਅਹਿਮ ਯੋਗਦਾਨ ਹੈ।

ਕੇਸ ਸਰੀਰ ਦਾ ਚਾਰਜਰ ਹਨ। ਵਾਲ ਸੂਰਜੀ ਸ਼ਕਤੀ ਨੂੰ ਆਪਣੇ ਵਿੱਚ ਸਮਾ ਲੈਂਦੇ ਹਨ ਤੇ ਬਿਜਲੀ ਦੀਆਂ ਤਰੰਗਾਂ ਵਿੱਚ ਬਦਲ ਦਿੰਦੇ ਹਨ। ਸਰੀਰ ਦੇ ਸਾਰੇ ਅੰਗਾਂ ਵਿੱਚ ਬਿਜਲੀ ਦਾ ਪ੍ਰਵਾਹ ਚਲ ਰਿਹਾ ਹੈ। ਈ.ਸੀ.ਜੀ. ਅਤੇ ਈ.ਈ.ਜੀ. ਇਸੇ ਬਿਜਲੀ ਦਾ ਪ੍ਰਗਟਾਵਾ ਹਨ।

ਸਰੀਰ ਦੇ ਸਾਰੇ ਅੰਗਾਂ ਵਿੱਚ ਬਿਜਲੀ ਦਾ ਪ੍ਰਵਾਹ ਚਲ ਰਿਹਾ ਹੈ। ਕੇਸ ਜ਼ਿੰਦਗੀ ਦੀ ਰੌ ਨੂੰ ਉਤੇਜਿਤ ਕਰਦੇ ਹਨ। ਇਹ ਸਾਡੀ ਸਰੀਰ ਰੂਪੀ ਮਸ਼ੀਨ ਦੇ ਚਾਰਜਰ ਹਨ। ਵਾਲ ਚਮੜੀ ਨੂੰ ਸੰਵੇਦਨਸ਼ੀਲ ਬਣਾ ਕੇ ਖਤਰਿਆਂ ਦੇ ਅਹਿਸਾਸ ਕਰਣ ਦੀ ਸਮਰੱਥਾ ਨੂੰ ਵਧਾਉਂਦੇ ਹਨ। ਵੀ.ਏ. ਮੈਡੀਕਲ ਹਸਪਤਾਲ ਵਿੱਚ ਕੰਮ ਕਰਦੇ ਵਿਗਿਆਨੀ ਨੇ ਇਸ ਨੁਕਤੇ ਉਤੇ ਵੀਅਤਨਾਮ ਦੀ ਲੜਾਈ ਦੌਰਾਨ ਇੱਕ ਅਜਿਹੀ ਜਾਣਕਾਰੀ ਪ੍ਰਾਪਤ ਕੀਤੀ ਕਿ ਉਸ ਤੋਂ ਬਾਅਦ ਉਸ ਨੇ ਵਾਲ ਕੱਟਣੇ ਹੀ ਬੰਦ ਕਰ ਦਿੱਤੇ। ਇਸ ਜੰਗ ਦੌਰਾਨ ਇਹ ਦੇਖਿਆ ਗਿਆ ਹੈ ਕਿ ਕੇਸਾਧਾਰੀ ਆਦੀਵਾਸੀ ਅਮਰੀਕਨ ਜਵਾਨ ਸਰੀਰਕ ਤੌਰ ਤੇ ਬਹੁਤ ਕਾਬਲ ਸਨ, ਪਰ ਉਨ੍ਹਾਂ ਦੀ ਕਾਬਲੀਅਤ ਵਾਲਾਂ ਦੇ ਮਿਲਟਰੀ ਕੱਟ ਤੋਂ ਬਾਅਦ ਘੱਟ ਗਈ। ਤਜਰਬੇ ਕੀਤੇ ਗਏ ਤਾਂ ਇਹ ਪਤਾ ਲਗਿਆ ਕਿ ਕੇਸ ਕੱਟਣ ਕਾਰਨ ਉਨ੍ਹਾਂ ਦੀ ਕਾਬਲੀਅਤ ਘੱਟ ਹੋ ਗਈ। ਕੇਸ ਮਨੁੱਖ ਨੂੰ ਵਾਤਾਵਰਣ ਨਾਲ ਸੰਬੰਧਿਤ ਅਣਦਿਸਦੇ ਸੰਭਾਵੀ ਸੰਕਟ ਬਾਰੇ ਕੁਝ ਸਕਿੰਟ ਪਹਿਲਾਂ ਹੀ ਅਹਿਸਾਸ ਕਰਵਾ ਦਿੰਦੇ ਹਨ ਅਤੇ ਵਿਅਕਤੀ ਸੁਚੇਤ ਹੋ ਕੇ ਸੰਭਲ ਜਾਂਦਾ ਹੈ। ਵਾਤਾਵਰਣ ਦੀਆਂ ਲਹਿਰਾਂ ਵਾਲਾਂ ਵਿੱਚ ਜਾਂਦੀਆਂ ਹਨ ਅਤੇ ਵਾਲਾਂ ਦੀਆਂ ਜੜਾਂ ਨੂੰ ਉਤੇਜਿਤ ਕਰਦੀਆਂ ਹਨ। ਜੜ੍ਹਾਂ ਦੇ ਆਸੇ ਪਾਸੇ ਬਹੁਤ ਨਸਾਂ ਲਿਪਟੀਆਂ ਹੋਈਆਂ ਹਨ, ਜੋ ਖਤਰੇ ਨੂੰ ਮਹਿਸੂਸ ਕਰ ਲੈਂਦੀਆਂ ਹਨ ਤੇ ਵਿਅਕਤੀ ਸੁਚੇਤ ਹੋ ਜਾਂਦਾ ਹੈ। ਇਸੇ ਲਈ ਹੀ ਖਤਰੇ ਦੇ ਅਹਿਸਾਸ ਨਾਲ ਵਾਲ ਸਿੱਧੇ ਖੜੇ ਹੋ ਜਾਂਦੇ ਹਨ।

ਬਰੈਡਫੋਰਡ ਯੂਨੀਵਰਸਿਟੀ ਦੇ ਚਮੜੀ ਦੀਆਂ ਬੀਮਾਰੀਆਂ ਦੇ ਮਾਹਰ ਡਾ: ਟੋਬਿਨ ਨੇ ਆਪਣੀ ਖੋਜ ਵਿੱਚ ਦੱਸਿਆ ਕਿ ਜ਼ਖਮ ਠੀਕ ਕਰਨ ਵਿੱਚ ਵੀ ਵਾਲਾਂ ਦਾ ਅਹਿਮ ਯੋਗਦਾਨ ਹੈ। ਇਸੇ ਲਈ ਬਾਂਹ ਦੇ ਬਾਹਰਲੇ ਪਾਸੇ ਦੇ ਜ਼ਖਮ ਅੰਦਰਲੇ ਪਾਸੇ ਦੇ ਜ਼ਖਮਾਂ ਨਾਲੋਂ ਜਲਦੀ ਠੀਕ ਹੋ ਜਾਂਦੇ ਹਨ। ਇਕ ਖੋਜੀ ਡਾ. ਰੇਨਾਲਡ ਦਾ ਕਹਿਣਾ ਹੈ ਕਿ ਜੋ ਵਿਅਕਤੀ ਕੇਸ ਕਟਾ ਦਿੰਦੇ ਹਨ, ਉਨ੍ਹਾਂ ਨੂੰ ਦੰਦਾਂ ਦੀਆਂ ਸਮੱਸਿਆਵਾਂ ਦਾ ਦੂਜਿਆਂ ਨਾਲੋਂ ਜ਼ਿਆਦਾ ਸਾਹਮਣਾ ਕਰਨਾ ਪੈਂਦਾ ਹੈ। ਵਾਲਾਂ ਦਾ ਮਨੁੱਖ ਦੇ ਕੱਦ ਕਾਠ ਨਾਲ ਵੀ ਸੰਬੰਧ ਹੈ। ਪਹਿਲਾਂ ਪਹਿਲ ਮਨੁੱਖ ਦੇ ਸਿਰ ਉਤੇ ਵਾਲ ਛੋਟੇ ਛੋਟੇ ਹੁੰਦੇ ਸਨ। ਉਦੋਂ ਉਸ ਦਾ ਕੱਦ ਛੋਟਾ ਅਤੇ ਭਾਰ ਬਹੁਤ ਘੱਟ ਹੁੰਦਾ ਸੀ।

**ਬਾਕੀ ਸਫਾ 32 'ਤੇ**

**ਨਸ਼ਿਆਂ ਦੇ ਪ੍ਰਸੰਗ ਵਿੱਚ**

-ਕੁਲਵੰਤ ਕੌਰ (ਡਾ.) 98156-20515

# 'ਲੱਗੀ ਨਜ਼ਰ ਪੰਜਾਬ ਨੂੰ'...

ਸਵੇਰੇ ਸਵੇਰੇ, ਅੱਜ ਜਦੋਂ ਮੇਰੇ ਰਿਸ਼ਤੇਦਾਰਾਂ ਵੱਲੋਂ ਜਵਾਨ ਜਹਾਨ ਪੁੱਤ ਦੀ ਮੌਤ ਦੀ ਖ਼ਬਰ ਮਿਲੀ, ਦਿਲ ਡਾਹਢਾ ਮਸੋਸਿਆ ਗਿਆ। ਮੈਨੂੰ ਦਿਨ ਭਰ ਦੇ ਕਾਰ ਵਿਹਾਰ, ਛਾਹ ਵੇਲਾ ਤੇ ਹੋਰ ਸਾਰੀਆਂ ਗੱਲਾਂ ਹੀ ਵਿਸਰ ਗਈਆਂ। ਯਾਦ ਆਵੇ ਤਾਂ ਉਸਦਾ ਬਚਪਨ ਦਾ ਭੋਲਾ ਭਾਲਾ ਚਿਹਰਾ, ਸਿਰ'ਤੇ ਜੂੜੇ 'ਤੇ ਚਿੱਟਾ ਰੁਮਾਲ। ਗੁਰਦਵਾਰੇ ਦੇ ਪ੍ਰੋਗਰਾਮ ਮੌਕੇ, ਭੱਜ-ਭੱਜ ਚੜ੍ਹਾਵੇ 'ਚੋਂ ਪੈਸੇ ਇਕੱਠੇ ਕਰਨ ਦੀ ਜ਼ਿੱਦ, ਮਾਂ ਵੱਲੋਂ ਜ਼ਬਰੀ ਲਿਆਉਣ ਤੇ ਬਿਠਾਉਣ ਦੀ ਤਾਕੀਦ। ਕਿੰਨੀ ਛੇਤੀ ਬਚਪਨ ਛਾਲ ਮਾਰ ਕੇ ਜਵਾਨੀ 'ਚ ਅੱਪੜ ਗਿਆ ਤੇ ਜਵਾਨੀ ਵੀ ਅਜਿਹੀ ਕਿ ਕਿਸੇ ਨੂੰ ਆਵੇ ਹੀ ਨਾ। 16 ਜਾਂ 17 ਸਾਲ ਦੀ ਉਮਰ ਕੀ ਹੁੰਦੀ ਹੈ! ਸਾਡੇ ਵੇਲਿਆਂ ਵਿੱਚ ਤਾਂ ਇਸ ਉਮਰੇ ਸੋਝੀ ਹੀ ਕੋਈ ਨਹੀਂ ਸੀ ਹੁੰਦੀ। ਪਿਛਲੱਗ, ਮਾਂ ਦੀ ਚੁੰਨੀ ਫੜ ਕੇ ਮਗਰੇ ਮਗਰ ਤੁਰੇ ਫਿਰਨਾ, ਹਿਰਨਾਂ ਵਾਗ ਚੁੰਗੀਆਂ ਭਰਨੀਆਂ। ਖੇਡਣਾ, ਮਲ੍ਹਣਾ, ਟੱਪਣਾ, ਸਟੈਪੂ ਸਟੈਪੂ ਕਰਦਿਆਂ ਸ਼ਾਮਾਂ ਬਿਤਾਉਣੀਆਂ। ਅੱਠਵੀਂ ਜਮਾਤ ਤੱਕ ਸਾਰੇ ਤਾਏ ਚਾਚੇ ਦੇ ਮੁੰਡਿਆਂ ਕੁੜੀਆਂ ਦਾ ਛੱਤਾਂ 'ਤੇ ਇਕੱਠਿਆਂ ਸੌਣਾ, ਤਾਰੇ ਗਿਣਨੇ, ਹਵਾ ਦੀ ਝਾਕ ਵਿੱਚ ਪੁਰ ਗਿਣਨੇ। ਆਹ ਅੱਜ ਦੇ ਨਸ਼ਿਆਂ, ਜਬਰ ਜਨਾਹਾਂ ਤੇ ਵਰਜਿਤ ਗੱਲਾਂ ਵੱਲੋਂ ਅਸਲੋਂ ਅਣਜਾਣ, ਕੋਰੇ ਅਤੇ ਸਨੇਹੀ ਭਾਵਨਾਵਾਂ ਅਤੇ ਆਪਸੀ ਸਦਭਾਵਨਾ ਨਾਲ ਲਬਾਲਬ ਭਰਪੂਰ।

ਕੇਹੇ ਚੰਦਰੇ ਜ਼ਮਾਨੇ ਹਨ ਹੁਣ! ਕੇਹੀਆਂ ਕਾਲਖ ਭਰੀਆਂ ਮੰਦੀਆਂ ਸੋਚਾਂ! ਕੇਹਾ ਹਨੇਰਾ ਭਵਿੱਖ ਦਿਸਦੈ! ਤੇ ਕੇਹਾ ਸਰਾਪਿਆ ਵਰਤਮਾਨ! ਕੀ ਇਹ ਚਾਤ੍ਰਿਕ ਤੇ ਸ਼ਰਫ ਵਾਲਾ ਪੰਜਾਬ ਹੈ? 'ਐ ਪੰਜਾਬ ਕਰਾਂ ਕੀ ਸਿਫ਼ਤ ਤੇਰੀ! ਕੀ ਇਸੇ ਪ੍ਰਥਾਇ ਲਿਖਿਆ ਗਿਆ? ਬਾਬਾ ਨਾਨਕ ਇਸੇ ਪੰਜਾਬ ਦੀਆਂ ਬਾਰਾਂ ਨੂੰ ਵਾਰ ਵਾਰ ਚਿਤਵਦੇ ਅਤੇ ਬਿਆਨਦੇ ਹੋਏ ਫ਼ੁਰਮਾਉਂਦੇ ਸਨ :-

**ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨਣਾ ਨਾਨਕ ਨਾਮੁ ਵਡਾਈ ਹੋਇ॥ (511)**

ਅੰਮ੍ਰਿਤ ਦੇ ਮਾਅਨੇ ਭਾਵੇਂ ਬਹੁਤ ਹੀ ਵਿਆਪਕ, ਵਿਭਿੰਨ ਅਤੇ ਸਦੀਵੀ ਹਨ ਪਰੰਤੂ ਇਥੇ ਇਹ ਨਾਮ ਅੰਮ੍ਰਿਤ ਦੇ ਅਰਥਾਂ ਵਿੱਚ ਹੀ ਵਰਤਿਆ ਗਿਆ ਹੈ ਭਾਵ ਖਾਣ ਪਹਿਨਣ ਸਭ ਨਾਮ ਰੂਪ ਅੰਮ੍ਰਿਤ ਦੇ ਹੀ ਹੋਣੇ ਚਾਹੀਦੇ ਹਨ। ਇੰਵ, ਸਤਿਗੁਰ ਜੀ ਦੀ ਸਿੱਖਿਆ ਤਾਂ ਅੱਠੇ ਪਹਿਰ ਨਾਮ ਅੰਮ੍ਰਿਤ ਦੀ ਹੀ ਦੁਹਾਈ ਦੇ ਰਹੀ ਹੈ ਪਰ ਆਪਾਂ ਕਿੱਧਰ ਨੂੰ ਤੁਰੇ ਹੋਏ ਹਾਂ? ਗੁਰੂ ਦੀ ਸਿੱਖਿਆ ਤੋਂ ਮੂੰਹ ਮੋੜ ਲੈਣ ਕਰਕੇ ਖੱਜਲ ਖੁਆਰ ਹੋ ਰਹੇ ਹਾਂ। ਔਝੜੇ ਰਾਹਾਂ ਵਿੱਚ ਧੱਕੇ ਖਾ ਰਹੇ ਹਾਂ। ਦੇਸ਼ ਵਿਦੇਸ਼ ਦੀਆਂ ਸਰਹੱਦਾਂ ਤੇ ਨਾ ਕੇਵਲ ਆਪਣੇ ਲਈ ਹੀ ਬਲਕਿ ਸਮੂਹ ਪੰਜਾਬੀਆਂ ਤੇ ਮਾਪਿਆਂ ਦੀ ਦੁਰਗਤੀ ਕਰਵਾ ਰਹੇ ਹਾਂ। ਜੇਲ੍ਹਾਂ 'ਚ ਡੱਕੇ ਜਾ ਰਹੇ ਹਾਂ। ਥੋੜ ਚਿਰੀਆਂ ਪ੍ਰਾਪਤੀਆਂ ਲਈ ਜੀਵਨ ਭਰ ਦਾ ਅਮਨ, ਚੈਨ, ਸਕੂਨ, ਸ਼ਾਂਤੀ ਅਤੇ ਗਰਿਮਾ ਲੁਟਾ ਰਹੇ ਹਾਂ। ਨਸ਼ਿਆਂ ਨੇ ਸਾਡੀ ਮੱਤ ਹੀ ਨਹੀਂ ਮਾਰੀ, ਮੌਤ ਵੀ ਨਜ਼ਦੀਕ ਕਰ ਦਿੱਤੀ ਹੈ।



ਦਸ ਗੁਰੂ ਪਾਤਿਸ਼ਾਹੀਆਂ ਦੀ ਜਨਮ ਭੂਮੀ ਤੇ ਕਰਮ ਭੂਮੀ, ਬਾਬਾ ਬੰਦਾ ਸਿੰਘ ਬਹਾਦਰ ਦੀ ਰਣ ਭੂਮੀ, ਮਹਾਰਾਜਾ ਰਣਜੀਤ ਸਿੰਘ ਦੀ ਫ਼ਤਹਿ ਭੂਮੀ ਤੇ ਗ਼ਦਰੀਆਂ, ਬੱਬਰਾਂ, ਯੋਧਿਆਂ ਦੀ ਪੁੰਨਸਥਲੀ ਕੀ ਅਜੋਕਾ ਪੰਜਾਬ ਹੀ ਸੀ? ਕੀ ਇਸੇ ਸਰਜ਼ਮੀ ਨੇ ਭਗਤ ਸਿੰਘ ਨੂੰ ਗੋਦੀ ਨਹੀਂ ਸੀ ਖਿਡਾਇਆ? ਕੀ ਊਧਮ ਸਿੰਘ ਨੇ ਇਸੇ ਮਿੱਟੀ ਦੇ ਜ਼ਾਇਆ ਲਈ ਐਡੀ ਵੱਡੀ ਕੁਰਬਾਨੀ ਨਹੀਂ ਸੀ ਕੀਤੀ? 1849 ਤੋਂ ਗੁਲਾਮੀ ਦੇ ਜੂਲੇ ਨੂੰ ਪਰਾਂ ਵਗਾਹ ਮਾਰਨ ਲਈ ਐਡਾ ਸ਼ਕਤੀਸ਼ਾਲੀ ਅੰਦੋਲਨ ਕੀ ਇਸੇ ਕਰਕੇ ਚਲਾਇਆ ਗਿਆ ਸੀ ਕਿ ਸਾਡੀ ਮੌਜੂਦਾ ਔਲਾਦ ਨਸ਼ਿਆਂ 'ਚ ਧੁੱਤ ਹੋ ਕੇ ਮੁੜ ਹਾਕਮਾਂ ਦੀ ਗੁਲਾਮੀ ਕਰਨ ਲਈ ਮਜਬੂਰ ਹੋ ਜਾਵੇ? ਐਡੇ ਐਡੇ ਭਾਰੀ ਖੰਡੇ ਖੜਕਾਉਣ ਵਾਲੇ ਮਰਜੀਵੜਿਆਂ ਦੇ ਵਾਰਿਸ ਇਸ ਕਦਰ ਕਮਜ਼ੋਰ ਅਤੇ ਗਰਕ ਜਾਣਗੇ, ਇਹ ਤਾਂ ਸ਼ਾਇਦ ਸਾਡੇ ਮਹਾਂਪੁਰਖਾਂ ਨੇ ਕਦੇ ਵੀ ਨਹੀਂ ਕਿਆਸਿਆ ਹੋਣਾ। ਅਕਾਲੀ ਫੂਲਾ ਸਿੰਘ, ਸ੍ਰ. ਹਰੀ ਸਿੰਘ ਨਲੂਆ, ਮਹਾਰਾਜਾ ਰਣਜੀਤ ਸਿੰਘ, ਜਰਨੈਲ ਜ਼ੋਰਾਵਰ ਸਿੰਘ ਅਤੇ ਸ੍ਰ. ਸ਼ਾਮ ਸਿੰਘ ਅਟਾਰੀਵਾਲਾ ਆਦਿ ਵੱਲੋਂ ਪਾਏ ਪੂਰਨਿਆਂ ਨੂੰ ਮਿਟਾਉਣ ਲਈ ਭਾਵੇਂ ਚਿਰਕਾਲ ਤੋਂ ਜਤਨ ਜਾਰੀ ਸਨ ਪਰ ਸਾਡੇ ਆਪਣੇ ਆਗੂਆਂ ਦਾ ਕਿਰਦਾਰ ਤੇ ਭੂਮਿਕਾ ਕੀ ਰਹੀ ਹੈ? ਸਰਹੱਦੋਂ ਪਾਰੋਂ, ਜੇਕਰ ਬੇਹਿਸਾਬ ਨਸ਼ਾ ਪੰਜਾਬ ਵੱਲ ਧੱਕਿਆ ਜਾ ਰਿਹਾ ਹੈ ਤਾਂ ਇਸ ਨੂੰ ਰੋਕਣ ਦੀ ਬਜਾਇ ਇਸ ਨੂੰ ਵਰਤਣ ਤੇ ਵਰਤਾਉਣ ਵਿੱਚ ਰੁਚੀ ਕਿਸ ਨੇ ਲਈ? ਜੇ ਅੱਜ ਛੇ ਹਜ਼ਾਰ ਕਰੋੜ ਦੇ ਨਸ਼ਿਆਂ ਨੂੰ ਬਰਬਾਦ ਕਰਨ ਦੀਆਂ ਸਰਕਾਰੀ ਖ਼ਬਰਾਂ ਆ ਰਹੀਆਂ ਹਨ ਤਾਂ ਕੀ ਇਹਦੇ ਪਿਛੇ ਆਪਣਿਆਂ ਦੀ ਹੀ ਮਿਲੀ ਭੁਗਤ ਨਜ਼ਰ ਨਹੀਂ ਆਉਂਦੀ? ਬਿਨਾਂ ਸ਼ੱਕ, ਕੁਝ ਗੱਭਰੂ ਤੇ ਨੌਜਵਾਨ ਦਿੱਲੀ ਮੋਰਚਿਆਂ ਵਿੱਚ ਜ਼ਿਕਰਯੋਗ ਭੂਮਿਕਾ ਨਿਭਾ ਰਹੇ ਹਨ ਪਰ ਓਵਰਡੋਜ਼ (ਵੱਧ ਨਸ਼ਾ) ਕਰਨ ਕਰਕੇ ਰੋਜ਼ ਰੋਜ਼ ਸਾਡੇ ਅਨੇਕ ਮੁੰਡੇ ਮਰ ਵੀ ਰਹੇ ਹਨ। ਵੱਧ ਨਸ਼ਾ ਕਰਕੇ ਜਹਾਨੋਂ ਤੁਰ ਜਾਣ ਵਾਲੇ ਗੱਭਰੂ ਪੰਜਾਬ ਦੇ ਕੋਨੇ-ਕੋਨੇ ਤੋਂ ਹਨ। ਗ਼ਮਗੀਨ ਮਾਪਿਆਂ, ਹੰਝੂ ਕੇਰਦੀਆਂ ਪਤਨੀਆਂ ਤੇ ਵਿਲਕਦੇ ਨਿਆਣਿਆਂ ਦੀਆਂ ਖ਼ਬਰਾਂ ਨਿੱਤ ਦਿਹਾੜੇ ਸਾਨੂੰ ਬੇਚੈਨ ਕਰਦੀਆਂ ਹਨ। ਉਪਰੋਕਤ ਮਾਜਰਾ ਵੀ ਅਜਿਹੀ ਹੀ ਇਕ ਸਰਾਪੀ ਦੰਪਤੀ ਦਾ ਹੈ ਜੋ ਕਿੱਤੇ ਵਜੋਂ ਦੁਕਾਨਦਾਰ ਹਨ। ਸੌਦੇ ਪੱਤੇ ਦੀ ਖ਼ਰੀਦ, ਕਾਰੋਬਾਰੀ ਕੰਮਾਂ ਅਤੇ ਗ੍ਰਹਿਸਥੀ ਦੀਆਂ ਕਈ ਲੋੜਾਂ ਲਈ ਬਾਪ ਜਵਾਨ ਜਹਾਨ ਪੁੱਤ ਨੂੰ ਦੁਕਾਨੇ ਬਿਠਾ ਆਪ ਜਿਉਂ ਹੀ ਘਰੋਂ ਬਾਹਰ ਜਾਂਦਾ, ਮੁਸ਼ਟੰਡੇ ਤੇ ਨਸ਼ੇੜੀ ਉਸ ਨੂੰ ਆ ਘੇਰਦੇ। ਪਹਿਲਾਂ ਪਹਿਲ ਪਲਿਓਂ

ਪਿਲਾਉਂਦੇ ਤੇ ਮੁੜ ਉਸ ਨੂੰ ਸਾਂਝੀਦਾਰ ਬਣਾ ਕੇ ਉਸ ਤੋਂ ਪੀਂਦੇ। ਸਕੂਲੋਂ ਛੁੱਟੀ, ਕੰਮ ਤੋਂ ਛੁੱਟੀ ਤੇ ਮੁੜ ਮਾਪਿਆਂ ਲਈ ਸਿਰੇ ਦੀ ਸਿਰਦਰਦੀ। ਨਸ਼ੇ ਦੀ ਤੋਟ ਵਿੱਚ ਘਰ ਵਿੱਚ ਤਰਥੱਲੀ ਮਚਦੀ। ਮਾਂ ਰੋਂਦੀ, ਕੁਰਲਾਉਂਦੀ ਤੇ ਜੋਟੀਦਾਰਾਂ ਦੇ ਘਰਾਂ ਵਿੱਚ ਜਾ ਜਾ ਉਲਾਹਮੇਂ ਦਿੰਦੀ। ਰਿਸ਼ਤੇਦਾਰੀਆਂ ਵਿੱਚ ਗਿੜਗਿੜਾਉਂਦੀ। ਅੰਤ ਘਰ ਉਜੜਦਾ ਤੇ ਪੁੱਤ ਤੜਫਦਾ ਦੇਖ ਉਸ ਦੀ ਮੌਤ ਲਈ ਅਰਜੋਈਆਂ ਕਰਨ ਲੱਗੀ।

ਵੱਧ ਨਸ਼ਾ ਕਰਨ ਵਾਲਿਆਂ ਦਾ ਘਾਟਾ ਨਹੀਂ ਇਥੇ। ਓਵਰਡੋਜ਼ ਨਾਲ ਕਿੰਨੀਆਂ ਹੀ ਜਵਾਨੀਆਂ ਨਿੱਤ ਦਿਹਾੜੇ ਉੱਠ ਰਹੀਆਂ ਹਨ। ਸਰਕਾਰਾਂ ਦੀਆਂ ਡੰਗ ਟਪਾਊ ਨੀਤੀਆਂ, ਬੇਰੁਜ਼ਗਾਰੀ ਦੀ ਮਾਰ, ਭਾਈ ਭਤੀਜਾਵਾਦ ਦਾ ਬੋਲਬਾਲਾ ਕੋਰੋਨਾ ਦਾ ਲੰਮਾ ਪ੍ਰਕੋਪ ਲਿਆਕਤ ਦੀ ਬੇਕਦਰੀ ਤੇ ਚਾਰ ਚੁਫੇਰੇ ਮਚੀ ਆਪੋਧਾਪੀ ਕਾਰਨ ਸਭ ਤੋਂ ਵੱਧ ਮਾਰੂ ਅਸਰ ਨੌਜਵਾਨ ਵਰਗ ’ਤੇ ਪਿਆ ਹੈ। ਜਿਨ੍ਹਾਂ ਦੇ ਮਾਪੇ ਆਪਣਾ ਘਰ ਘਾਟ, ਜ਼ਮੀਨ ਜਾਇਦਾਦ ਤੇ ਬਚਾਏ ਸਾਧਨ ਵੇਚ ਵੱਟ ਕੇ ਆਪਣੇ ਜਿਗਰ ਦੇ ਟੁਕੜਿਆਂ ਨੂੰ ਜਹਾਜੇ ਚਾੜ੍ਹ ਕੇ ਬੇਗਾਨੀਆਂ ਧਰਤੀਆਂ’ਤੇ ਨਹੀਂ ਭੇਜ ਸਕਦੇ, ਉਹ ਨਿਰਾਸ਼ਾ ਦੇ ਆਲਮ ਵਿੱਚ ਨਸ਼ਿਆਂ ਦੀ ਪਕੜ ਵਿੱਚ ਆ ਜਾਂਦੇ ਹਨ। ਕੇਂਦਰ ਸਰਕਾਰ ਦੇ ਅੰਕੜੇ (ਜਿਨ੍ਹਾਂ ਦੇ ਸਹੀ ਹੋਣ ਵਿੱਚ ਸਦਾ ਸ਼ੰਕਾ ਬਣੀ ਰਹਿੰਦੀ ਹੈ) ਅਨੁਸਾਰ ਜਨਵਰੀ 2017 ਤੋਂ 2019 ਤੱਕ ਤਿੰਨ ਸਾਲਾਂ ਵਿੱਚ ਪੰਜਾਬ ਵਿੱਚ 195 ਲੋਕ ਨਸ਼ੇ ਦੀ ਓਵਰਡੋਜ਼ ਨਾਲ ਮੌਤ ਦੇ ਜਬਾੜਿਆਂ ਵਿੱਚ ਗਏ ਹਨ ਜਿਨ੍ਹਾਂ ਵਿੱਚ ਬਹੁਗਿਣਤੀ ਭਾਵੇਂ ਨੌਜਵਾਨਾਂ ਦੀ ਹੀ ਰਹੀ ਹੈ ਪਰੰਤੂ ਅੱਧਖੜ੍ਹ ਵੀ ਇਸ ਤੋਂ ਬਚ ਨਹੀਂ ਸਕੇ ਤੇ ਕਈ ਵਾਰ ਬੁੱਢੇ ਵਾਰੇ ਦੀ ਮੱਤ ਮਾਰੀ ਜਾਂਦੀ ਹੈ। ਇੰਝ, ਲੱਖਾਂ ਵਾਅਦਿਆਂ ਤੇ ਦਾਅਵਿਆਂ ਦੇ ਬਾਵਜੂਦ, ਪਰਨਾਲਾ ਉੱਥੇ ਦਾ ਉੱਥੇ ਹੀ ਹੈ। ਨਸ਼ਿਆਂ ਨੂੰ ਕਤਈ ਠੱਲ੍ਹ ਨਹੀਂ ਪੈ ਸਕੀ। ਮਾੜਾ ਮੋਟਾ ਫਰਕ ਪਿਆ ਹੋਵੇਗਾ ਪਰ ਚਿੱਟਾ ਲਗਾਤਾਰ ਸਾਡੇ ਗੱਭਰੂਆਂ ਨੂੰ ਸ਼ਿਕਾਰ ਬਣਾਉਂਦਾ ਜਾ ਰਿਹਾ ਹੈ। ਨਕਲੀ ਤੇ ਮਿਲਾਵਟੀ ਘਟੀਆ ਸ਼ਰਾਬ ਨੇ ਵੀ ਅਣਗਿਣਤ ਘਰ ਤਬਾਹ ਕਰ ਦਿੱਤੇ ਹਨ ਪਰੰਤੂ ਇਨਸਾਨੀਅਤ ਤੋਂ ਡਿੱਗ ਚੁੱਕੇ ਮੁਨਾਫ਼ਾਖੋਰ ਕਾਹਨੂੰ ਆਪਣਾ ਧੰਦਾ ਛੱਡਦੇ ਹਨ।

ਇੱਕ ਵਾਰ ਕਿਸੇ ਨਾਮੀ ਗਿਰਾਮੀ ਸੰਤ (ਮਰਹੂਮ) ਦਾ ਗੜਵਈ ਸਾਡੀ ਸੰਸਥਾ (ਮਾਈ ਭਾਗੋ ਬ੍ਰਿਗੇਡ) ਦੇ ਦਫ਼ਤਰ ਆਪਣੇ 28 ਕੁ ਸਾਲ ਦੇ ਬੇਟੇ ਨੂੰ ਲੈ ਕੇ ਆਇਆ ਕਿਉਂਕਿ ਚਿਰਕਾਲ ਤੋਂ ਅਸੀਂ ਸਕੂਲਾਂ ਤੇ ਕਾਲਜਾਂ ਵਿੱਚ ਨਸ਼ਿਆਂ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਚਲਾ ਰੱਖੇ ਹਨ। ਚਾਹ ਪਾਣੀ ਪਿਲਾ ਕੇ, ਮੈਂ ਪਿਤਾ ਨੂੰ ਅਖ਼ਬਾਰ ਦੇ ਕੇ ਬਾਹਰ ਬਿਠਾ ਦਿੱਤਾ ਤੇ ਪੁੱਤਰ ਨਾਲ ਸੰਵਾਦ ਆਰੰਭਿਆ “ਤੈਨੂੰ ਨਸ਼ਿਆਂ ਦੀ ਆਦਤ ਕਦੋਂ ਤੇ ਕਿਉਂ ਪਈ?” “ਉਦੋਂ ਤੋਂ ਜਦੋਂ ਮੇਰੀ ਮਾਂ ਮਰ ਗਈ ਸੀ ਤੇ ਪਿਤਾ ਸੰਤਾਂ ਦੇ ਡੇਰੇ ਰਹਿੰਦਾ ਸੀ।” ਸੁੱਘੜ ਸਿਆਣੇ ਪਾਠਕ ਸਮਝ ਗਏ ਹੋਣਗੇ ਕਿ ਆਪਣੀ ਔਲਾਦ ਨੂੰ ਅਣਗੌਲਿਆਂ ਕਰਨਾ ਕਿਸ ਕਦਰ ਮਹਿੰਗਾ ਪੈ ਸਕਦਾ ਹੈ। **ਜਵਾਨ ਹੋ ਰਹੇ ਬੱਚੇ ਦੇ ਮਨੋਵਿਗਿਆਨ ਨੂੰ ਸਮਝੇ ਬਿਨਾਂ, ਉਸ ਦੇ ਢਿੱਡ ਭਰਨ ਤੱਕ ਹੀ ਸੀਮਤ ਨਹੀਂ ਰਿਹਾ ਜਾ ਸਕਦਾ। ਨਸ਼ੇੜੀ ਟੋਲੇ ਸ਼ਿਕਾਰ ਲਭਦੇ ਫਿਰਦੇ ਹਨ, ਆਸਾਨ ਨਿਸ਼ਾਨਾ ਹੀ ਉਨ੍ਹਾਂ ਦੀ ਮੰਜ਼ਿਲ ਹੈ। ਉਹ ਤਾਂ ਦੂਜੀ, ਤੀਜੀ ਤੇ ਪੰਜਵੀਂ ਜਮਾਤ ਤੱਕ ਦੇ ਸਕੂਲੀ ਬਚਿਆਂ ਤੱਕ ਨੂੰ ਨਹੀਂ ਛੱਡਦੇ।** ਮੇਰਾ ਆਪਣਾ ਸੱਤ ਪ੍ਰਤਿਸ਼ਤ ਸੱਚਾ ਤਜਰਬਾ ਹੈ ਪਟਿਆਲਾ ਲਾਗਲੇ ਪਿੰਡਾਂ ਦਾ, ਜਿਥੇ ਅਸੀਂ ਇੱਕ ਸਾਲ ਮੁਹਿੰਮ ਚਲਾ ਕੇ ਫੁੱਲਾਂ ਵਰਗੇ ਬੱਚਿਆਂ ਦਾ ਉਪਚਾਰ ਕੀਤਾ ਸੀ ਕਿਉਂਕਿ ਸਕੂਲਾਂ ਲਾਗਲੇ ਖੋਖਿਆਂ ਤੋਂ, ਉਹ ਚਮਕਦੀਆਂ ਦਮਕਦੀਆਂ ਦੋ ਦੋ ਰੁਪਏ ਦੀਆਂ ‘ਪੁੜੀਆਂ’ ਲੈ ਕੇ ਆਉਂਦੇ ਸਨ ਜਿਨ੍ਹਾਂ ਵਿੱਚ ਨਸ਼ਾ ਵੀ ਹੁੰਦਾ ਸੀ। ਸਵੇਰ ਦੀ ਪ੍ਰਾਰਥਨਾ ਪਿੱਛੋਂ, ਜਦੋਂ ਬੈਗ ਫੋਲੇ ਜਾਂਦੇ ਤਾਂ ਅਧਿਆਪਕ ਜਨ ਦੰਗ ਰਹਿ ਜਾਂਦੇ। ਪੰਜਾਬੀਆਂ ਨੂੰ ਨਸ਼ੇੜੀ ਬਣਾਉਣ ਲਈ ਬਹੁਤ ਸਾਰੀਆਂ ਏਜੰਸੀਆਂ ਤੇ ਸ਼ਕਤੀਆਂ ਕਾਰਜਸ਼ੀਲ ਹਨ। ਸਿਆਸਤਦਾਨ ਸਭ ਤੋਂ ਵੱਧ ਜ਼ਿੰਮੇਵਾਰ ਕਿਉਂਕਿ ਧਾਰਮਿਕ ਸੰਸਥਾਵਾਂ ਦੀਆਂ ਚੋਣਾਂ ਵੇਲੇ ਵੀ ਸ਼ਰਾਬ ਪਾਣੀ ਵਾਂਗ ਵਰਤਾਈ ਜਾਂਦੀ ਹੈ ਤੇ ਪੈਸਾ ਸ਼ਰੇਆਮ ਵੰਡਿਆ ਜਾਂਦਾ ਹੈ। ਭਾਰਤ ਦੇ ਲਾਗਲੇ ਮੁਲਕਾਂ ਤੋਂ ਭੇਜੇ ਜਾ ਰਹੇ ਨਸ਼ਿਆਂ ਵਿੱਚੋਂ ਜਿੰਨੇ ਕੁ ਅੜਿੱਕੇ ਚੜ੍ਹਦੇ ਹਨ, ਉਸ ਤੋਂ ਸੌ ਗੁਣਾਂ ਵੱਧ ਸੁਰੱਖਿਅਤ ਨਿਕਲ ਵੀ ਜਾਂਦੇ ਹਨ ਕਿਉਂਕਿ ਸਾਰਾ ਤਾਣਾ-ਬਾਣਾ ਬੜਾ ਹੀ ਬੀੜਿਆ ਗਿਆ ਹੁੰਦਾ ਹੈ। ਸਰਹੱਦੀ ਪਿੰਡਾਂ ਦੇ ਕਈ ਕਈ ਪੂਰੇ ਦੇ ਪੂਰੇ ਪਰਿਵਾਰ ਇਸ ਮਹਾਂ ਨਖਿੱਧ ਚੱਕਰਵਿਊ ਵਿੱਚ ਫਸੇ ਪਏ ਹਨ। ਘਰ ਦੀਆਂ ਔਰਤਾਂ ਵੀ ਇਸ ਵਿੱਚ ਗਲਤਾਨ। ਅਜਿਹੇ ਵਿੱਚ ਉਨ੍ਹਾਂ ਦੀ ਸੰਤਾਨ ਦਾ ਬਚਾਓ ਭਲਾ ਕਿਵੇਂ ਸੰਭਵ ਹੈ?

**(ਇਸ ਪਹਿਰੇ ਦੀ ਡੱਬੀ ਬਣਾਉਣੀ ਹੈ) ਅੱਜ** ਪੈਸਾ ਹੀ ਸਭ ਕੁਝ ਬਣ ਗਿਆ ਹੈ? ਕੀ ਐਨਾ ਦੁਰਲੱਭ ਜੀਵਨ ਇਨਾਂ ਮੌਤਮਈ ਨਸ਼ਿਆਂ ਦੀ ਭੇਟ ਚਾੜਿਆ ਜਾ ਰਿਹਾ ਹੈ? ਕੀ ਮਾਪਿਆਂ, ਸਮਾਜ ਤੇ ਵਡੇਰਿਆਂ ਦੀ ਇਸ ਮਰਹਲੇ ’ਤੇ ਕੋਈ ਜ਼ਿੰਮੇਵਾਰੀ ਨਹੀਂ? ਔਲਾਦ ਨੂੰ ਅੱਜ ਮਹਿੰਗੇ ਮੋਬਾਇਲ, ਬੁਲੇਟ ਮੋਟਰਸਾਈਕਲ ਤੇ ਕੀਮਤੀ ਕਪੜੇ ਹੀ ਨਹੀਂ ਲੋੜੀਂਦੇ ਬਲਕਿ ਪੂਰੀ ਅਗਵਾਈ, ਨਿਗਰਾਨੀ, ਸਿੱਖਿਆ ਤੇ ਲੋੜ ਪੈਣ ’ਤੇ ਸਖ਼ਤਾਈ ਦੀ ਵੀ ਲੋੜ ਹੈ। ਸ਼ੁਰੂ ਤੋਂ ਹੀ ਧੀ ਹੋਵੇ ਜਾਂ ਪੁੱਤ, ਸਚਿਆਰ ਗੁਣ, ਗੁਰਮਤਿ ਦੀ ਸੇਧ, ਵੱਡਿਆਂ ਦੀ ਸੰਗਤ, ਉਨ੍ਹਾਂ ਦੇ ਹਰ ਕਰਮ ’ਤੇ ਪੈਨੀ ਨਜ਼ਰ ਅਤੇ ਉਨ੍ਹਾਂ ਦੇ ਸੰਗੀ ਸਾਥੀਆਂ ਬਾਰੇ ਪੂਰੀ ਪੂਰੀ ਜਾਣਕਾਰੀ ਰੱਖਣੀ ਵੀ ਜ਼ਰੂਰੀ ਹੈ। ਮਾਂ ਦੀ ਜ਼ਿੰਮੇਵਾਰੀ, ਅਜੋਕੇ ਸਮਿਆਂ ਵਿੱਚ ਹੋਰ ਵੀ ਜ਼ਿਆਦਾ ਵਧ ਗਈ ਹੈ ਜਿਹੜੀ ਘਰ ਦੀ ਆਰਥਿਕਤਾ ਨੂੰ ਥੰਮ੍ਹ ਦੇਣ ਲਈ ਨੌਕਰੀ ਤਾਂ ਕਰਦੀ ਹੈ ਪਰ ਜਵਾਨ ਜਹਾਨ ਔਲਾਦ ਨੂੰ ਅਣਗੌਲਿਆ ਕਰ ਦਿੰਦੀ ਹੈ ਜਾਂ ਕਰਨ ਲਈ ਬੇਬਸ ਹੈ। ਬੇਸ਼ੁਮਾਰ ਉਧਾਲੇ, ਬਲਾਤਕਾਰ, ਨਸ਼ੇ ਅਤੇ ਲਚਰਤਾ ਮਾਪਿਆਂ ਦੀ ਗ਼ੈਰ ਹਾਜ਼ਰੀ ਕਾਰਨ ਵੀ ਹੋ ਰਹੇ ਹਨ ਪਰੰਤੂ ਜੇਕਰ ਆਪਣੀ ਸੰਤਾਨ ਨੂੰ ਮਾਪੇ ਅਤੇ ਅਧਿਆਪਕ ਸ਼ੁਰੂ ਤੋਂ ਹੀ ਨੈਤਿਕ ਸਿੱਖਿਆ, ਭਲੇ ਬੁਰੇ ਦੀ ਤਮੀਜ਼, ਆਪਣੇ ਪਰਾਏ ਦੇ ਫ਼ਰਕ ਅਤੇ ਗੁੱਡ ਟੱਚ ਤੇ ਬੈਡ ਟੱਚ ਬਾਰੇ ਸੁਚੇਤ ਕਰਦੇ ਰਹਿਣ ਤਾਂ ਸਥਿਤੀਆਂ ਵਿੱਚ ਸੁਧਾਰ ਆ ਸਕਦਾ ਹੈ। ਗੁਰੂ ਪਾਤਿਸ਼ਾਹੀਆਂ ਦੀ ਸਰਜ਼ਮੀ ਦੀ ਬਦਨਾਮੀ ਘੱਟ ਸਕਦੀ ਹੈ। **ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥ (62)** ਦਾ ਬੋਲਬਾਲਾ ਹੋ ਜਾਵੇ ਤਾਂ ਅਸੀਂ ਦੁਨੀਆਂ ਭਰ ਵਿੱਚ ਨੇਕਨਾਮੀ ਖੱਟ ਸਕਦੇ ਹਾਂ। ਅਜੋਕੇ ਮੰਜਰ ਤੋਂ ਤਾਂ ਮੈਨੂੰ ਸੁਰਜੀਤ ਪਾਤਰ ਹੀ ਯਾਦ ਆਉਂਦਾ ਹੈ ਜਿਸ ਨੇ ਪੰਜਾਬ ਨੂੰ ਲੱਗੀ ਭੈੜੀ ਨਜ਼ਰ ਦੀ ਗੱਲ, ਕਦੇ ਭਰੇ ਮਨ ਨਾਲ ਕੀਤੀ ਸੀ।

-0-

## ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ ‘ਗੁਰਮਤਿ ਵਿਰਸਾ’ ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**

**ਰਚਨਾਵਾਂ ਭੇਜਣ ਲਈ ਪਤਾ:**
**ਗੁਰਮਤਿ ਵਿਰਸਾ**
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M:** 79733-70542 **Email:** gurmatvirsa@gmail.com

# ਭਾਰਤੀ ਹਵਾਈ ਸੈਨਾ ਦੇ ਮਾਰਸ਼ਲ ਸਰਦਾਰ ਅਰਜਨ ਸਿੰਘ-ਇੱਕ ਬੇਮਿਸਾਲ ਜੀਵਨ



**ਡਾ: ਦਲਵਿੰਦਰ ਸਿੰਘ**

ਭਾਰਤੀ ਹਵਾਈ ਸੈਨਾ ਦੇ ਮਾਰਸ਼ਲ ਸਰਦਾਰ ਅਰਜਨ ਸਿੰਘ ਜੀਵਨ ਭਰ ਲਈ ਹਵਾਈ ਸੈਨਾ ਦੇ ਪਹਿਲੇ ਅਤੇ ਇਕਲੌਤੇ ਮਾਰਸ਼ਲ ਸਨ ਜਿਵੇਂ ਉਨ੍ਹਾਂ ਦੀ ਮਾਰਸ਼ਲ ਵਰਦੀ ਵਿੱਚ ਦੇਖਿਆ ਜਾ ਸਕਦਾ ਹੈ। ਹਵਾਈ ਸੈਨਾ ਵਿੱਚ 32 ਸਾਲ ਦੀ ਸੇਵਾ ਤੋਂ ਬਾਅਦ, ਉਹ 12 ਦਸੰਬਰ 1989 ਤੋਂ ਦਸੰਬਰ 1990 ਤੱਕ ਦਿੱਲੀ ਦੇ 12ਵੇਂ ਲੈਫਟੀਨੈਂਟ ਗਵਰਨਰ ਰਹੇ; 1974 ਤੋਂ 1977 ਤੱਕ ਕੀਨੀਆ ਵਿੱਚ ਭਾਰਤ ਦੇ 11ਵੇਂ ਹਾਈ ਕਮਿਸ਼ਨਰ, 27 ਮਾਰਚ 1971 ਤੋਂ 26 ਮਾਰਚ 1974 ਤੱਕ ਸਵਿਟਜ਼ਰਲੈਂਡ, ਵਿੱਚ ਭਾਰਤ ਦੇ 9ਵੇਂ ਰਾਜਦੂਤ; 7 ਜੂਨ 1966 ਤੋਂ 15 ਜੁਲਾਈ 1969 ਤੱਕ ਚੀਫ਼ਸ ਆਫ਼ ਸਟਾਫ ਕਮੇਟੀ ਦੇ 12ਵੇਂ ਚੇਅਰਮੈਨ; 1 ਅਗਸਤ 1964 ਤੋਂ 15 ਜੁਲਾਈ 1969 ਤੱਕ ਬਿਰਿਟਸ਼ ਭਾਰਤੀ ਹਵਾਈ ਸੈਨਾ (1938-1947) ਅਤੇ ਭਾਰਤੀ ਹਵਾਈ ਸੈਨਾ (1947-1969, 2002-2017) ਵਿੱਚ ਸੇਵਾ ਨਿਭਾਉਂਦੇ ਹੋਏ 32 ਸਾਲਾਂ ਦੀ ਸੇਵਾ (1938-1969) ਦੇ ਨਾਲ ਹਵਾਈ ਸੈਨਾ ਦੇ ਮਾਰਸ਼ਲ ਦੇ ਸਭ ਤੋਂ ਉੱਚੇ ਰੈਂਕ ਨੂੰ ਪ੍ਰਾਪਤ ਕੀਤਾ; ਉਹ ਭਾਰਤੀ ਹਵਾਈ ਸੈਨਾ (IAF) ਦੇ ਪਹਿਲੇ ਅਤੇ ਇਕਲੌਤੇ ਅਧਿਕਾਰੀ ਸਨ ਜਿਨ੍ਹਾਂ ਨੂੰ ਭਾਰਤੀ ਹਵਾਈ ਸੈਨਾ ਦੇ ਮਾਰਸ਼ਲ ਵਜੋਂ ਪੰਜ-ਸਿਤਾਰਾ ਰੈਂਕ ਵਿੱਚ ਤਰੱਕੀ ਦਿੱਤੀ ਗਈ, ਜੋ ਕਿ ਫੀਲਡ ਮਾਰਸ਼ਲ ਫੌਜ ਦੇ ਰੈਂਕ ਦੇ ਬਰਾਬਰ ਸੀ।

ਉਨ੍ਹਾਂ ਨੇ ਹਵਾਈ ਸੈਨਾ ਸਟੇਸ਼ਨ ਅੰਬਾਲਾ, ਹਵਾਈ ਸੈਨਾ ਸਟੇਸ਼ਨ ਕੋਹਾਟ, ਹਵਾਈ ਸੈਨਾ ਸਟੇਸ਼ਨ ਰਿਸਾਲਪੁਰ ਅਤੇ ਨੰਬਰ 1 ਸਕੁਐਡਰਨ IAF ਦੇ ਸੰਚਾਲਨ ਕਮਾਂਡ ਵਿਚ ਹਵਾਈ ਸੈਨਾ ਦੇ ਮੁਖੀ ਵਜੋਂ ਨਿਯੁਕਤ ਰਹੇ। ਉਨ੍ਹਾਂ ਨੇ ਦੂਜੇ ਵਿਸ਼ਵ ਯੁੱਧ, 1947 ਦੀ ਭਾਰਤ-ਪਾਕਿਸਤਾਨ ਜੰਗ ਅਤੇ 1965 ਦੀ ਭਾਰਤ-ਪਾਕਿਸਤਾਨ ਜੰਗ ਲੜੀ। ਰਾਸ਼ਟਰ ਪ੍ਰਤੀ ਉਨ੍ਹਾਂ ਦੀ ਮਹਾਨ ਸੇਵਾ ਲਈ, ਉਨ੍ਹਾਂ ਨੂੰ ਪਦਮ ਵਿਭੂਸ਼ਣ ਅਤੇ ਵਿਸ਼ੇਸ਼ ਫਲਾਇੰਗ ਕਰਾਸ ਨਾਲ ਸਨਮਾਨਿਤ ਕੀਤਾ ਗਿਆ। ਸੇਵਾਮੁਕਤੀ ਤੋਂ ਬਾਅਦ ਉਹ ਆਈ.ਆਈ.ਟੀ. ਦਿੱਲੀ ਦੇ ਚੇਅਰਮੈਨ, ਗ੍ਰਿੰਡਲੇਜ਼ ਬੈਂਕ ਦੇ ਡਾਇਰੈਕਟਰ ਅਤੇ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਰਹੇ।

ਹਵਾਈ ਸੈਨਾ ਵਿੱਚ 1939 ਵਿੱਚ ਉਹ ਨੰਬਰ 1 ਸਕੁਐਡਰਨ ਆਈ.ਏ.ਐਫ. ਵਿੱਚ ਸ਼ਾਮਲ ਹੋਏ ਅਤੇ ਉੱਤਰ-ਪੱਛਮੀ ਸਰਹੱਦੀ ਸੂਬੇ ਵਿੱਚ ਸੇਵਾ ਨਿਭਾਈ। ਦੂਜੇ ਵਿਸ਼ਵ ਯੁੱਧ ਵਿੱਚ ਉਨ੍ਹਾਂ ਨੇ ਅਰਾਕਾਨ ਮੁਹਿੰਮ ਦੌਰਾਨ ਇਸ ਸਕੁਐਡਰਨ ਦੀ ਕਮਾਂਡ ਕੀਤੀ ਅਤੇ ਉਨ੍ਹਾਂ ਨੂੰ ਡਿਸਟਿੰਗੁਇਸ਼ਡ ਫਲਾਇੰਗ ਕਰਾਸ ਧਫਛ ਨਾਲ ਸਨਮਾਨਿਤ ਕੀਤਾ ਗਿਆ। 1945 ਵਿੱਚ ਉਨ੍ਹਾਂ ਨੇ ਆਰ.ਏ.ਐਫ. ਸਟਾਫ ਕਾਲਜ, ਬ੍ਰੈਕਨੇਲ ਵਿੱਚ ਪੜ੍ਹਾਈ ਕੀਤੀ। 1947 ਵਿੱਚ ਭਾਰਤ ਦੀ ਵੰਡ ਤੋਂ ਬਾਅਦ, ਉਨ੍ਹਾਂ ਨੇ ਦਿੱਲੀ ਦੇ ਲਾਲ ਕਿਲ੍ਹੇ ਉੱਤੇ ਰਾਇਲ ਇੰਡੀਅਨ ਏਅਰ ਫੋਰਸ (ਆਰ.ਆਈ.ਏ.ਐਫ.) ਜਹਾਜ਼ ਦੇ ਪਹਿਲੇ ਫਲਾਈ-ਪਾਸਟ ਦੀ ਅਗਵਾਈ ਕੀਤੀ। ਫਿਰ ਉਨ੍ਹਾਂ ਨੇ ਗਰੁੱਪ ਕੈਪਟਨ ਦੇ ਰੈਂਕ 'ਤੇ ਏਅਰ ਫੋਰਸ ਸਟੇਸ਼ਨ, ਅੰਬਾਲਾ ਦੀ ਕਮਾਂਡ ਕੀਤੀ। 1950 ਵਿੱਚ, ਜੁਆਇੰਟ ਸਰਵਿਸ ਡਿਫੈਂਸ ਕਾਲਜ, ਲੈਟੀਮਰ, ਬਕਿੰਘਮ ਸ਼ਾਇਰ ਵਿਖੇ ਸਟਾਫ ਕੋਰਸ ਪੂਰਾ ਕਰਨ ਤੋਂ ਬਾਅਦ, ਉਨ੍ਹਾਂ ਨੂੰ ਏਅਰ ਕਮਾਂਡਰ ਦੇ ਰੈਂਕ 'ਤੇ ਤਰੱਕੀ ਦਿੱਤੀ ਗਈ ਅਤੇ ਉਨ੍ਹਾਂ ਨੇ ਆਪ੍ਰੇਸ਼ਨਲ ਕਮਾਂਡ ਸੰਭਾਲ ਲਈ। ਉਸਨੇ ਦੋ ਕਾਰਜਕਾਲਾਂ ਵਿੱਚ ਆਪ੍ਰੇਸ਼ਨਲ ਕਮਾਂਡ ਦੀ ਕਮਾਂਡ ਕੀਤੀ। 1958 ਵਿੱਚ, ਇਸ ਅਹੁਦੇ ਨੂੰ ਏਅਰ ਵਾਈਸ ਮਾਰਸ਼ਲ ਦੇ ਰੈਂਕ 'ਤੇ ਏਅਰ ਅਫਸਰ ਕਮਾਂਡਿੰਗ-ਇਨ-ਚੀਫ਼ ਵਿੱਚ ਅਪਗ੍ਰੇਡ ਕੀਤਾ ਗਿਆ। 1960 ਵਿੱਚ ਇੰਪੀਰੀਅਲ ਡਿਫੈਂਸ ਕਾਲਜ ਵਿੱਚ ਪੜ੍ਹਾਈ ਕਰਨ ਤੋਂ ਬਾਅਦ, ਉਨ੍ਹਾਂ ਨੇ ਏਅਰ ਹੈੱਡਕੁਆਰਟਰ ਵਿੱਚ ਪ੍ਰਸ਼ਾਸਨ ਦੇ ਇੰਚਾਰਜ ਏਅਰ ਅਫਸਰ ਵਜੋਂ ਸੇਵਾ ਨਿਭਾਈ। 1963 ਵਿੱਚ, ਉਨ੍ਹਾਂ ਨੇ ਏਅਰ ਸਟਾਫ ਦੇ ਡਿਪਟੀ ਚੀਫ਼ ਅਤੇ ਫਿਰ ਏਅਰ ਸਟਾਫ ਦੇ ਵਾਈਸ ਚੀਫ਼ ਵਜੋਂ ਅਹੁਦਾ ਸੰਭਾਲਿਆ। ਉਨ੍ਹਾਂ ਨੇ 1 ਅਗਸਤ 1964 ਨੂੰ ਏਅਰ ਸਟਾਫ ਦੇ ਮੁਖੀ ਵਜੋਂ ਅਹੁਦਾ ਸੰਭਾਲਿਆ। 1964 ਤੋਂ 1969 ਤੱਕ ਹਵਾਈ ਸੈਨਾ ਦੇ ਤੀਜੇ ਮੁਖੀ ਵਜੋਂ, ਉਨ੍ਹਾਂ ਨੇ 1965 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਹਵਾਈ ਸੈਨਾ ਦੀ ਅਗਵਾਈ ਕੀਤੀ।

ਅਗਸਤ 1965 ਵਿੱਚ, ਆਪ੍ਰੇਸ਼ਨ ਜਿਬਰਾਲਟਰ ਦੇ ਹਿੱਸੇ ਵਜੋਂ, ਪਾਕਿਸਤਾਨ ਨੇ ਭਾਰਤੀ ਸ਼ਾਸਨ ਵਿਰੁੱਧ ਬਗਾਵਤ ਨੂੰ ਭੜਕਾਉਣ ਲਈ ਜੰਮੂ ਅਤੇ ਕਸ਼ਮੀਰ ਵਿੱਚ ਫੌਜਾਂ ਦੀ ਘੁਸਪੈਠ ਕਰਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਪੱਛਮੀ ਥੀਏਟਰ ਵਿੱਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਇੱਕ ਪੂਰੇ ਪੈਮਾਨੇ ਦੀ ਜੰਗ ਹੋਈ। ਸਤੰਬਰ ਵਿੱਚ ਪਾਕਿਸਤਾਨ ਨੇ ਆਪ੍ਰੇਸ਼ਨ ਗ੍ਰੈਂਡ ਸਲੈਮ ਸ਼ੁਰੂ ਕੀਤਾ ਜਿਸ ਵਿੱਚ ਜੰਮੂ ਦੇ ਅਖਨੂਰ ਅਤੇ ਛੰਬ ਖੇਤਰਾਂ ਨੂੰ ਨਿਸ਼ਾਨਾ ਬਣਾਇਆ। ਸਰਦਾਰ ਅਰਜਨ ਸਿੰਘ ਨੂੰ ਹਵਾਈ ਸਹਾਇਤਾ ਦੀ ਬੇਨਤੀ ਦੇ ਨਾਲ ਰੱਖਿਆ ਮੰਤਰੀ ਵਾਈ ਬੀ ਚਵਾਨ ਦੇ ਦਫ਼ਤਰ ਵਿੱਚ ਬੁਲਾਇਆ ਗਿਆ ਜਿਸ ਵਿੱਚ ਭਾਰਤੀ ਹਵਾਈ ਸੈਨਾ ਨੇ ਪਾਕਿਸਤਾਨੀ ਫੌਜ ਵਿਰੁੱਧ ਹਵਾਈ ਹਮਲੇ ਲਈ ਹੁਕਮ ਹੋਇਆ। ਅਰਜਨ ਸਿੰਘ ਨੇ ਇੱਕ ਵਿਸ਼ੇਸ਼ ਤਤਪਰਤਾ ਨਾਲ, "ਇੱਕ ਘੰਟੇ ਵਿੱਚ" ਦੁਸ਼ਮਣ ਤੇ ਹਵਾਈ ਹਮਲਾ ਕਰਕੇ ਦੁਸ਼ਮਣ ਦਾ ਵਧਣਾ ਰੋਕ ਦਿਤਾ। ਉਸਦੇ ਆਪਣੇ ਸ਼ਬਦ ਦੇ ਅਨੁਸਾਰ, ਵਧਦੀ ਟੈਂਕ ਡਿਵੀਜ਼ਨ ਨੂੰ IAF ਦੁਆਰਾ ਇੱਕ ਘੰਟੇ ਵਿੱਚ ਤਬਾਹੀ ਲਿਆ ਕੇ ਠੱਲ ਪਾ ਦਿਤੀ। ਹਾਲਾਂ ਕਿ ਆਈ.ਏ.ਐਫ. ਨੂੰ ਸ਼ੁਰੂ ਵਿੱਚ ਕੁਝ ਨੁਕਸਾਨ ਹੋਇਆ, ਪਰ ਟਕਰਾਅ ਦੌਰਾਨ ਰਣਨੀਤਕ ਜਿੱਤਾਂ ਪ੍ਰਾਪਤ ਕੀਤੀਆਂ। 23 ਸਤੰਬਰ ਨੂੰ ਦੋਵਾਂ ਦੇਸ਼ਾਂ ਦੁਆਰਾ ਜੰਗਬੰਦੀ ਦਾ ਐਲਾਨ ਕੀਤੇ ਜਾਣ ਨਾਲ ਯੁੱਧ ਖਤਮ ਹੋਇਆ। ਅਰਜਨ ਸਿੰਘ ਨੇ ਜੰਗ ਦੌਰਾਨ

IAF ਦੀ ਅਗਵਾਈ ਕੀਤੀ, ਬੇਮਿਸਾਲ ਲੀਡਰਸ਼ਿਪ ਦਿਖਾਈ ਅਤੇ ਪੂਰੇ ਸਮੇਂ ਦੌਰਾਨ ਠੰਡਾ ਅਤੇ ਪ੍ਰੇਰਨਾ ਦਾਇਕ ਰਿਹਾ। ਸਰਦਾਰ ਅਰਜਨ ਸਿੰਘ ਨੂੰ ਜੰਗ ਦੌਰਾਨ ਉਨ੍ਹਾਂ ਦੀ ਅਗਵਾਈ ਲਈ ਭਾਰਤ ਦਾ ਦੂਜਾ ਸਭ ਤੋਂ ਉੱਚਾ ਨਾਗਰਿਕ ਪੁਰਸਕਾਰ, ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ। 15 ਜਨਵਰੀ 1966 ਨੂੰ, IAF ਦੇ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ, CAS ਦੇ ਅਹੁਦੇ ਨੂੰ ਏਅਰ ਚੀਫ ਮਾਰਸ਼ਲ ਦੇ ਅਹੁਦੇ 'ਤੇ ਅਪਗ੍ਰੇਡ ਕੀਤਾ ਗਿਆ। ਅਰਜਨ ਸਿੰਘ ਏਅਰ ਚੀਫ ਮਾਰਸ਼ਲ ਦਾ ਦਰਜਾ ਰੱਖਣ ਵਾਲੇ ਪਹਿਲੇ ਅਧਿਕਾਰੀ ਬਣੇ।

7 ਜੂਨ 1966 ਨੂੰ, ਜਨਰਲ ਜਯੰਤੋ ਨਾਥ ਚੌਧਰੀ ਦੀ ਸੇਵਾਮੁਕਤੀ ਦੇ ਨਾਲ, ਅਰਜਨ ਸਿੰਘ ਸਿੰਘ ਨੇ ਚੀਫ਼ਸ ਆਫ਼ ਸਟਾਫ ਕਮੇਟੀ ਦੇ ਚੇਅਰਮੈਨ ਦਾ ਅਹੁਦਾ ਸੰਭਾਲਿਆ, ਇੱਕ ਅਜਿਹਾ ਅਹੁਦਾ ਜੋ ਉਹ ਸੇਵਾਮੁਕਤ ਹੋਣ ਤੱਕ ਸੰਭਾਲਦੇ ਰਹੇ। 1967 ਵਿੱਚ, ਸਰਦਾਰ ਅਰਜਨ ਸਿੰਘ ਨੂੰ ਉਨ੍ਹਾਂ ਦੇ ਅਲਮਾ ਮੈਟਰ, IAF ਕਾਲਜ ਕ੍ਰੈਨਵੈਲ ਵਿਖੇ ਪਾਸਿੰਗ ਆਊਟ ਪਰੇਡ ਦੇ ਸਮੀਖਿਆ ਅਧਿਕਾਰੀ ਵਜੋਂ ਸਲਾਮੀ ਲੈਣ ਲਈ ਸੱਦਾ ਦਿੱਤਾ ਗਿਆ ਜੋ ਇੱਕ ਗੈਰ-ਬ੍ਰਿਟਿਸ਼ ਸੇਵਾ ਮੁਖੀ ਦੇ ਲਈ ਇੱਕ ਦੁਰਲੱਭ ਸਨਮਾਨ ਹੈ।

ਇਤਿਹਾਸ ਵਿੱਚ ਹਵਾਈ ਸੈਨਾ ਦੇ ਮੁਖੀ ਵਜੋਂ ਦੂਜਾ ਸਭ ਤੋਂ ਲੰਬਾ ਕਾਰਜ ਕਾਲ, ਲਗਭਗ ਪੰਜ ਸਾਲ ਤੱਕ ਭਾਰਤੀ ਹਵਾਈ ਸੈਨਾ ਦੀ ਅਗਵਾਈ ਕਰਨ ਤੋਂ ਬਾਅਦ ਅਰਜਨ ਸਿੰਘ ਸਿੰਘ ਜੁਲਾਈ 1969 ਵਿੱਚ 50 ਸਾਲ ਦੀ ਉਮਰ ਵਿੱਚ ਸੇਵਾਮੁਕਤ ਹੋਏ। 1965 ਦੀ ਭਾਰਤ-ਪਾਕਿਸਤਾਨ ਜੰਗ ਦੌਰਾਨ ਆਈਏਐਫ ਦੀ ਕਮਾਨ ਵਿੱਚ ਉਨ੍ਹਾਂ ਦੀ ਸ਼ਾਨਦਾਰ ਸੇਵਾ ਲਈ, ਉਨ੍ਹਾਂ ਨੂੰ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਅਤੇ 1966 ਵਿੱਚ ਏਅਰ ਚੀਫ ਮਾਰਸ਼ਲ ਵਜੋਂ ਤਰੱਕੀ ਪ੍ਰਾਪਤ ਕਰਨ ਵਾਲੇ ਪਹਿਲੇ IAF ਅਧਿਕਾਰੀ ਬਣੇ।

IAF ਤੋਂ ਸੇਵਾਮੁਕਤ ਹੋਣ ਤੋਂ ਬਾਅਦ, ਸਰਦਾਰ ਅਰਜਨ ਸਿੰਘ ਨੇ ਇੱਕ ਡਿਪਲੋਮੈਟ, ਸਿਆਸਤਦਾਨ ਅਤੇ ਭਾਰਤ ਸਰਕਾਰ ਦੇ ਸਲਾਹਕਾਰ ਵਜੋਂ ਸੇਵਾ ਨਿਭਾਈ। ਉਸਨੇ 1971 ਤੋਂ 1974 ਤੱਕ ਸਵਿਟਜ਼ਰਲੈਂਡ ਵਿੱਚ ਭਾਰਤ ਦੇ ਰਾਜਦੂਤ ਅਤੇ 1974 ਤੋਂ 1977 ਤੱਕ ਕੀਨੀਆ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਵਜੋਂ ਸੇਵਾ ਨਿਭਾਈ। ਫਿਰ ਉਨ੍ਹਾਂ ਨੇ 1989 ਤੋਂ 1990 ਤੱਕ ਦਿੱਲੀ ਦੇ ਲੈਫਟੀਨੈਂਟ ਗਵਰਨਰ ਵਜੋਂ ਸੇਵਾ ਨਿਭਾਈ। ਜਨਵਰੀ 2002 ਵਿੱਚ, ਭਾਰਤੀ ਹਵਾਈ ਸੈਨਾ ਦੇ ਮਾਰਸ਼ਲ ਦਾ ਦਰਜਾ ਉਨ੍ਹਾਂ ਨੂੰ ਦਿੱਤਾ ਗਿਆ, ਜੋ ਕਿ ਇਹ ਸਨਮਾਨ ਪ੍ਰਾਪਤ ਕਰਨ ਵਾਲੇ IAF ਦੇ ਪਹਿਲੇ ਅਤੇ ਇਕਲੌਤੇ ਅਧਿਕਾਰੀ ਸਨ।

ਇਸ ਮਹਾਨ ਸ਼ਖਸੀਅਤ ਦਾ ਜਨਮ 15 ਅਪ੍ਰੈਲ 1919 ਨੂੰ ਲਾਇਲਪੁਰ, ਪੰਜਾਬ, ਬ੍ਰਿਟਿਸ਼ ਭਾਰਤ (ਹੁਣ ਫੈਸਲਾਬਾਦ, ਪੰਜਾਬ, ਪਾਕਿਸਤਾਨ) ਵਿਖੇ ਔਲਖ ਕਬੀਲੇ ਦੇ ਇੱਕ ਪੰਜਾਬੀ ਜੱਟ ਸਿੱਖ ਪਰਿਵਾਰ ਵਿੱਚ ਹੋਇਆ ਸੀ। ਉਹ ਫੌਜ ਵਿੱਚ ਸ਼ਾਮਲ ਹੋਏ ਤਾਂ ਬ੍ਰਿਟਿਸ਼ ਭਾਰਤੀ ਹਥਿਆਰਬੰਦ ਸੈਨਾਵਾਂ ਵਿੱਚ ਸ਼ਾਮਲ ਹੋਣ ਵਾਲੇ ਆਪਣੇ ਪਰਿਵਾਰ ਦੀ ਉਨ੍ਹਾਂ ਦੀ ਇਹ ਚੌਥੀ ਪੀੜ੍ਹੀ ਸੀ।

ਸਰਦਾਰ ਅਰਜਨ ਸਿੰਘ ਦੇ ਪਿਤਾ ਆਪਣੇ ਜਨਮ ਸਮੇਂ ਹੌਡਸਨਜ਼ ਹਾਰਸ ਵਿੱਚ ਇੱਕ ਲਾਂਸ ਵਫਾਦਾਰ ਸਨ ਅਤੇ ਕੈਵਲਰੀ ਵਿੱਚ ਇੱਕ ਪੂਰੇ ਰਿਸਾਲਦਾਰ ਵਜੋਂ ਸੇਵਾ ਮੁਕਤ ਹੋਏ ਸਨ, ਇੱਕ ਡਿਵੀਜ਼ਨ ਕਮਾਂਡਰ ਦੇ ਏਡੀਸੀ ਵਜੋਂ ਕੁਝ ਸਮੇਂ ਲਈ ਸੇਵਾ ਨਿਭਾਉਂਦੇ ਰਹੇ ਸਨ। ਉਨ੍ਹਾਂ ਦੇ ਦਾਦਾ ਰਿਸਾਲਦਾਰ ਮੇਜਰ ਹੁਕਮ ਸਿੰਘ ਨੇ 1883 ਅਤੇ 1917 ਦੇ ਵਿਚਕਾਰ ਗਾਈਡਜ਼ ਕੈਵਲਰੀ ਵਿੱਚ ਸੇਵਾ ਨਿਭਾਈ, ਅਤੇ ਪੜਦਾਦਾ, ਨਾਇਬ ਰਿਸਾਲਦਾਰ ਸੁਲਤਾਨਾ ਸਿੰਘ, 1854 ਵਿੱਚ ਭਰਤੀ ਹੋਏ ਗਾਈਡਜ਼ ਕੈਵਲਰੀ ਦੀਆਂ ਪਹਿਲੀਆਂ ਦੋ ਪੀੜ੍ਹੀਆਂ ਵਿੱਚੋਂ ਇੱਕ ਸਨ; ਉਹ 1879 ਦੀ ਅਫਗਾਨ ਮੁਹਿੰਮ ਦੌਰਾਨ ਸ਼ਹੀਦ ਹੋ ਗਏ ਸਨ। ਇਸ ਤਰ੍ਹਾਂ, ਫੌਜ ਦੇ ਹੇਠਲੇ ਅਤੇ ਮੱਧ ਰੈਂਕ ਵਿੱਚ ਸੇਵਾ ਕਰਨ ਵਾਲੇ ਤਿੰਨ ਪੀੜ੍ਹੀਆਂ ਦੇ ਆਦਮੀਆਂ ਤੋਂ ਬਾਅਦ, ਸਿੰਘ ਆਪਣੇ ਪਰਿਵਾਰ ਦੇ ਪਹਿਲੇ ਮੈਂਬਰ ਬਣਨ ਵਾਲੇ ਸਨ ਜੋ ਇੱਕ ਕਮਿਸ਼ਨਡ ਅਫਸਰ ਬਣ ਗਏ ਸਨ। ਅਰਜਨ ਸਿੰਘ ਨੇ ਮੋਂਟਗੋਮਰੀ, ਬ੍ਰਿਟਿਸ਼ ਭਾਰਤ (ਹੁਣ ਸਾਹੀਵਾਲ, ਪਾਕਿਸਤਾਨ) ਵਿੱਚ ਸਿੱਖਿਆ ਪ੍ਰਾਪਤ ਕੀਤੀ ਜਿਥੇ ਉਹ ਇੱਕ ਮਸ਼ਹੂਰ ਖਿਡਾਰੀ ਸੀ। ਅਰਜਨ ਸਿੰਘ ਨੇ ਫਿਰ ਸਰਕਾਰੀ ਕਾਲਜ ਲਾਹੌਰ ਵਿੱਚ ਪੜ੍ਹਾਈ ਕੀਤੀ। ਉਹ ਕਾਲਜ ਤੈਰਾਕੀ ਟੀਮ ਦਾ ਕਪਤਾਨ ਸੀ ਅਤੇ ਤੈਰਾਕੀ ਵਿੱਚ ਚਾਰ ਪੰਜਾਬ ਅਤੇ ਚਾਰ ਯੂਨੀਵਰਸਿਟੀ ਰਿਕਾਰਡ ਬਣਾਏ। ਉਸਨੇ 1938 ਵਿੱਚ ਆਲ-ਇੰਡੀਆ ਇੱਕ-ਮੀਲ ਤੈਰਾਕੀ ਮੁਕਾਬਲੇ ਵਿੱਚ ਵੀ ਜਿੱਤ ਪ੍ਰਾਪਤ ਕੀਤੀ। ਅਰਜਨ ਸਿੰਘ 1938 ਵਿੱਚ IAF ਕਾਲਜ ਕ੍ਰੈਨਵੈੱਲ ਵਿੱਚ ਦਾਖਲ ਹੋਏ। ਕਾਲਜ ਵਿੱਚ, ਉਹ ਤੈਰਾਕੀ, ਐਥਲੈਟਿਕ ਅਤੇ ਹਾਕੀ ਟੀਮਾਂ ਦੇ ਉਪ-ਕਪਤਾਨ ਸਨ।

ਭਾਰਤੀ ਕੈਡਿਟਾਂ ਦੇ ਆਪਣੇ ਬੈਚ ਵਿੱਚ ਐਂਪਾਇਰ ਪਾਇਲਟ ਸਿਖਲਾਈ ਕੋਰਸ ਲਈ ਉਹ ਨੰਬਰ 1 ਸਕੁਐਡਰਨ ਵਿੱਚ ਸ਼ਾਮਲ ਹੋਇਆ ਜੋ ਉਸ ਸਮੇਂ ਉੱਤਰ-ਪੱਛਮੀ ਸਰਹੱਦੀ ਪ੍ਰਾਂਤ (NWFP) ਵਿੱਚ ਏਅਰ ਫੋਰਸ ਸਟੇਸ਼ਨ ਕੋਹਾਟ ਵਿਖੇ ਤਾਇਨਾਤ ਸੀ ਜਿੱਥੇ ਵੈਸਟਲੈਂਡ ਵਾਈਪੀਟੀ ਬਾਈਪਲੇਨ ਉਡਾਏ। ਸਕੁਐਡਰਨ NWFP ਵਿੱਚ ਕਬਾਇਲੀ ਫੌਜਾਂ ਵਿਰੁੱਧ ਕਾਰਵਾਈਆਂ ਕਰ ਰਿਹਾ ਸੀ, ਜਿਸ ਵਿੱਚ ਉਸਨੇ ਹਿੱਸਾ ਲਿਆ। NWFP ਵਿੱਚ ਸਕੁਐਡਰਨ ਨਾਲ ਉਡਾਣ ਭਰਦੇ ਸਮੇਂ, ਅਰਜਨ ਸਿੰਘ ਦੇ ਹੌਕਰ ਔਡੈਕਸ ਨੂੰ ਪਠਾਨਾਂ ਨੇ ਗੋਲੀ ਮਾਰ ਦਿੱਤੀ। ਉਹ ਬ੍ਰਿਟਿਸ਼ ਫੌਜਾਂ ਅਤੇ ਪਠਾਨਾਂ ਵਿਚਕਾਰ ਲੜਾਈ ਦੇ ਵਿਚਕਾਰ ਇੱਕ ਸੁੱਕੀ ਨਦੀ ਵਿੱਚ ਹਾਦਸਾਗ੍ਰਸਤ ਹੋ ਗਿਆ। ਉਸਨੂੰ ਕੋਈ ਸੱਟ ਨਹੀਂ ਲੱਗੀ ਅਤੇ ਦੋ ਹਫ਼ਤਿਆਂ ਦੇ ਅੰਦਰ ਉਹ ਉਸੇ ਖੇਤਰ ਵਿੱਚ ਦੁਬਾਰਾ ਉਡਾਣ ਭਰ ਰਿਹਾ ਸੀ। ਅਰਜਨ ਸਿੰਘ ਦੇ ਅਨੁਸਾਰ, NWFP ਵਿੱਚ ਲੜਾਈ ਨੇ ਸਕੁਐਡਰਨ ਨੂੰ ਜਾਪਾਨੀਆਂ ਵਿਰੁੱਧ ਲੜਾਈ ਲਈ ਤਿਆਰ ਕੀਤਾ। ਫਿਰ ਉਸਨੂੰ ਥੋੜ੍ਹੇ ਸਮੇਂ ਲਈ ਨਵੇਂ ਬਣੇ ਨੰਬਰ 2 ਸਕੁਐਡਰਨ ਵਿੱਚ ਤਬਦੀਲ ਕਰ ਦਿੱਤਾ ਗਿਆ। ਉਸਨੂੰ ਫਲਾਇੰਗ ਅਫਸਰ ਦੇ ਰੈਂਕ 'ਤੇ ਨੰਬਰ 1 ਸਕੁਐਡਰਨ ਵਿੱਚ ਵਾਪਸ ਤਬਦੀਲ ਕਰ ਦਿੱਤਾ ਗਿਆ। ਇਸ ਸਮੇਂ ਤੱਕ, ਸਕੁਐਡਰਨ ਨੂੰ ਹਾਕਰ ਹਰੀਕੇਨ ਜਹਾਜ਼ਾਂ ਨਾਲ ਦੁਬਾਰਾ ਲੈਸ ਕਰ ਦਿੱਤਾ ਗਿਆ ਸੀ।

1943 ਵਿੱਚ, ਸਿੰਘ ਨੂੰ ਕਾਰਜਕਾਰੀ ਸਕੁਐਡਰਨ ਲੀਡਰ ਵਜੋਂ ਤਰੱਕੀ ਦਿੱਤੀ ਗਈ ਅਤੇ ਉਹ ਨੰਬਰ 1 ਸਕੁਐਡਰਨ ਦੇ ਕਮਾਂਡਿੰਗ ਅਫਸਰ ਬਣ ਗਏ। ਵਾਚ ਅਤੇ ਵਾਰਡ ਡਿਊਟੀ ਤੋਂ ਨਿਰਾਸ਼, ਅਰਜਨ ਸਿੰਘ ਕਾਰਵਾਈ ਦੀ ਗਹਿਰਾਈ ਵਿੱਚ ਰਹਿਣਾ ਚਾਹੁੰਦਾ ਸੀ। ਉਹ ਉੱਤਰ-ਪੱਛਮੀ ਸਰਹੱਦੀ ਸੂਬੇ ਦੇ ਕੋਹਾਟ ਦੀ ਆਪਣੀ ਫੇਰੀ ਦੌਰਾਨ ਭਾਰਤ ਦੇ ਕਮਾਂਡਰ-ਇਨ-ਚੀਫ਼, ਜਨਰਲ (ਬਾਅਦ ਵਿੱਚ ਫੀਲਡ ਮਾਰਸ਼ਲ) ਕਲਾਉਡ ਆਚਿਨਲੇਕ ਨੂੰ ਮਿਲਿਆ ਅਤੇ ਉਸਨੂੰ ਜਾਪਾਨੀਆਂ ਨਾਲ ਲੜਨ ਲਈ ਸਕੁਐਡਰਨ ਭੇਜਣ ਦੀ ਬੇਨਤੀ ਕੀਤੀ। ਫਿਰ ਸਕੁਐਡਰਨ ਨੂੰ ਯੁੱਧ ਵਿੱਚ ਸ਼ਾਮਲ ਕੀਤਾ ਗਿਆ ਅਤੇ 1944 ਦੇ ਸ਼ੁਰੂ ਵਿੱਚ ਇੰਫਾਲ ਭੇਜ

ਦਿੱਤਾ ਗਿਆ।

ਅਰਜਨ ਸਿੰਘ ਨੇ 1944 ਵਿੱਚ ਅਰਾਕਾਨ ਮੁਹਿੰਮ ਦੌਰਾਨ ਲੜਾਈ ਵਿੱਚ ਨੰਬਰ 1 ਸਕੁਐਡਰਨ ਦੀ ਅਗਵਾਈ ਕੀਤੀ। ਉਸਨੂੰ ਜੂਨ 1944 ਵਿੱਚ ਡਿਸਟਿੰਗੁਇਸ਼ਡ ਫਲਾਇੰਗ ਕਰਾਸ (DFC) ਨਾਲ ਸਨਮਾਨਿਤ ਕੀਤਾ ਗਿਆ। ਉਸਨੂੰ ਇੰਫਾਲ ਵਿਖੇ ਦੱਖਣ ਪੂਰਬੀ ਏਸ਼ੀਆ ਹਕਮਾਂਡ ਦੇ ਸੁਪਰੀਮ ਅਲਾਈਡ ਕਮਾਂਡਰ ਲਾਰਡ ਮਾਊਂਟਬੈਟਨ ਦੁਆਰਾ ਧਢਛ ਨਾਲ ਸਨਮਾਨਿਤ ਕੀਤਾ ਗਿਆ। ਅਰਜਨ ਸਿੰਘ ਨੇ ਬਾਅਦ ਵਿੱਚ ਇਸ ਪੁਰਸਕਾਰ ਬਾਰੇ ਕਿਹਾ, "ਇੱਕ ਨੌਜਵਾਨ ਲਈ ਆਪਣੇ ਸਕੁਐਡਰਨ ਦੇ ਸਾਹਮਣੇ ਅਜਿਹਾ ਤਗਮਾ ਪ੍ਰਾਪਤ ਕਰਨਾ ਇੱਕ ਬਹੁਤ ਵੱਡੀ ਸੰਤੁਸ਼ਟੀ ਹੈ।"

ਮੈਂ ਸਕੁਐਡਰਨ ਦਾ ਹਿੱਸਾ ਸੀ, ਅਤੇ ਉਹ ਮੇਰਾ ਹਿੱਸਾ ਸਨ। 'ਡਿਸਟਿੰਗੁਇਸ਼ਡ ਫਲਾਇੰਗ ਕਰਾਸ' (DFC) ਲਈ ਪ੍ਰਸ਼ੰਸਾ ਪੱਤਰ ਇਸ ਤਰ੍ਹਾਂ ਹੈ:-

ਕਾਰਜਕਾਰੀ ਸਕੁਐਡਰਨ ਲੀਡਰ ਅਰਜਨ ਸਿੰਘ (IND/1577) ਭਾਰਤੀ ਹਵਾਈ ਸੈਨਾ, ਨੰਬਰ 1 (IAF) ਸਕੁਐਡਰਨ:-

ਇਸ ਅਧਿਕਾਰੀ ਨੇ ਮੁਸ਼ਕਲ ਦੇਸ਼ ਉੱਤੇ ਅਕਸਰ ਖਰਾਬ ਮੌਸਮ ਵਿੱਚ ਉਡਾਣਾਂ ਨਾਲ ਜੁੜੇ ਬਹੁਤ ਸਾਰੇ ਸੰਚਾਲਨ ਮਿਸ਼ਨ ਪੂਰੇ ਕੀਤੇ ਹਨ, ਉਸਨੇ ਸ਼ਾਨਦਾਰ ਲੀਡਰਸ਼ਿਪ, ਮਹਾਨ ਹੁਨਰ ਅਤੇ ਹਿੰਮਤ ਦਾ ਪ੍ਰਦਰਸ਼ਨ ਕੀਤਾ ਹੈ, ਜੋ ਕਿ ਸਕੁਐਡਰਨ ਦੇ ਉੱਚ ਮਨੋਬਲ ਅਤੇ ਕੁਸ਼ਲਤਾ ਵਿੱਚ ਪ੍ਰਤੀਬਿੰਬਤ ਹੋਏ ਹਨ ਜਿਸਨੇ ਬਹੁਤ ਸਫਲਤਾ ਪ੍ਰਾਪਤ ਕੀਤੀ ਹੈ।

ਅਰਜਨ ਸਿੰਘ ਨੇ ਦਸੰਬਰ 1944 ਵਿੱਚ ਨੰਬਰ 1 ਸਕੁਐਡਰਨ ਦੀ ਕਮਾਂਡ ਸਕੁਐਡਰਨ ਲੀਡਰ ਰਾਮਾਸਵਾਮੀ ਰਾਜਾਰਾਮ ਨੂੰ ਸੌਂਪ ਦਿੱਤੀ, ਜਿਸਨੇ ਬਾਕੀ ਬਰਮਾ ਮੁਹਿੰਮ ਲਈ ਸਕੁਐਡਰਨ ਦੀ ਅਗਵਾਈ ਕੀਤੀ। ਫਰਵਰੀ 1945 ਵਿੱਚ ਅਰਜਨ ਸਿੰਘ ਨੂੰ ਕੋਰਟ-ਮਾਰਸ਼ਲ ਦਾ ਸਾਹਮਣਾ ਕਰਨਾ ਪਿਆ ਜਦੋਂ ਉਸਨੇ ਕੇਰਲਾ ਦੇ ਇੱਕ ਘਰ ਦੇ ਉੱਪਰੋਂ ਇੱਕ ਨੀਵੇਂ ਪੱਧਰ ਦਾ ਏਅਰ ਪਾਸ ਕਰਵਾ ਕੇ ਇੱਕ ਟ੍ਰੇਨੀ ਪਾਇਲਟ (ਬਾਅਦ ਵਿੱਚ ਭਵਿੱਖ ਦੇ ਏਅਰ ਚੀਫ ਮਾਰਸ਼ਲ ਦਿਲਬਾਗ ਸਿੰਘ ਹੋਣ ਦੀ ਅਫਵਾਹ) ਦਾ ਮਨੋਬਲ ਵਧਾਉਣ ਦੀ ਕੋਸ਼ਿਸ਼ ਕੀਤੀ। ਆਪਣੇ ਬਚਾਅ ਵਿੱਚ ਉਸਨੇ ਜ਼ੋਰ ਦੇ ਕੇ ਕਿਹਾ ਕਿ ਹਰ ਕੈਡੇਟ ਨੂੰ ਲੜਾਕੂ ਪਾਇਲਟ ਬਣਨ ਲਈ ਅਜਿਹੀਆਂ ਚਾਲਾਂ ਦੀ ਲੋੜ ਹੁੰਦੀ ਹੈ। ਸਾਲ ਬਾਅਦ ਵਿੱਚ ਉਸਨੇ ਭਾਰਤੀ ਹਵਾਈ ਸੈਨਾ ਪ੍ਰਦਰਸ਼ਨੀ ਉਡਾਣ ਦੀ ਕਮਾਂਡ ਕੀਤੀ। ਫਰਵਰੀ 1945 ਵਿੱਚ, ਅਰਜਨ ਸਿੰਘ ਨੂੰ ਵਿੰਗ ਕਮਾਂਡਰ ਦੇ ਰੈਂਕ 'ਤੇ ਤਰੱਕੀ ਦਿੱਤੀ ਗਈ ਅਤੇ ਅਗਸਤ ਵਿੱਚ ਉਸ ਨੂੰ ਯੂਨਾਈਟਿਡ ਕਿੰਗਡਮ ਦੇ ਬ੍ਰੈਕਨੇਲ ਦੇ ਆਰਏਐਫ ਸਟਾਫ ਕਾਲਜ ਵਿੱਚ ਸਟਾਫ ਕੋਰਸ ਵਿੱਚ ਸ਼ਾਮਲ ਹੋਣ ਲਈ ਚੁਣਿਆ ਗਿਆ। ਵਾਪਸੀ 'ਤੇ ਉਸਨੇ ਏਅਰ ਫੋਰਸ ਸਟੇਸ਼ਨ ਕੋਹਾਟ ਅਤੇ ਏਅਰ ਫੋਰਸ ਸਟੇਸ਼ਨ ਰਿਸਾਲਪੁਰ ਦੀ ਕਮਾਂਡ ਕੀਤੀ।

15 ਅਗਸਤ 1947 ਨੂੰ ਆਜ਼ਾਦੀ ਦਿਵਸ ਦੇ ਜਸ਼ਨਾਂ ਦੇ ਹਿੱਸੇ ਵਜੋਂ, ਉਸ ਸਮੇਂ ਤੱਕ ਇੱਕ ਕਾਰਜਕਾਰੀ ਗਰੁੱਪ ਕੈਪਟਨ ਅਰਜਨ ਸਿੰਘ ਨੇ ਦਿੱਲੀ ਦੇ ਲਾਲ ਕਿਲ੍ਹੇ ਉੱਤੇ ਆਰਆਈਏਐਫ ਜਹਾਜ਼ ਦੇ ਪਹਿਲੇ ਫਲਾਈ-ਪਾਸਟ ਦੀ ਅਗਵਾਈ ਕੀਤੀ। ਫਿਰ ਅਰਜਨ ਸਿੰਘ ਨੇ ਫਰੰਟਲਾਈਨ ਏਅਰਬੇਸ ਏਅਰ ਫੋਰਸ ਸਟੇਸ਼ਨ, ਅੰਬਾਲਾ ਦੀ ਕਮਾਂਡ ਸੰਭਾਲ ਲਈ। ਭਾਰਤ ਦੀ ਵੰਡ ਦੌਰਾਨ ਉਸਨੇ ਏਅਰਬੇਸ ਦੀ ਅਗਵਾਈ ਕੀਤੀ। ਇਸ ਤੋਂ ਬਾਅਦ ਸਿੰਘ 1948 ਵਿੱਚ ਏਅਰ ਹੈੱਡਕੁਆਰਟਰ ਵਿੱਚ ਸਿਖਲਾਈ ਨਿਰਦੇਸ਼ਕ ਦੀ ਨਿਯੁਕਤੀ ਤੇ ਚਲੇ ਗਏ। 1949 ਵਿੱਚ, ਅਰਜਨ ਸਿੰਘ ਨੇ ਯੂਨਾਈਟਿਡ ਕਿੰਗਡਮ ਵਿੱਚ ਬਕਿੰਘਮਸ਼ਾਇਰ ਦੇ ਲੈਟੀਮਰ ਵਿਖੇ ਜੁਆਇੰਟ ਸਰਵਿਸ ਡਿਫੈਂਸ ਕਾਲਜ ਵਿੱਚ ਪੜ੍ਹਾਈ ਕੀਤੀ। ਭਾਰਤ ਵਾਪਸ ਆਉਣ 'ਤੇ, ਦਸੰਬਰ 1950 ਵਿੱਚ, ਅਰਜਨ ਸਿੰਘ ਨੂੰ ਕਾਰਜਕਾਰੀ ਏਅਰ ਕਮੋਡੋਰ ਵਜੋਂ ਤਰੱਕੀ ਦਿੱਤੀ ਗਈ ਅਤੇ ਨੰਬਰ 1 ਆਪ੍ਰੇਸ਼ਨਲ ਕਮਾਂਡ (ਬਾਅਦ ਵਿੱਚ ਇਸਨੂੰ ਪੱਛਮੀ ਏਅਰ ਕਮਾਂਡ ਦਾ ਨਾਮ ਦਿੱਤਾ ਗਿਆ) ਦੀ ਕਮਾਨ ਸੰਭਾਲ ਲਈ ਗਈ। 1952 ਦੇ ਅਖੀਰ ਵਿੱਚ, ਅਰਜਨ ਸਿੰਘ ਏਅਰ ਹੈੱਡਕੁਆਰਟਰ ਚਲੇ ਗਏ ਅਤੇ ਉਹਨਾਂ ਨੂੰ ਏਅਰ ਅਫਸਰ-ਇਨ-ਚਾਰਜ ਪਰਸੋਨਲ ਅਤੇ ਸੰਗਠਨ ਨਿਯੁਕਤ ਕੀਤਾ ਗਿਆ। ਇਸ ਨਿਯੁਕਤੀ ਨੂੰ ਬਾਅਦ ਵਿੱਚ ਏਅਰ ਵਾਈਸ ਮਾਰਸ਼ਲ ਅਤੇ ਫਿਰ ਏਅਰ ਮਾਰਸ਼ਲ ਵਿੱਚ ਅਪਗ੍ਰੇਡ ਕੀਤਾ ਗਿਆ, ਅਤੇ ਹੁਣ ਇਸਨੂੰ ਏਅਰ ਅਫਸਰ-ਇਨ-ਚਾਰਜ ਪਰਸੋਨਲ (ਔਫ) ਕਿਹਾ ਜਾਂਦਾ ਹੈ। ਉਸਨੇ ਨਾਲ ਹੀ ਏਅਰ ਅਫਸਰ ਕਮਾਂਡਿੰਗ ਏਅਰ ਫੋਰਸ ਸਟੇਸ਼ਨ ਨਵੀਂ ਦਿੱਲੀ ਦੀ ਨਿਯੁਕਤੀ ਸੰਭਾਲੀ। ਅਰਜਨ ਸਿੰਘ ਨੇ ਇਸ ਨਿਯੁਕਤੀ ਵਿੱਚ ਦਸੰਬਰ 1955 ਤੱਕ ਤਿੰਨ ਸਾਲ ਸੇਵਾ ਨਿਭਾਈ।

ਸਬਸਟੈਂਟਿਵ ਏਅਰ ਕਮੋਡੋਰ ਵਜੋਂ ਤਰੱਕੀ ਪ੍ਰਾਪਤ ਕਰਨ ਤੋਂ ਬਾਅਦ, ਸਿੰਘ ਨੇ ਦੂਜੀ ਵਾਰ ਔਛ ਆਪ੍ਰੇਸ਼ਨਲ ਕਮਾਂਡ ਵਜੋਂ ਦੁਬਾਰਾ ਸੇਵਾ ਨਿਭਾਈ। 1956 ਵਿੱਚ, ਅਰਜਨ ਸਿੰਘ ਨੇ ਸਦਭਾਵਨਾ ਮਿਸ਼ਨ 'ਤੇ ਬਰਮਾ ਲਈ ਤੂਫਾਨੀ ਜੈੱਟ ਲੜਾਕੂਆਂ ਦੇ ਇੱਕ ਸਕੁਐਡਰਨ ਦੀ ਅਗਵਾਈ ਕੀਤੀ। ਸਿੰਘ ਨੇ ਮੈਲਬੌਰਨ, ਆਸਟ੍ਰੇਲੀਆ ਵਿਖੇ ਹੋਏ 1956 ਦੇ ਸਮਰ ਓਲੰਪਿਕ ਲਈ ਭਾਰਤੀ ਦਲ ਦੇ ਸ਼ੈੱਫ ਡੀ ਮਿਸ਼ਨ ਵਜੋਂ ਵੀ ਸੇਵਾ ਨਿਭਾਈ। ਮਈ 1958 ਵਿੱਚ, ਸਿੰਘ ਨੂੰ ਏਅਰ ਵਾਈਸ ਮਾਰਸ਼ਲ ਦੇ ਰੈਂਕ 'ਤੇ ਤਰੱਕੀ ਦਿੱਤੀ ਗਈ ਅਤੇ ਉਹ ਆਪ੍ਰੇਸ਼ਨਲ ਕਮਾਂਡ ਦੇ ਮੁਖੀ ਵਜੋਂ ਕੰਮ ਕਰਦੇ ਰਹੇ।

ਇਸ ਨਿਯੁਕਤੀ ਨੂੰ ਏਅਰ ਅਫਸਰ ਕਮਾਂਡਿੰਗ-ਇਨ-ਚੀਫ਼ (ਏਓਸੀ-ਇਨ-ਸੀ) ਆਪ੍ਰੇਸ਼ਨਲ ਕਮਾਂਡ ਵਿੱਚ ਅਪਗ੍ਰੇਡ ਕੀਤਾ ਗਿਆ। ਉਸਨੇ ਨਵੰਬਰ 1959 ਤੱਕ ਆਪ੍ਰੇਸ਼ਨਲ ਕਮਾਂਡ ਦੀ ਅਗਵਾਈ ਕੀਤੀ, ਏਅਰ ਵਾਈਸ ਮਾਰਸ਼ਲ ਏਰਲਿਕ ਪਿੰਟੋ ਨੂੰ ਕਮਾਂਡ ਸੌਂਪੀ। ਅਰਜਨ ਸਿੰਘ ਨੂੰ ਆਪ੍ਰੇਸ਼ਨਲ ਕਮਾਂਡ ਦੇ ਸਭ ਤੋਂ ਲੰਬੇ ਸਮੇਂ ਤੱਕ ਸੇਵਾ ਨਿਭਾਉਣ ਵਾਲੇ ਮੁਖੀ ਹੋਣ ਦਾ ਮਾਣ ਪ੍ਰਾਪਤ ਹੈ। ਉਸਨੇ ਦੋ ਕਾਰਜਕਾਲਾਂ - ਦਸੰਬਰ 1950 ਤੋਂ ਦਸੰਬਰ 1952 ਅਤੇ ਦਸੰਬਰ 1955 ਤੋਂ ਨਵੰਬਰ 1959 ਵਿੱਚ ਕੁੱਲ ਛੇ ਸਾਲ ਕਮਾਂਡ ਦੀ ਅਗਵਾਈ ਕੀਤੀ।

ਅਰਜਨ ਸਿੰਘ ਨੂੰ ਇੰਪੀਰੀਅਲ ਡਿਫੈਂਸ ਕਾਲਜ ਵਿੱਚ ਜਾਣ ਲਈ ਚੁਣਿਆ ਗਿਆ ਸੀ ਅਤੇ 1960 ਦੇ ਸ਼ੁਰੂ ਵਿੱਚ ਯੂਨਾਈਟਿਡ ਕਿੰਗਡਮ ਚਲਾ ਗਿਆ। ਸਾਲ ਭਰ ਦਾ ਕੋਰਸ ਪੂਰਾ ਕਰਨ ਤੋਂ ਬਾਅਦ, ਉਹ ਭਾਰਤ ਵਾਪਸ ਆ ਗਏ ਅਤੇ ਏਅਰ ਹੈੱਡਕੁਆਰਟਰ ਵਿੱਚ ਏਅਰ ਅਫਸਰ ਇਨ ਚਾਰਜ ਐਡਮਿਨਿਸਟ੍ਰੇਸ਼ਨ ਵਜੋਂ ਚਾਰਜ ਸੰਭਾਲ ਲਿਆ।

ਉਸਨੇ ਇਹ ਨਿਯੁਕਤੀ ਚੀਨ-ਭਾਰਤ ਯੁੱਧ ਦੌਰਾਨ ਕੀਤੀ। ਯੁੱਧ ਦੇ ਅੰਤ ਤੱਕ, ਅਰਜਨ ਸਿੰਘ ਨੇ ਡਿਪਟੀ ਚੀਫ਼ ਆਫ਼ ਦ ਏਅਰ ਸਟਾਫ਼ (DCAS) ਦਾ ਅਹੁਦਾ ਸੰਭਾਲ ਲਿਆ ਅਤੇ ਅਗਸਤ 1963 ਵਿੱਚ, ਉਸਨੇ ਵਾਈਸ ਚੀਫ਼ ਆਫ਼ ਦ ਏਅਰ ਸਟਾਫ਼ (VCAS) ਦਾ ਅਹੁਦਾ ਸੰਭਾਲ ਲਿਆ। ੜਛਅਸ਼ ਦੇ ਤੌਰ 'ਤੇ, ਸਿੰਘ ਸੰਯੁਕਤ ਰਾਜ ਹਵਾਈ ਸੈਨਾ (USAF), ਰਾਇਲ ਏਅਰ ਫੋਰਸ (RAF) ਅਤੇ ਰਾਇਲ ਆਸਟ੍ਰੇਲੀਅਨ ਏਅਰ ਫੋਰਸ (RAAF) ਨਾਲ ਸੰਯੁਕਤ ਹਵਾਈ ਅਭਿਆਸ 'ਸ਼ਿਕਸ਼ਾ' ਦੇ

ਸਮੁੱਚੇ ਕਮਾਂਡਰ ਸਨ, ਜੋ ਭਾਰਤ ਵਿੱਚ ਹੋਏ ਸਨ। ਹਵਾਈ ਸੈਨਾ ਦੇ ਮੁਖੀ ਮਈ 1964 ਵਿੱਚ, ਭਾਰਤ ਸਰਕਾਰ ਨੇ ਏਅਰ ਮਾਰਸ਼ਲ ਐਸ.ਪੀ. ਇੰਜੀਨੀਅਰ, DFC ਦੀ ਥਾਂ ਅਰਜਨ ਸਿੰਘ ਨੂੰ ਏਅਰ ਸਟਾਫ਼ (CAS) ਦਾ ਮੁਖੀ ਨਿਯੁਕਤ ਕਰਨ ਦਾ ਫੈਸਲਾ ਕੀਤਾ। 1 ਅਗਸਤ 1964 ਨੂੰ, ਸਿੰਘ ਨੂੰ ਏਅਰ ਮਾਰਸ਼ਲ ਦੇ ਅਹੁਦੇ 'ਤੇ ਤਰੱਕੀ ਦਿੱਤੀ ਗਈ ਅਤੇ ਹਵਾਈ ਸੈਨਾ ਦੇ 6ਵੇਂ ਮੁਖੀ ਵਜੋਂ ਅਹੁਦਾ ਸੰਭਾਲਿਆ ਗਿਆ। ਜਦੋਂ ਭਾਰਤੀ ਹਵਾਈ ਸੈਨਾ ਦੇ ਮੁਖੀ ਵਜੋਂ ਨਿਯੁਕਤ ਕੀਤਾ ਗਿਆ, ਤਾਂ ਉਹ ਲਗਭਗ 45 ਸਾਲ ਦੇ ਸਨ।

ਸ਼ਾਨਦਾਰ ਕਰੀਅਰ ਵਾਲੀ ਇਸ ਮਹਾਨ ਸ਼ਖਸੀਅਤ ਨੇ 16 ਸਤੰਬਰ 2017 ਨੂੰ (98 ਸਾਲ ਦੀ ਉਮਰ ਵਿੱਚ) ਨਵੀਂ ਦਿੱਲੀ, ਭਾਰਤ ਵਿੱਚ ਆਪਣੇ ਜੀਵਨ ਸਾਥੀ ਤੇਜੀ ਸਿੰਘ (ਜਿਸ ਨੇ 1948 ਵਿੱਚ ਉਨ੍ਹਾਂ ਨਾਲ ਵਿਆਹ ਕੀਤਾ ਸੀ ਅਤੇ 2011 ਵਿੱਚ ਉਨ੍ਹਾਂ ਦੀ ਮੌਤ ਹੋ ਗਈ ਸੀ) ਅਤੇ 3 ਬੱਚਿਆਂ ਤੋਂ ਵਿਦਾ ਲੈ ਕੇ ਪ੍ਰਮਾਤਮਾ ਦੇ ਚਰਨੀਂ ਜਾ ਬਿਰਾਜੇ। ਅਰਜਨ ਸਿੰਘ ਪਹਿਲੇ ਅਧਿਕਾਰੀ ਸਨ ਜਿਨ੍ਹਾਂ ਨੇ ਸੀਏਐਸ ਬਣਨ ਤੱਕ ਆਪਣਾ ਫਲਾਇੰਗ ਰੈਂਕ ਬਰਕਰਾਰ ਰੱਖਿਆ। ਉਨ੍ਹਾਂ ਨੇ ਦੂਜੀ ਵਿਸ਼ਵ ਜੰਗ ਤੋਂ ਪਹਿਲਾਂ ਦੇ ਯੁੱਗ ਦੇ ਬਾਈਪਲੇਨ ਤੋਂ ਲੈ ਕੇ ਫੋਲੈਂਡ ਗਨੈਟਸ ਅਤੇ ਡੀ ਹੈਵਿਲੈਂਡ ਵੈਂਪਾਇਰ ਤੱਕ 60 ਤੋਂ ਵੱਧ ਵੱਖ-ਵੱਖ ਕਿਸਮਾਂ ਦੇ ਜਹਾਜ਼ ਉਡਾਏ ਸਨ। ਉਨ੍ਹਾਂ ਨੇ ਲੌਕਹੀਡ ਐਲ-1049 ਸੁਪਰ ਕੰਸਟਲੇਸ਼ਨ ਵਰਗੇ ਟ੍ਰਾਂਸਪੋਰਟਾਂ ਵਿੱਚ ਵੀ ਉਡਾਣ ਭਰੀ ਸੀ। ਸਿੰਘ ਸਰਗਰਮ ਰਹੇ ਅਤੇ ਹਵਾਈ ਸੈਨਾ ਦੇ ਸਾਬਕਾ ਸੈਨਿਕਾਂ ਦੀ ਭਲਾਈ ਲਈ ਕੰਮ ਕੀਤਾ, ਇਸ ਉਦੇਸ਼ ਲਈ ਇੱਕ ਟਰੱਸਟ ਸਥਾਪਤ ਕਰਨ ਲਈ ਆਪਣੀ ਨਿੱਜੀ ਦੌਲਤ ਵਿੱਚੋਂ 20 ਮਿਲੀਅਨ ਰੁਪਏ ਦਾ ਯੋਗਦਾਨ ਪਾਇਆ। ਉਨ੍ਹਾਂ ਨੂੰ ਸੇਵਾ ਦਾ ਪਿਤਾ ਮੰਨਿਆ ਜਾਂਦਾ ਸੀ। 14 ਅਪ੍ਰੈਲ 2016 ਨੂੰ, ਮਾਰਸ਼ਲ ਦੇ 97ਵੇਂ ਜਨਮ ਦਿਨ ਨੂੰ ਮਨਾਉਣ ਲਈ ਇੱਕ ਸਮਾਗਮ ਵਿੱਚ, ਉਸ ਸਮੇਂ ਦੇ ਹਵਾਈ ਸੈਨਾ ਮੁਖੀ ਏਅਰ ਚੀਫ ਮਾਰਸ਼ਲ ਅਰੂਪ ਰਾਹਾ ਨੇ ਐਲਾਨ ਕੀਤਾ ਕਿ ਪੱਛਮੀ ਬੰਗਾਲ ਦੇ ਪਾਨਾਗੜ੍ਹ ਵਿਖੇ ਭਾਰਤੀ ਹਵਾਈ ਸੈਨਾ ਦੇ ਅੱਡੇ ਦਾ ਨਾਮ ਬਦਲ ਕੇ ਮਾਰਸ਼ਲ ਦੀ ਸੇਵਾ ਦੇ ਸਨਮਾਨ ਵਿੱਚ ਏਅਰ ਫੋਰਸ ਸਟੇਸ਼ਨ ਅਰਜਨ ਸਿੰਘ ਰੱਖਿਆ ਜਾ ਰਿਹਾ ਹੈ। ਏਅਰਬੇਸ 1944 ਵਿੱਚ ਦੂਜੇ ਵਿਸ਼ਵ ਯੁੱਧ ਦੌਰਾਨ ਚੀਨ ਬਰਮਾ ਇੰਡੀਆ ਥੀਏਟਰ ਵਿੱਚ ਸੰਯੁਕਤ ਰਾਜ ਹਵਾਈ ਸੈਨਾ ਦੁਆਰਾ ਬਣਾਇਆ ਗਿਆ ਸੀ, ਉਹੀ ਥੀਏਟਰ ਜਿਸ ਵਿੱਚ ਸਿੰਘ ਨੇ ਯੁੱਧ ਦੌਰਾਨ ਸੇਵਾ ਕੀਤੀ ਸੀ।

ਏਅਰ ਫੋਰਸ ਸਪੋਰਟਸ ਕੰਟਰੋਲ ਬੋਰਡ ਇੱਕ ਸਾਲਾਨਾ ਮਾਰਸ਼ਲ ਅਰਜਨ ਸਿੰਘ ਮੈਮੋਰੀਅਲ ਆਲ ਇੰਡੀਆ ਹਾਕੀ ਟੂਰਨਾਮੈਂਟ ਦਾ ਆਯੋਜਨ ਕਰਦਾ ਹੈ। ਆਈਏਐਫ ਨੇ ਅਪ੍ਰੈਲ 2019 ਵਿੱਚ ਮਾਰਸ਼ਲ ਦੀ ਜਨਮ ਸ਼ਤਾਬਦੀ ਮਨਾਈ। ਦੇਸ਼ ਭਰ ਵਿੱਚ ਇੱਕ ਸਾਲ ਦੀ ਮਿਆਦ ਦੇ ਸਮਾਗਮਾਂ ਦੀ ਯੋਜਨਾ ਬਣਾਈ ਗਈ ਸੀ। ਜਸ਼ਨਾਂ ਦੀ ਸ਼ੁਰੂਆਤ ਏਅਰ ਹੈੱਡਕੁਆਰਟਰ ਵਿਖੇ '2040 ਦੇ ਦਹਾਕੇ ਵਿੱਚ ਏਅਰ ਪਾਵਰ: ਟੈਕਨਾਲੋਜੀ ਦਾ ਪ੍ਰਭਾਵ' ਸਿਰਲੇਖ ਵਾਲੇ ਇੱਕ ਸੈਮੀਨਾਰ ਨਾਲ ਹੋਈ, ਜੋ ਕਿ ਹਵਾਈ ਸੈਨਾ ਦੇ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਸ਼ਰਧਾਂਜਲੀ ਸੀ। ਉਸ ਸਮੇਂ ਦੇ ਹਵਾਈ ਸੈਨਾ ਮੁਖੀ ਏਅਰ ਚੀਫ ਮਾਰਸ਼ਲ ਬੀਰੇਂਦਰ ਸਿੰਘ ਧਨੋਆ ਨੇ ਏਅਰ ਹੈੱਡਕੁਆਰਟਰ ਵਿਖੇ ਮਾਰਸ਼ਲ ਦੇ ਬੁੱਤ ਦਾ ਉਦਘਾਟਨ ਵੀ ਕੀਤਾ। ਭਾਰਤੀ ਹਵਾਈ ਸੈਨਾ ਅਤੇ ਯੂਨਾਈਟਿਡ ਸਰਵਿਸਿਜ਼ ਇੰਸਟੀਚਿਊਸ਼ਨ ਆਫ਼ ਇੰਡੀਆ (ਯੂ.ਐਸ.ਆਈ.) ਮਾਰਸ਼ਲ ਆਫ਼ ਦ ਏਅਰ ਫੋਰਸ ਅਰਜਨ ਸਿੰਘ ਸਾਲਾਨਾ ਭਾਸ਼ਣ ਕਰਵਾਉਂਦੇ ਹਨ। ਪਹਿਲਾ ਭਾਸ਼ਣ ਦਸੰਬਰ 2023 ਵਿੱਚ ਸਾਬਕਾ ਹਵਾਈ ਸੈਨਾ ਮੁਖੀ ਏਅਰ ਚੀਫ ਮਾਰਸ਼ਲ ਆਰ. ਕੇ. ਐਸ. ਭਦੌਰੀਆ ਦੁਆਰਾ ਦਿੱਤਾ ਗਿਆ ਸੀ।

ਮਹਾਨ ਸਿੱਖ ਮਾਰਸ਼ਲ ਅਰਜਨ ਸਿੰਘ ਸਿਰਫ ਸਿੱਖਾਂ ਦੇ ਹੀ ਨਹੀਂ ਸਗੋਂ ਸਮੁੱਚੇ ਭਾਰਤ ਲਈ ਇੱਕ ਮਿਸਾਲ ਬਣ ਗਏ ਹਨ ਜਿਨ੍ਹਾਂ ਦੀ ਜੀਵਨੀ ਅਗਲੀਆਂ ਪੀੜ੍ਹੀਆਂ ਦੀ ਰਾਹਨੁਮਾਈ ਕਰਦੀ ਰਹੇਗੀ। ਆਸ ਕਰਦੇ ਹਾਂ ਕਿ ਉਨ੍ਹਾ ਦੀ ਇਸ ਜੀਵਨੀ ਨੂੰ ਪੰਜਾਬੀ ਪਾਠ ਪੁਸਤਕਾਂ ਵਿੱਚ ਯੋਗ ਥਾਂ ਮਿਲੇਗੀ ਤਾਂ ਕਿ ਸਾਡੀਆਂ ਅਗਲੀਆਂ ਪੀੜ੍ਹੀਆਂ ਇਨਾਂ ਦੀ ਜ਼ਿੰਦਗੀ ਤੋਂ ਸਿਖਿਆ ਲੈ ਕੇ ਉੱਚ ਪ੍ਰਾਪਤੀਆਂ ਕਰਨ।

-0-

**ਸਫਾ 26 ਦਾ ਬਾਕੀ**

ਵਿਕਾਸ ਦੌਰਾਨ ਸਿਰ ਦੇ ਕੇਸ ਲੰਬੇ ਹੋਣੇ ਸ਼ੁਰੂ ਹੋ ਗਏ। ਵਾਲ ਲੰਬੇ ਹੁੰਦਿਆਂ ਹੀ ਉਸ ਦਾ ਕੱਦ ਵੀ ਲੰਬਾ ਹੋਣਾ ਸ਼ੁਰੂ ਹੋ ਗਿਆ ਅਤੇ ਭਾਰ ਵੀ ਵੱਧ ਗਿਆ। ਸਾਇੰਸਦਾਨਾਂ ਦਾ ਕਹਿਣਾ ਹੈ ਕਿ ਹੱਡੀਆਂ ਦਾ ਵਿਕਾਸ ਸੂਰਜੀ ਸ਼ਕਤੀ ਨਾਲ ਹੁੰਦਾ ਹੈ। ਕੇਸ ਸੂਰਜੀ ਸ਼ਕਤੀ ਨੂੰ ਸਰੀਰ ਵਿਚ ਨਿਯਮਿਤ ਕਰਦੇ ਹਨ ਤਾਂ ਕਿ ਹੱਡੀਆਂ ਦੇ ਵਿਕਾਸ ਲਈ ਲੋੜੀਂਦੀ ਊਰਜਾ ਪ੍ਰਾਪਤ ਹੁੰਦੀ ਰਹੇ। ਹਿਊਮੈਨ ਹੇਅਰ ਇੰਸਟੀਚਿਊਟ ਕੋਟਕਪੂਰਾ ਦੇ ਡਾਇਰੈਕਟਰ ਡਾ. ਚੰਦਾ ਸਿੰਘ ਦੀਆਂ ਹਾਈ ਸਕੂਲ ਦੇ ਬੱਚਿਆਂ ਉਤੇ ਕੀਤੀਆਂ ਖੋਜਾਂ ਨੇ ਸਿੱਧ ਕੀਤਾ ਹੈ ਕਿ ਕੇਸਾਧਾਰੀ ਬੱਚਿਆਂ ਦਾ ਔਸਤਨ ਕੱਦ ਕੇਸਹੀਨ ਬੱਚਿਆਂ ਨਾਲੋਂ ਤਿੰਨ ਇੰਚ ਜ਼ਿਆਦਾ ਸੀ।

ਵਾਲਾਂ ਦੀ ਲੋੜ ਦਾ ਅਹਿਸਾਸ ਉਦੋਂ ਹੁੰਦਾ ਹੈ, ਜਦ ਕੀਮੋਥਰੈਪੀ ਨਾਲ ਵਾਲ ਝੜ੍ਹ ਜਾਂਦੇ ਹਨ। ਅਜਿਹੇ ਮਰੀਜ਼ਾਂ ਨੂੰ ਸਿਰ ਅਤੇ ਸਰੀਰ ਦੇ ਵਾਲ ਝੜ੍ਹਣ ਨਾਲ ਪਿਆਸ ਬਹੁਤ ਜ਼ਿਆਦਾ ਲਗਣ ਲੱਗ ਜਾਂਦੀ ਹੈ। ਅੱਖਾਂ ਦੇ ਵਾਲ ਝੜ੍ਹਣ ਨਾਲ ਅੱਖਾਂ ਖਰਾਬ ਹੋ ਜਾਂਦੀਆਂ ਹਨ। ਕਾਲੀਆਂ ਐਨਕਾਂ ਪਾਉਣੀਆਂ ਲਾਜ਼ਮੀ ਹੋ ਜਾਂਦੀਆਂ ਹਨ। ਛਾਤੀ ਵਿਚ ਬਲਗਮ ਇਕੱਠੀ ਹੋ ਜਾਂਦੀ ਹੈ। ਧੁੱਪ ਵਿਚ ਚਮੜੀ ਲਾਲ ਹੋ ਜਾਂਦੀ ਹੈ, ਖਾਰਸ਼ ਹੋਣ ਲੱਗ ਜਾਂਦੀ ਹੈ। ਦਿਮਾਗ ਨੂੰ ਬਚਾਉਣ ਲਈ ਵਿਗ ਪਾਉਣੀ ਲਾਜ਼ਮੀ ਹੋ ਜਾਂਦੀ ਹੈ। ਸਮੁੱਚੀ ਸਿਹਤ ਦਾ ਸੰਬੰਧ ਕੇਸਾਂ ਨਾਲ ਅਨਿਖੜਵਾਂ ਹੈ, ਕਿਉਂਕਿ ਵਾਲਾਂ ਵਿਚਲੀ ਮੈਲੇਨਿਨ ਬਿਜਲਈ ਚੁੰਬਕੀ ਕਿਰਨਾਂ ਤੋਂ ਬਚਾਅ ਕਰਦੀ ਹੈ, ਕੈਰੇਟਿਨ ਬੈਕਟੀਰੀਆ ਤੋਂ ਬਚਾਉਂਦੀ ਹੈ ਅਤੇ ਵਾਲਾਂ ਦੀ ਚਰਬੀ ਪਾਣੀ ਦਾ ਸੰਤੁਲਿਨ ਬਣਾ ਕੇ ਰੱਖਦੀ ਹੈ। ਅੱਜ ਫੈਸ਼ਨ ਦੀ ਆੜ ਵਿੱਚ ਵਾਲ ਲੁਹਾ ਕੇ ਸਨ ਸਕਰੀਨ ਲੋਸ਼ਨ ਲਗਾ ਕੇ ਚਮੜੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੱਚ ਤਾਂ ਇਹ ਹੈ ਕਿ ਜੇ ਅਜਿਹਾ ਹੁੰਦਾ ਰਿਹਾ ਤਾਂ ਵਾਲ ਆਉਣੇ ਹੀ ਬੰਦ ਹੋ ਸਕਦੇ ਹਨ। ਨਾ ਵਰਤਣ ਕਰਕੇ ਤੀਜਾ ਮੋਲਰ ਦੰਦ ਆਉਣਾ ਬੰਦ ਹੀ ਹੋ ਗਿਆ ਹੈ। ਕਿਤੇ ਕੇਸਾਂ ਨਾਲ ਵੀ ਅਜਿਹਾ ਨਾ ਹੋ ਜਾਵੇ।

ਜੇ ਵਾਲ ਆਉਣੇ ਬੰਦ ਹੋ ਗਏ ਤਾਂ ਮਨੁੱਖ ਸਿਰ ਤੋਂ ਗੰਜਾ ਹੋ ਜਾਵੇਗਾ। ਉਸ ਦੇ ਜਬਾੜੇ ਛੋਟੇ ਛੋਟੇ ਹੋ ਜਾਣਗੇ, ਲੱਤਾਂ ਪਤਲੀਆਂ ਪਤਲੀਆਂ ਸੋਟੀਆਂ ਵਰਗੀਆਂ ਤੇ ਮੁੜੀਆਂ ਹੋਈਆਂ ਹੋ ਜਾਣਗੀਆਂ ਤੇ ਮਨੁੱਖ ਦੀ ਕਾਬਲੀਅਤ ਘੱਟ ਜਾਵੇਗੀ। ਮਨੁੱਖਤਾ ਦੀ ਧਰਤੀ ਉਤੇ ਸਿਕਦਾਰੀ ਖਤਰੇ ਵਿਚ ਪੈ ਜਾਵੇਗੀ। ਦਿਮਾਗ ਦੀ ਸਮਰੱਥਾ ਤਾਂ ਹੀ ਕਾਇਮ ਰਹੇਗੀ ਜੇ ਕੇਸ ਕਾਇਮ ਰਹਿਣਗੇ। -0-

# ਸਾਹਸ ਨਾ ਗਵਾਓ

**ਸਵੇਟ ਮਾਰਡਨ**

ਸਾਹਸ ਮਨੁੱਖ ਦ ਸਭ ਤੋਂ ਵੱਡਾ ਹਥਿਆਰ ਹੈ। ਇਸ ਹਥਿਆਰ ਦੇ ਬਲ ਉਤੇ ਮਨੁੱਖ ਵੱਡੇ ਤੋਂ ਵੱਡਾ ਕੰਮ ਕਰ ਦਿੰਦਾ ਹੈ। ਬਿਨਾ ਸਾਹਸ ਕੋਈ ਵੱਡਾ ਕੰਮ ਨਹੀਂ ਹੁੰਦਾ। ਸੰਸਾਰ ਵਿੱਚ ਜਿੰਨੇ ਵੀ ਵੱਡੇ ਕੰਮ ਹੋਏ ਹਨ, ਉਹ ਸਾਹਸੀ ਲੋਕਾਂ ਨੇ ਹੀ ਕੀਤੇ ਹਨ। ਜੋ ਸਾਹਸ ਛੱਡ ਕੇ ਰਸਤੇ ਵਿਚ ਰੁਕ ਜਾਂਦੇ ਹਨ ਉਹ ਕਦੇ ਮੰਜ਼ਿਲ ਤੇ ਨਹੀਂ ਪਹੁੰਚਦੇ। ਰਸਤੇ ਵਿੱਚ ਕਿੰਨੀਆਂ ਵੀ ਕਠਿਨਾਈਆਂ ਹੋਣ, ਸਾਹਸ ਨਹੀਂ ਗਵਾਉਣਾ ਚਾਹੀਦਾ। ਕਠਿਨਾਈਆਂ ਦੇ ਸਾਗਰ ਪਾਰ ਕਰਨ ਤੋਂ ਬਾਅਦ ਹੀ ਤਾਂ ਸਫਲਤਾ ਦੀ ਸੁਨਹਿਰੀਧਰਤੀ ਉਤੇ ਪਹੁੰਚਿਆ ਜਾ ਸਕਦਾ ਹੈ। ਸਾਹਸ ਅਤੇ ਬਹਾਦਰ ਲੋਕਾਂ ਨੇ ਹੀ ਮਨੁੱਖਤਾ ਨੂੰ ਨੂਤਨ ਸੰਦੇਸ਼ ਦਿੱਤੇ ਹਨ।

ਇੱਕ ਵਾਰ ਸਕਾਟਲੈਂਡ ਵਿਚ ਦੋ ਇਸਤਰੀਆਂ ਨੂੰ ਇਸ ਕਾਰਨ ਪਾਣੀ ਵਿੱਚ ਡੋਬ ਕੇ ਮਾਰਨ ਦੀ ਸਜ਼ਾ ਦਿੱਤੀ ਗਈ ਕਿ ਉਹ ਉਥੋਂ ਦੀ ਸੱਤਾਧਾਰੀ ਸਰਕਾਰ ਦੇ ਵਿਚਾਰਾਂ ਦੇ ਵਿਰੁੱਧ ਧਰਮ ਦਾ ਆਚਰਣ ਕਰਦੀਆਂ ਸਨ। ਉਹ ਈਸ਼ਵਰ ਦੀ ਪ੍ਰਾਰਥਨਾ ਜਿਸ ਵਿਧੀ ਨਾਲ ਕਰਦੀਆਂ ਸਨ, ਉਹ ਸੱਤਾ ਨੂੰ ਪਸੰਦ ਨਹੀਂ ਸੀ। ਉਨ੍ਹਾਂ ਇਸਤਰੀਆਂ ਵਿੱਚੋਂ ਇੱਕ ਨੂੰ ਡੂੰਘੇ ਪਾਣੀ ਵਿਚ ਖੰਭੇ ਨਾਲ ਬੰਨ੍ਹਿਆ ਗਿਆ, ਦੂਸਰੀ ਨੂੰ ਘੱਟ ਪਾਣੀ ਵਿਚ। ਘੱਟ ਉਮਰ ਇਸਤਰੀ ਨੂੰ ਇਸ ਲਈ ਘੱਟ ਪਾਣੀ 'ਚ ਬੰਨ੍ਹਿਆਂ ਗਿਆ ਕਿ ਉਹ ਡਰ ਜਾਵੇ, ਨਿਸ਼ਚਾ ਤਿਆਗ ਦੇਵੇ ਅਤੇ ਮੁਆਫੀ ਮੰਗ ਕੇ ਜਾਨ ਬਚਾ ਲਵੇ। ਦੂਸਰੀ ਨੂੰ ਡੁੱਬਦੇ ਦੇਖ ਕੇ ਆਪਣਾ ਇਰਾਦਾ ਬਦਲ ਲਵੇ। ਪ੍ਰੰਤੂ ਉਹ ਡਰੀ ਨਹੀਂ। ਸਾਥਣ ਨੂੰ ਉਸਨੇ ਡੁੱਬਦੇ ਦੇਖਿਆ, ਮਰਦੇ ਦੇਖਿਆ। ਫੇਰ ਵੀ ਉਹੀ ਨਹੀਂ ਮੰਨੀ। ਉਸਨੂੰ ਅਵਸਰਵੀ ਦਿੱਤਾ ਗਿਆ। ਪ੍ਰੰਤੂ ਉਹ ਦ੍ਰਿੜ੍ਹ ਰਹੀ। ਜਦੋਂ ਤੱਕ ਪਾਣੀ ਉਸਦੇ ਉਪਰ ਉਠੇ ਮੂੰਹ ਉਤੋਂ ਦੀ ਨਹੀਂ ਗੁਜ਼ਰ ਗਿਆ ਸੀ, ਓਹ ਗਾਉਂਦੀ ਰਹੀ ਸੀ। ਮਰਦੇ ਦਮ ਤੱਕ ਉਸਨੇ ਸਾਹਸ ਨਹੀਂ ਛੱਡਿਆ।

ਪਹਿਲਾਂ ਖਾਨਾਂ ਵਿੱਚ ਹਨੇਰਾ ਰਹਿੰਦਾ ਸੀ। ਸਭ ਤੋਂ ਪਹਿਲਾਂ ਖਾਨਾਂ ਦੇ ਲਈ ਸੁਰੱਖਿਆ ਦੀਪ ਦਾ ਅਵਿਸ਼ਕਾਰ ਜਾਰਜ ਸਟੀਫੈਂਸਨ ਨੇ ਕੀਤਾ ਸੀ। ਆਪਣੇ ਪ੍ਰਾਣਾਂ ਦਾ ਮੋਹ ਤਿਆਗ ਕੇ ਉਹ ਇੱਕ ਦੀਪ ਦੇ ਪ੍ਰਯੋਗ ਦੇ ਲਈ ਖਾਨ ਵਿੱਚ ਉਤਰ ਗਿਆ—ਉਹ ਗੈਸ ਨਾਲ ਕਿਸੇ ਵੀ ਤਰ੍ਹਾਂ ਦੇ ਖਤਰੇ ਵਿੱਚ ਪੈ ਸਕਦਾ ਸੀ। ਉਹ ਜਲ ਸਕਦਾ ਸੀ-ਮਰ ਸਕਦਾ ਸੀ। ਮੌਤ ਤੋਂ ਉਹ ਡਰਿਆ ਨਹੀਂ ਸੀ। ਉਸਨੇ ਸਾਹਸ ਤੋਂ ਕੰਮ ਲਿਆ ਸੀ।

ਆਪਣੇ ਸਾਹਸ ਅਤੇ ਸੰਕਲਪ ਸ਼ਕਤੀ ਦੇ ਬਲ ’ਤੇ ਉਹ ਖਾਨ ਵਿੱਚ ਦੀਪ ਲੈ ਕੇ ਚਲਾ ਗਿਆ ਸੀ। ਗੈਸ ਦੇ ਅੱਗੇ ਉਸਦਾ ਦੀਪ ਝਿਲਮਿਲਾਇਆ ਸੀ, ਫੇਰ ਬੁਝ ਗਿਆ ਸੀ। ਕੋਈ ਵਿਸਫੋਟ ਨਹੀਂ ਹੋਇਆ ਸੀ। ਜ਼ਹਿਰੀਲੀ ਗੈਸ ਨਾਲ ਕੋਈ ਵੀ ਪ੍ਰਭਾਵ ਨਹੀਂ ਪਿਆ। ਇਸ ਪ੍ਰਕਾਰ ਉਸਨੇ ਸਭ ਨੂੰ ਚਕਿਤ ਕਰ ਦਿੱਤਾ। ਜੋ ਲੋਕ ਭੈਭੀਤ ਸਨ, ਖਾਨ ਦੇ ਉਡਣ ਦੀ ਆਸ਼ੰਕਾ ਕਰ ਰਹੇ ਸਨ, ਉਹ ਦੇਖਦੇ ਰਹਿ ਗਏ ਅਤੇ



ਸਾਹਸੀ ਜਾਰਜ ਨੇ ਖਾਨ ਵਿੱਚ ਪ੍ਰਕਾਸ਼ ਕਰਨ ਦਾ ਮਾਰਗ ਖੋਜ ਲਿਆ। ਹਨੇਰੇ ਦੇ ਕਾਰਨ ਜੋ ਖਾਨਾਂ ਵਿੱਚ ਹਜ਼ਾਰਾਂ ਮੌਤਾਂ ਹੁੰਦੀਆਂ ਸਨ, ਉਨ੍ਹਾਂ ਨੂੰ ਬਚਾਉਣ ਦਾ ਮਾਰਗ ਖੋਜ ਲਿਆ।

ਵਿਸ਼ਵ ਵਿੱਚ ਪ੍ਰਸਿੱਧੀ ਉਨ੍ਹਾਂ ਨੂੰ ਹੀ ਮਿਲਦੀ ਹੈ, ਜੋ ਮੁਸ਼ਕਿਲ ਤੋਂ ਮੁਸ਼ਕਿਲ ਹਾਲਤ ਵਿੱਚ ਵੀ ਸਾਹਸ ਦਾ ਪੱਲਾ ਨਹੀਂ ਛੱਡਦੇ। ਅੱਜ ਜਿੰਨੇ ਲੋਕਾਂ ਦਾ ਨਾਮ ਇਤਿਹਾਸ ਵਿੱਚ ਆਦਰ ਨਾਲ ਲਿਆ ਜਾਂਦਾ ਹੈ, ਉਹ ਸਭ ਸਾਹਸੀ ਲੋਕ ਸਨ। ਉਨ੍ਹਾਂ ਨੇ ਆਪਣੀ ਬਹਾਦਰੀ ਅਤੇ ਸਾਹਸ ਨਾਲ ਵੱਡੇ ਵੱਡੇ ਕੰਮ ਕਰਕੇ ਦਿਖਾਏ ਜਿਨ੍ਹਾਂ ਨੇ ਉਨ੍ਹਾਂ ਨੂੰ ਪ੍ਰਸਿੱਧੀ ਦੇ ਉਚੇ ਸਿਖਰ ਤੇ ਪਹੁੰਚਾ ਦਿੱਤਾ ਸੀ।

ਯੁੱਧ ਚੱਲ ਰਿਹਾ ਸੀ। ਨਗਰ ਦੀ ਘੇਰਾਬੰਦੀ ਸੀ। ਚਾਰਲਸ ਬਾਰ੍ਹਵਾਂ ਆਪਣੇ ਸੈਕਰੇਟਰੀ ਨੂੰ ਪੱਤਰ ਲਿਖਵਾ ਰਿਹਾ ਸੀ ਕਿ ਉਸ ਮਕਾਨ ਤੇ ਇੱਕ ਬੰਬ ਆ ਕੇ ਗਿਰਿਆ। ਬੰਬ ਫਟਿਆ ਤਾਂ ਸੈਕਰੇਟਰੀ ਘਬਰਾ ਗਿਆ। ਉਸਦੇ ਹੱਥਾਂ 'ਚ ਕਲਮ ਗਿਰ ਗਈ। ਪ੍ਰੰਤੂ ਸਮਰਾਟ ਸਾਹਸੀ ਸੀ। ਉਸਦੇ ਅੰਦਰ ਸਾਹਸ ਦੇ ਨਾਲ ਧੀਰਜ ਅਤੇ ਦਿਮਾਗ ਵਿੱਚ ਸੰਤੁਲਨ ਸੀ। ਉਸਨੇ ਪੁੱਛਿਆ, “ਕਿਉਂ? ਕੀ ਹੋਇਆ?”

“ਬੰਬ ਗਿਰਿਆ ਹੈ ਮਹਾਰਾਜ।” ਸੈਕਰੇਟਰੀ ਨੇ ਕਿਹਾ। ਉਹ ਡਰ ਰਿਹਾ ਸੀ।

“ਬੰਬ ਦਾ ਪੱਤਰ ਦੇ ਵਿਸ਼ੇ ਨਾਲ ਸੰਬੰਧ ਨਹੀਂ ਹੈ। ਲਿਖਦੇ ਰਹੋ।” ਸਮਰਾਟ ਨੇ ਕਿਹਾ।

ਉਸ ਹਾਲਤ ਵਿੱਚ ਡਰਪੋਕ ਕਦੇ ਜੀਵਨ ਦੀਆਂ ਗੱਲਾਂ ਨਹੀਂ ਕਰ ਸਕਦਾ ਸੀ। ਉਹ ਸਮਰਾਟ ਸੱਚਮੁੱਚ ਬਹਾਦਰ ਸੀ।

ਸਾਹਸ ਦੀ ਜ਼ਰੂਰਤ ਹਰੇਕ ਖੇਤਰ ਵਿੱਚ ਹੈ। ਧਰਮ, ਯੁੱਧ, ਵਪਾਰ ਅਤੇ ਹੋਰ ਸਭ ਕੰਮਾਂ ਵਿੱਚ ਸਾਹਸ ਦੀ ਜ਼ਰੂਰਤ ਹੈ। ਜੋ ਲੋਕ ਸਾਹਸੀ ਹੁੰਦੇ ਹਨ ਉਹ ਹੀ ਆਪਣੇ ਖੇਤਰ ਵਿੱਚ ਸਟਾਰ ਬਣਦੇ ਹਨ। ਜੋ ਕਾਇਰ ਜਾਂ ਹੀਣ ਗਰੰਥੀਆਂ ਦੇ ਸ਼ਿਕਾਰ ਹੁੰਦੇ ਹਨ ਉਹ ਕਦੇ ਅੱਗੇ ਨਹੀਂ ਵਧ ਸਕਦੇ। ਉਹ ਹਮੇਸ਼ਾ ਪਿਛੜੇ ਰਹਿੰਦੇ ਹਨ। ਧਨ ਕਮਾਉਣ ਵਿੱਚ ਵੀ ਸਾਹਸੀ ਲੋਕ ਹੀ ਅੱਗੇ ਵਧਦੇ ਹਨ। ਸਾਹਸੀ ਲੋਕ ਵਪਾਰ ਵਿੱਚ ਧਨ ਲਗਾਉਂਦੇ ਹਨ, ਸਾਹਸੀ ਲੋਕ ਘਾਟੇ ਤੋਂ ਨਹੀਂ ਡਰਦੇ, ਸਾਹਸੀ ਲੋਕ ਰਾਤ ਦਿਨ ਮਿਹਨਤ ਕਰਕੇ ਉਦਯੋਗ ਵਿੱਚ ਕੰਮ ਕਰਦੇ ਹਨ ਅਤੇ ਕਰਾਉਂਦੇ ਹਨ। ਜਿਨ੍ਹਾਂ ਵਿੱਚ ਸਾਹਸ ਨਹੀਂ ਹੁੰਦੇ ਉਹ ਹਜ਼ਾਰ ਰੁਪਏ ਵੀ ਘਾਟਾ ਹੋਣ ਦੇ ਭੈਅ ਨਾਲ ਖਰਚ ਕਰਦੇ ਡਰਦੇ ਹਨ। ਘਾਟਾ ਸਹਿਣ ਦੇ ਲਈ ਵੀ ਸਾਹਸ ਚਾਹੀਦਾ ਹੈ।

ਉਤਪਤੀ ਦੇ ਸਾਧਨਾਂ ਵਿੱਚ ਜਿੱਥੇ ਕੰਮ ਅਤੇ ਪੂੰਜੀ ਦਾ ਮਹੱਤਵ ਹੈ, ਉੱਥੇ ਸਾਹਸ ਦਾ ਵੀ ਹੈ। ਸਾਹਸੀ ਵਿਅਕਤੀ ਹੀ ਸਫਲ ਉਤਪਾਦਕ ਹੈ।

ਵਪਾਰ ਜਾਂ ਕਾਰੋਬਾਰ ਵਿੱਚ ਸਾਹਸ ਦੀ ਹੋਰ ਵੀ ਕਈ ਗੱਲਾਂ ਵਿੱਚ ਜ਼ਰੂਰਤ ਹੈ। ਬਾਜ਼ਾਰ ਖਜਣ, ਮਾਲ ਸਟਾਕ ਹੋ ਜਾਣ, ਸਰਕਾਰੀ ਅੜਚਣਾਂ, ਹੜਤਾਲਾਂ, ਅੱਗ, ਚੋਰੀ, ਟੁੱਟ ਫੁੱਟ, ਮੰਦਾ ਅਤੇ ਪਤਾ ਨਹੀਂ ਕਿੰਨੀਆਂ ਆਫਤਾਂ ਆਉਂਦੀਆਂ ਹਨ ਜੋ ਇੱਕ ਉਦਯੋਗੀ ਨੂੰ

ਝੱਲਣੀਆਂ ਪੈਂਦੀਆਂ ਹਨ।

ਕਲਾ ਦੇ ਖੇਤਰ ਵਿੱਚ ਵੀ ਸਾਹਸੀ ਅੱਗੇ ਵਧਦਾ ਹੈ। ਅੱਜ ਜੋ ਸਫਲ ਕਲਾਕਾਰ ਹਨ ਜਾਂ ਹੋਏ ਹਨ, ਉਹ ਜੇ ਸਾਹਸੀ ਨਾ ਹੁੰਦੇ ਤਾਂ ਕਦੇ ਇੰਨੇ ਲੋਕ ਪ੍ਰਿਯ ਨਾ ਹੁੰਦੇ, ਸਫਲਤਾ ਦੇ ਸਿਖਰ ਤੇ ਨਾ ਪਹੁੰਚਦੇ। ਜੋ ਲੋਕ ਝਿਜਕਦੇ ਹਨ, ਡਰਦੇ ਹਨ, ਘਰ ਤੋਂ ਬਾਹਰ ਨਿਕਲਦੇ ਵੀ ਉਹਨਾਂ ਨੂੰ ਡਰ ਲੱਗਦਾ ਹੈ ਕਿ ਪਤਾ ਨਹੀਂ ਉਨ੍ਹਾਂ ਦਾ ਕੀ ਹੋਵੇਗਾ, ਸਫਲਤਾ ਮਿਲੇਗੀ ਜਾਂ ਨਹੀਂ। ਪ੍ਰੰਤੂ ਸਾਹਸੀ ਲੋਕ ਸਦਾ ਵਿਜਯੀ ਹੁੰਦੇ ਹਨ।

ਸਾਰੀਆਂ ਕਠਿਨਾਈਆਂ ਹਾਰ ਜਾਂਦੀਆਂ ਹਨ।

ਇੱਕ ਬੂੰਦ ਦੀ ਤਰ੍ਹਾਂ ਉਹ ਮੋਤੀ ਬਣ ਜਾਂਦੇ ਹਨ- ਜਿਵੇਂ ਬੱਦਲਾਂ ਦੀ ਗੋਦ ਵਿੱਚੋਂ ਨਿਕਲੀ ਸਾਹਸੀ ਬੂੰਦ- ਸਿੱਪੀ ਦੇ ਮੂੰਹ ਵਿੱਚ ਗਿਰ ਕੇ ਮੋਤੀ ਬਣ ਜਾਂਦੀ ਹੈ। ਬਹਾਦਰ ਅਤੇ ਸਾਹਸੀ ਲੋਕ ਕਸ਼ਟਾਂ ਦੀ ਅੱਗ ਵਿੱਚ ਤਪ ਕੇ ਨਿਖਰ ਉਠਦੇ ਹਨ। ਜਿਵੇਂ ਕਸੌਟੀ ਤੇ ਘਿਸਣ ਨਾਲ ਸੋਨਾ ਖਰਾ ਉਤਰਦਾ ਹੈ। ਸੋਨਾ ਅੱਗ ਵਿੱਚ ਤਪ ਕੇ ਨਿਖਰਦਾ ਹੈ।

ਬਹਾਦਰ ਲੋਕ ਵੀ ਦੁੱਖਾਂ ਅਤੇ ਕਸ਼ਟਾਂ ਦੀ ਗਰਜ ਤੋਂ ਕਦੇ ਨਹੀਂ ਡਰਦੇ।

ਨਿਰਾਸ਼ਾਵਾਦੀ ਲੋਕਾਂ ਵਿੱਚ ਸਾਹਸ ਨਹੀਂ ਹੁੰਦਾ। ਜੋ ਲੋਕ ਆਤਮ ਹੱਤਿਆ ਕਰਕੇ ਮਰ ਜਾਂਦੇ ਹਨ ਉਨ੍ਹਾਂ ਵਿੱਚ ਜ਼ਿਆਦਾਤਰ ਨਿਰਾਸ਼ਵਾਦੀ ਹੁੰਦੇ ਹਨ। ਜੀਵਨ ਤੋਂ ਨਿਰਾਸ਼ ਲੋਕ ਹੁੰਦੇ ਹਨ। ਸੰਘਰਸ਼ ਹੀ ਜੀਵਨ ਹੈ। ਐਸਾ ਕੌਣ ਹੈ ਜਿਸਦੇ ਜੀਵਨ ਵਿੱਚ ਸੰਘਰਸ਼ ਨਹੀਂ ਹੈ। ਜੀਵਨ ਤਾਂ ਨਾਮ ਹੀ ਸੰਘਰਸ਼ ਦਾ ਹੈ। ਕੁਝ ਲੋਕ ਸੰਘਰਸ਼ਤੋਂ ਘਬਰਾ ਕੇ ਪ੍ਰਾਣ ਗਵਾ ਬੈਠਦੇ ਹਨ। ਜ਼ਹਿਰ ਖਾ ਲੈਂਦੇ ਹਨ, ਡੁੱਬ ਜਾਂਦੇ ਹਨ, ਜਲ ਜਾਂਦੇ ਹਨ। ਅਜਿਹੇ ਸੰਘਰਸ਼ਪੂਰਨ ਪਲ ਹਰੇਕ ਵਿਅਕਤੀ ਦੇ ਜੀਵਨ ਵਿੱਚ ਆਉਂਦੇ ਹਨ। ਉਨ੍ਹਾਂ ਦਾ ਮੁਕਾਬਲਾ ਕਰਨਾ ਤੁਹਾਡੇ ਸਾਹਸ ਅਤੇ ਆਤਮ-ਵਿਸ਼ਵਾਸ ਉੱਤੇ ਨਿਰਭਰ ਕਰਦਾ ਹੈ। ਸੱਚਾ ਯੋਧਾ ਉਹੀ ਹੈ ਜੋ ਸਭ ਪ੍ਰਕਾਰ ਦੀਆਂ ਨਿਰਾਸ਼ਾਵਾਂ ਨਾਲ ਜੂਝਦਾ ਹੋਇਆ ਅਤੇ ਈਸ਼ਵਰ ਵਿੱਚ ਵਿਸ਼ਵਾਸ ਰੱਖਦਾ ਹੋਇਆ ਸਾਹਸ ਦੇ ਨਾਲ ਅੜਿੰਗ ਖੜ੍ਹਾ ਰਹਿੰਦਾ ਹੈ।

ਬਹੁਤ ਸਾਰੇ ਲੋਕ ਆਪਣੇ ਖੇਤਰ ਵਿੱਚ ਬਹੁਤ ਨਾਮ ਕਰ ਸਕਦੇ ਸਨ। ਉਹ ਪ੍ਰਤਿਭਾਵਾਨ ਕਲਾਕਾਰ ਜਾਂ ਸਾਹਿਤਕਾਰ ਸਨ। ਅਜਿਹੇ ਲੋਕ ਆਲੋਚਕਾਂ ਦੀ ਕੌੜੀਆਲੋਚਨਾ ਤੋਂ ਨਿਰਾਸ਼ ਹੋ ਕੇ ਕਲਾ ਦੀ ਉਪਾਸਨਾ ਹੀ ਛੱਡ ਬੈਠੇ। ਉਨ੍ਹਾਂ ਨੇ ਇਹ ਨਹੀਂ ਸੋਚਿਆ ਕਿ ਜੀਵਨ ਵਿੱਚ ਸੰਘਰਸ਼ ਤਾਂ ਆਉਂਦੇ ਹੀ ਹਨ, ਅੰਤਰਆਤਮਾ ਦੀ ਆਵਾਜ਼ ਤੇ ਚੱਲਦੇ ਹੋਏ ਮੰਜ਼ਿਲ ਤੇ ਵਧਦੇ ਜਾਣਾ ਪੈਂਦਾ ਹੈ-ਈਸ਼ਵਰ ਤੇ ਵਿਸ਼ਵਾਸ ਰੱਖਦੇ ਹੋਏ। ਅੰਤਰਆਤਮਾ ਦੀ ਆਵਾਜ਼ ਈਸ਼ਵਰ ਦੀ ਹੀ ਪ੍ਰੇਰਣਾ ਸਮਝਣੀ ਚਾਹੀਦੀ ਹੈ।

ਅਮਰੀਕਾ ਵਿੱਚ ਬਾਹਰ ਤੋਂ ਆ ਕੇ ਵਸਿਆ ਇੱਕ ਸੰਗੀਤਕਾਰ, ਜੋ ਚੰਗੀ ਵਾਇਲਨ ਵਜਾਉਂਦਾ ਸੀ, ਸੰਸਾਰ ਭਰ ਵਿੱਚ ਪ੍ਰਸਿੱਧ ਹੋ ਗਿਆ ਸੀ। ਲੇਕਿਨ ਜਦੋਂ ਉਹ ਅਮਰੀਕਾ ਵਿੱਚ ਆਇਆ ਸੀ ਤਾਂ ਆਲੋਚਕਾਂ ਨੇ ਕਿਹਾ ਸੀ ਕਿ ਇੱਥੇ ਤਾਂ ਉਸ ਤੋਂ ਚੰਗੇ ਕਈ ਕਲਾਕਾਰ ਹਨ। ਓਲਬੁਲ ਨਾਮ ਦਾ ਉਹ ਸਾਹਸੀ ਕਲਾਕਾਰ ਆਲੋਚਕਾਂ ਤੋਂ ਘਬਰਾਇਆ ਨਹੀਂ। ਇੱਕ ਦਿਨ ਦੇ ਲਈ ਵੀ ਉਸ ਕਲਾ ਸਾਧਕ ਅਤੇ ਉਪਾਸਕ ਨੇ ਆਪਣਾ ਸਾਹਸ ਨਹੀਂ ਛੱਡਿਆ। ਈਸ਼ਵਰ ਅਤੇ ਖੁਦ ਦੀ ਸ਼ਕਤੀ ਤੇ ਵਿਸ਼ਵਾਸ ਰੱਖਦੇ ਹੋਏ ਉਹ ਆਪਣੀ ਸਾਧਨਾ ਕਰਦਾ ਰਿਹਾ। ਅੱਜ ਸੰਸਾਰ ਓਲਬੁਲ ਨੂੰ ਜਾਣਦਾ ਹੈ, ਉਸ ਦੇ ਸਮਕਾਲੀਨ ਕਲਾਕਾਰਾਂ ਨੂੰ ਨਹੀਂ ਜਾਣਦਾ, ਜਿਨ੍ਹਾਂ ਦਾ ਉਸਦੇ ਆਲੋਚਕਾਂ ਨੇ ਭੈਅ ਦਿਖਾਇਆ ਸੀ।

ਸਾਹਸ ਮਾਨਸਿਕ ਸ਼ਕਤੀਆਂ ਦਾ ਨਾਇਕ ਹੈ। ਇਹ ਨਾਇਕ ਹਾਰ ਜਾਂਦਾ ਹੈ ਤਾਂ ਨਿਰਣੇ ਦੀ ਸ਼ਕਤੀ ਸਮਾਪਤ ਹੋ ਜਾਂਦੀ ਹੈ, ਉਤਸ਼ਾਹ ਫਿੱਕਾ ਪੈ ਜਾਂਦਾ ਹੈ, ਤਰਕ ਸ਼ਕਤੀ ਮੰਦ ਪੈ ਜਾਂਦੀ ਹੈ। ਇਹ ਉਦੋਂ ਹੁੰਦਾ ਹੈ ਜਦੋਂ ਮਨੁੱਖ ਦੇ ਮਨ ਵਿੱਚ ਸ਼ੰਕਾ ਅਤੇ ਭੈਅ ਭਰ ਜਾਂਦੇ ਹਨ। ਉਹ ਨਿਰਾਸ਼ਾਵਾਦੀ ਹੋ ਜਾਂਦਾ ਹੈ।

ਸੰਘਰਸ਼ ਦੇ ਪਲਾਂ ਵਿੱਚ ਬਹੁਤ ਸਾਰੇ ਲੋਕ ਹਿੰਮਤ ਹਾਰ ਕੇ ਬੈਠ ਜਾਂਦੇ ਹਨ। ਅਜਿਹੇ ਬਹੁਤ ਸਾਰੇ ਉਦਾਹਰਣ ਹਨ ਜਦੋਂ ਉਹ ਹਿੰਮਤ ਹਾਰ ਬੈਠੇ ਜਦੋਂ ਕਿ ਸਫਲਤਾ ਉਨ੍ਹਾਂ ਤੋਂ ਕੁਝ ਹੀ ਦੂਰ ਰਹਿ ਗਈ ਸੀ । ਕਈ ਵਾਰ ਅਜਿਹਾ ਹੋਇਆ ਹੈ ਕਿ ਸਫਲਤਾ ਦੀ ਸੂਚਨਾ ਜਦ ਘਰ ਆਈ ਤਾਂ ਨਿਰਾਸ਼ ਹੋ ਕੇ ਉਹ ਵਿਅਕਤੀ ਆਤਮ ਹੱਤਿਆ ਕਰੀਂ ਮਿਲਿਆ। ਪ੍ਰੇਮ, ਵਪਾਰ, ਕਲੇਸ਼ ਜਾਂ ਗਰੀਬੀ ਵਿੱਚ ਅਕਸਰ ਨਿਰਾਸ਼ਾਵਾਦੀ ਵਿਅਕਤੀ ਨਿਰਉਤਸ਼ਾਹਿਤ ਹੋ ਕੇ ਆਤਮ ਹੱਤਿਆ ਕਰ ਲੈਂਦੇ ਹਨ।

ਨਿਰਾਸ਼ਾ ਇੱਕ ਮਾਨਸਿਕ ਰੋਗ ਬਣ ਜਾਂਦਾ ਹੈ। ਜੋ ਲੋਕ ਆਤਮਹੱਤਿਆ ਕਰਦੇ ਹਨ ਉਹ ਮਾਨਸਿਕ ਰੋਗੀ ਹਨ। ਕੁੱਝ ਲੋਕ ਨਿਰਾਸ਼ਾ ਦੇ ਕਾਰਨ ਸਮਾਜ ਵਿਰੋਧੀ ਬਣ ਜਾਂਦੇ ਹਨ। ਸਮਾਜ ਅਤੇ ਕਾਨੂੰਨ ਨੂੰ ਉਹ ਆਪਣੀਆਂ ਸਫਲਤਾਵਾਂ ਦਾ ਕਾਰਨ ਮੰਨਦੇ ਹਨ ਅਤੇ ਅਪਰਾਧ ਦੀ ਡਗਰ ਤੇ ਚਲ ਪੈਂਦੇ ਹਨ। ਪ੍ਰੇਸ਼ਾਨੀਆਂ ਅਤੇ ਸੰਘਰਸ਼ਾਂ ਤੋਂ ਉਹ ਘਬਰਾਉਂਦੇ ਨਹੀਂ ਬਲਕਿ ਧੀਰਜ ਅਤੇ ਸਾਹਸ ਖੋ ਬੈਠਦੇ ਹਨ, ਸੰਜਮ ਖੋ ਬੈਠਦੇ ਹਨ, ਵਿਵੇਕ ਗਵਾ ਬੈਠਦੇ ਹਨ ਅਤੇ ਪਰਿਣਾਮ ਸਰੂਪ ਉਹ ਸਮਾਜ ਵਿੱਚ ਇੱਕ ਸਮਗਲਰ, ਡਾਕੂ ਜਾਂ ਲੁਟੇਰੇ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ। ਇਸ ਪ੍ਰਕਾਰ ਉਹ ਖੁਦ ਦਾ ਜੀਵਨ ਵੀ ਨਸ਼ਟ ਕਰਦੇ ਹਨ ਅਤੇ ਸਮਾਜ ਨੂੰ ਵੀ ਹਾਨੀ ਪਹੁੰਚਾਉਂਦੇ ਹਨ।

ਕੋਈ ਵਪਾਰੀ ਨਿਰਾਸ਼ ਹੋ ਗਿਆ। ਲਗਾਤਾਰ ਘਾਟੇ ਅਤੇ ਹਾਨੀਆਂ ਨੇਉਸਨੂੰ ਨਿਰਉਤਸ਼ਾਹਿਤ ਕਰ ਦਿੱਤਾ। ਉਹ ਚਿੰਤਾ ਨਾਲ ਗ੍ਰਸਤ ਇੱਕ ਪਾਰਕ ਵਿਚ ਬੈਠਾ ਸੀ ਕਿ ਇਕ ਭਿਖਾਰੀ ਨੇ ਉਸ ਤੋਂ ਚਿੰਤਾ ਦਾ ਕਾਰਨ ਪੁੱਛਿਆ। ਉਹ ਭਿਖਾਰੀ ਭਾਂਪ ਗਿਆ ਸੀ । ਵਪਾਰੀ ਨੇ ਜਦ ਚਿੰਤਾ ਦਾ ਕਾਰਨ ਦੱਸਿਆ ਤਾਂ ਭਿਖਾਰੀ ਨੇ ਉਸ ਨੂੰ ਸਮਝਾਇਆ ਕਿ ਉਹ ਖੁਦ ਵੀ ਪੜ੍ਹਿਆ-ਲਿਖਿਆ ਵਪਾਰੀ ਸੀ। ਘਾਟੇ ਨੇ ਉਸ ਨੂੰ ਨਿਰਾਸ਼ ਕਰ ਦਿੱਤਾ ਸੀ ਉਤਸ਼ਾਹ ਖੋਹ ਲਿਆ ਸੀ। ਉਸਨੇ ਉਤਸ਼ਾਹ ਵਧਾਉਣ ਲਈ ਸ਼ਰਾਬ ਦਾ ਸਹਾਰਾ ਲੈ ਲਿਆ। ਕੁਝ ਦਿਨਾਂ ਤੱਕ ਤਾਂ ਉਤਸ਼ਾਹ ਜਿਹਾ ਮਹਿਸੂਸ ਹੋਇਆ ਪ੍ਰੰਤੂ ਫੇਰ ਤਾਂ ਸ਼ਰਾਬ ਦਾ ਆਦੀ ਹੋ ਗਿਆ। ਵਪਾਰ ਤਾਂ ਚੌਪਟ ਹੋ ਗਿਆ, ਸ਼ਰਾਬ ਦੀ ਲਤ ਵੀ ਨਾ ਛੁਟੀ। ਮੇਰੀਆਂ ਸਾਰੀਆਂ ਸ਼ਕਤੀਆਂ ਕਮਜ਼ੋਰ ਹੋ ਗਈਆਂ ਹਨ। ਉਤਸ਼ਾਹ ਨਾਮ ਦੀ ਚੀਜ਼ ਮੇਰੇ ਪਾਸ ਨਹੀਂ ਹੈ। ਧਨ ਕਦੇ ਦਾ ਚਲਾ ਗਿਆ, ਆਤਮ ਵਿਸ਼ਵਾਸ ਖੋ ਗਿਆ ਹੈ। ਹੁਣ ਭੀਖ ਮੰਗਦਾ ਹਾਂ, ਉਸੇ ਨਾਲ ਪੇਟ ਭਰਦਾ ਹਾਂ ਅਤੇ ਸ਼ਰਾਬ ਪੀਂਦਾ ਹਾਂ। ਤੇਰੇ ਪਾਸ ਤਾਂ ਹਾਲੇ ਸਾਰੀਆਂ ਸ਼ਕਤੀਆਂ ਹਨ। ਕਿਉਂ ਨਿਰਉਤਸ਼ਾਹਿਤ ਹੋ ਗਿਆ?

ਵਪਾਰੀ ਉਤਸ਼ਾਹਿਤ ਹੋ ਉਠਿਆ। ਉਸਨੇ ਆਪਣੀਆਂ ਕੁੱਲ ਸ਼ਕਤੀਆਂ ਨੂੰ ਬਟੋਰਿਆ। ਉਹ ਉਤਸ਼ਾਹ ਨਾਲ ਫੇਰ ਵਪਾਰ ਵਿੱਚ ਲੱਗ ਗਿਆ ਅਤੇ ਸਫਲਤਾ ਦੀ ਤਰਫ ਵਧਦਾ ਚਲਾ ਗਿਆ। ਅਜਿਹੇ ਅਨੇਕ ਉਦਾਹਰਣ ਹਨ। ਜਿਸ ਸਮੇਂ ਤੁਸੀਂ ਨਿਰਾਸ਼ਾ ਦੇ ਵਸ ਵਿੱਚ ਹੋ ਜਾਂਦੇ ਹੋ ਉਸ ਸਮੇਂ ਤੋਂ ਤੁਹਾਡੀਆਂ ਸਾਰੀਆਂ ਮਾਨਸਿਕ

ਸ਼ਕਤੀਆਂ ਦਬਣ ਲੱਗਦੀਆਂ ਹਨ। ਪ੍ਰਤਿਭਾ ਕੁੰਠਿਤ ਹੋ ਜਾਂਦੀ ਹੈ ਅਤੇ ਕਾਰਜ ਸਮਰੱਥਾ ਘਟ ਜਾਂਦੀ ਹੈ।

ਇਹ ਨਿਰਾਸ਼ਾ, ਅਸਫਲਤਾ ਤੋਂ ਘਬਰਾ ਕੇ ਉਤਸ਼ਾਹ ਦਾ ਖੋਹਣਾ ਤੁਹਾਡੇ ਦਿਮਾਗ ਵਿੱਚ ਹਨੇਰ ਭਰ ਸਕਦਾ ਹੈ। ਜਿਸ ਨਾਲ ਫੈਸਲੇ ਦੀ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਫੇਰ ਤੁਸੀਂ ਖੁਦ ਆਪਣੇ ਲਈ ਕੰਡੇ ਬੀਜ ਲੈਂਦੇ ਹੋ। ਅਜਿਹੇ ਗਲਤ ਨਿਰਣੇ ਲੈ ਲੈਂਦੇ ਹੋ ਜੋ ਬਹੁਤ ਹਾਨੀਕਾਰਕ ਸਿੱਧ ਹੁੰਦੇ ਹਨ।

ਤੁਸੀਂ ਬਹੁਤ ਦੁਖੀ ਹੋ। ਤੁਹਾਡੇ ਕਿਸੇ ਪਿਆਰੇ ਦੀ ਮੌਤ ਹੋ ਗਈ ਹੈ ਜਾਂ ਹੋਰ ਕੋਈ ਦੁਖ ਦਾ ਪਹਾੜ ਟੁੱਟ ਪਿਆ ਹੈ। ਤੁਹਾਨੂੰ ਦੂਸਰਿਆਂ ਨੂੰ ਹੱਸਦੇ ਦੇਖ ਕੇ ਬੜੀ ਹੈਰਾਨੀ ਹੁੰਦੀ ਹੈ। ਤੁਸੀਂ ਸੋਚਦੇ ਹੋ ਕਿ ਤੁਸੀਂ ਕਦੇ ਵੀ ਨਹੀਂ ਹੱਸੋਗੇ, ਕਦੇ ਵੀ ਮਨੋਰੰਜਨ ਵਿੱਚ ਹਿੱਸਾ ਨਹੀਂ ਲਵੋਗੇ। ਲੇਕਿਨ ਜੇ ਤੁਸੀਂ ਧੀਰਜ ਰੱਖੋ, ਸਾਹਸ ਤੋਂ ਕੰਮ ਲਵੋ ਤਾਂ ਤੁਸੀਂ ਕੁੱਝ ਸਮੇਂ ਬਾਅਦ ਦੇਖੋਗੇ ਕਿ ਤੁਸੀਂ ਦੁੱਖ ਦੀ ਘਟਨਾ ਨੂੰ ਭੁੱਲਦੇ ਜਾ ਰਹੇ ਹੋ। ਸਮੇਂ ਦੀ ਤਹਿ ਦੇ ਹੇਠ ਉਹ ਯਾਦਾਂ ਦਬਦੀਆਂ ਜਾ ਰਹੀਆਂ ਹਨ। ਵੱਡੇ ਤੋਂ ਵੱਡੇ ਜ਼ਖਮ ਨੂੰ ਸਮਾਂ ਭਰ ਦਿੰਦਾ ਹੈ। ਜ਼ਰੂਰਤ ਧੀਰਜ ਬਣਾਈ ਰੱਖਣ ਦੀ ਹੈ। ਹਾਲਾਤ ਦੇ ਦਾਸ ਨਾ ਬਣੋ। ਉਨ੍ਹਾਂ ਨੂੰ ਆਪਣਾ ਦਾਸ ਬਣਾਓ।

ਸੰਸਾਰ ਵਿੱਚ ਹਰ ਵਿਅਕਤੀ ਇੱਕ ਵਸਤੂ ਦਾ ਜੋੜਾ ਹੈ, ਸੁਖ ਦੇ ਨਾਲ ਦੁਖ ਹੈ। ਆਸ਼ਾ ਦੇ ਨਾਲ ਨਿਰਾਸ਼ਾ ਹੈ। ਚੰਗਿਆਈ ਦੇ ਨਾਲ ਬੁਰਾਈ ਹੈ। ਦਿਨ ਦੇ ਨਾਲ ਰਾਤ ਅਤੇ ਪ੍ਰਕਾਸ਼ ਦੇ ਨਾਲ ਅੰਧਕਾਰ ਹੈ। ਕਦੇ ਕਦੇ ਬੱਦਲਾਂ ਦੇ ਕਾਰਨ ਦਿਨ ਵਿੱਚ ਅੰਧਕਾਰ ਛਾ ਜਾਂਦਾ ਹੈ। ਸੂਰਜ ਢਕਿਆ ਜਾਂਦਾ ਹੈ। ਦਿਨ ਵਿੱਚ ਵੀ ਘਰ ਵਿੱਚਦੀਪ ਜਲਾਉਣੇ ਪੈਂਦੇ ਹਨ। ਪ੍ਰੰਤੂ ਥੋੜ੍ਹੀ ਦੇਰ ਬਾਅਦ ਹੀ ਤੁਸੀਂ ਦੇਖਦੇ ਹੋ ਕਿ ਬੱਦਲ ਹਟ ਜਾਂਦੇ ਹਨ ਅਤੇ ਧੁੱਪ ਨਿਕਲ ਕੇ ਚਾਰੇ ਪਾਸੇ ਪ੍ਰਕਾਸ਼ ਬਿਖੇਰ ਦਿੰਦੀ ਹੈ।

ਦੁੱਖਾਂ ਦੇ ਬੱਦਲ ਵੀ ਛਟ ਜਾਂਦੇ ਹਨ।

ਸਾਹਸ ਦੇ ਨਾਲ ਇਨ੍ਹਾਂ ਦਾ ਸਾਹਮਣਾ ਕਰੋ। ਮਨ ਨੂੰ ਉਤਸ਼ਾਹ ਨਾਲ ਭਰੀ ਰੱਖੋ। ਆਸ਼ਾ ਦੇ ਦੀਪਕ ਜਲਾਈ ਰੱਖੋ। ਜੇ ਸਾਹਸ ਦਾ ਪਤਨ ਹੋ ਜਾਂਦਾ ਹੈ ਤਾਂ ਹੋਰ ਮਾਨਸਿਕ ਸ਼ਕਤੀਆਂ ਵੀ ਆਪਣਾ ਕੰਮ ਛੱਡ ਦਿੰਦੀਆਂ ਹਨ। ਸਾਹਸ ਦੇ ਨਤ੍ਰੇਤਵ ਦੇ ਬਿਨਾਂ ਕੋਈ ਸ਼ਕਤੀ ਅੱਗੇ ਨਹੀਂ ਵਧਦੀ। ਕਿਉਂਕਿ ਮਾਨਸਿਕ ਸ਼ਕਤੀਆਂ ਦਾ ਰਾਜਾ ਜਾਂ ਨਾਇਕ ਸਾਹਸ ਹੈ।

ਆਸ਼ਾ ਇੱਕ ਤੇਜਵਾਨ ਸੂਰਜ ਹੈ। ਇਹੀ ਸੂਰਜ ਪ੍ਰਕਾਸ਼ ਦਿੰਦਾ ਹੈ। ਸਾਹਸੀ ਇਸੇ ਸੂਰਜ ਦੇ ਪ੍ਰਕਾਸ਼ ਵਿੱਚ ਰਹਿੰਦਾ ਹੈ ਅਤੇ ਜੋ ਮੂਰਖ ਅਤੇ ਨਿਰਉਤਸ਼ਾਹੀ ਹੁੰਦੇ ਹਨ ਉਹ ਇਸ ਪ੍ਰਕਾਸ਼ਕਰਤਾ ਸੂਰਜ ਦੀ ਤਰਫੋਂ ਮੂੰਹ ਫੇਰ ਲੈਂਦੇ ਹਨ, ਪਿੱਠ ਕਰ ਲੈਂਦੇ ਹਨ। ਅਤੇ ਜੀਵਨ ਵਿੱਚ ਸਿਰਫ ਹਨੇਰਾ ਦੇਖਦੇ ਹਨ। ਪ੍ਰਕਾਸ਼ ਦੀ ਤਰਫ਼ ਦੇਖੋ। ਪ੍ਰਕਾਸ਼ ਵਿੱਚ ਅੱਗੇ ਵਧੋ।

ਕਿਸਮਤ ਨੂੰ ਕੋਸਣਾ ਬੰਦ ਕਰ ਦਿਓ। ਦੋਸ਼ੀ ਕਿਸਮਤ ਨਹੀਂ ਹੈ। ਦੋਸ਼ੀ ਹੋ ਤੁਸੀਂ, ਦੋਸ਼ੀ ਹਨ ਤੁਹਾਡੀਆਂ ਨਿਰਾਸ਼ਾਵਾਂ ਅਤੇ ਮੂਰਖਤਾਈਆਂ। ਤੁਹਾਨੂੰ ਈਸ਼ਵਰ ਨੇ ਨਿਰਾਸ਼ਾ ਦੇ ਲਈ ਨਹੀਂ ਬਣਾਇਆ ਹੈ। ਤੁਸੀਂ ਉਸੇ ਦੇ ਅੰਸ਼ ਹੋ। ਉਸ ਨੇ ਜੋ ਸੰਦੇਸ਼ ਦਿੱਤਾ ਹੈ ਉਸ ਨੂੰ ਨਾ ਭੁੱਲੋ। ਉਸ ਨੇ ਤੁਹਾਨੂੰ ਉਤਸ਼ਾਹ ਦੇ ਨਾਲ ਉਚਾਈਆਂ ਵਲ ਵਧਣ ਦੇ ਲਈ ਕਿਹਾ ਹੈ। ਨਿਰਾਸ਼ਾ ਈਸ਼ਵਰ ਨੂੰ ਸਵੀਕਾਰ ਨਹੀਂ ਹੈ।

ਤੁਸੀਂ ਧਰਤੀ ਉੱਤੇ ਪ੍ਰਸੰਨਤਾ ਨਾਲ ਜੀਣ ਦੇ ਲਈ ਆਏ ਹੋ। ਤੁਸੀਂ ਜੀਵਨ ਤੋਂ ਹਾਰਨ ਨਹੀਂ, ਜਿੱਤਣ ਆਏ ਹੋ। ਤੁਸੀਂ ਖੁਦ ਸਾਖਿਅਤ ਜਿੱਤ ਹੋ। ਤੁਹਾਡਾ ਜੀਵਨ ਪ੍ਰਸੰਨਤਾ, ਸ਼ਾਂਤੀ ਅਤੇ ਉਤਸ਼ਾਹ ਦੇ ਲਈ ਹੈ, ਦੁੱਖਾਂ ਅਤੇ ਨਿਰਾਸ਼ਾਵਾਂ ਦੇ ਲਈ ਨਹੀਂ ਹੈ। ਆਪਣੀ ਬਦਕਿਸਮਤੀ ਦਾ ਕਾਰਨ ਤੁਸੀਂ ਖੁਦ ਹੋ। ਕੋਈ ਹੋਰ ਨਹੀਂ ਹੈ।

ਤੁਸੀਂ ਈਸ਼ਵਰ ਦੀ ਸੰਤਾਨ ਹੋ। ਤੁਹਾਡਾ ਜਨਮ ਨਿਰਾਸ਼ਾ ਦੇ ਲਈ ਨਹੀਂ ਹੋਇਆ ਹੈ। ਥੁੜ੍ਹ ਅਤੇ ਅਸਫਲਤਾਵਾਂ ਤੋਂ ਤੁਹਾਨੂੰ ਡਰ ਨਹੀਂ ਹੋਣਾ ਚਾਹੀਦਾ, ਕਿਉਂਕਿ ਤੁਸੀਂ ਈਸ਼ਵਰ ਦੀ ਸੰਤਾਨ ਹੋ ਜਿਸਦਾ ਭੈਅ ਨਾਲ ਕੋਈ ਸੰਬੰਧ ਨਹੀਂ ਹੈ। ਤੁਸੀਂ ਬਹਾਦਰ ਹੋ, ਸਾਹਸੀ ਹੋ, ਵਿਜੇਤਾ ਹੋ। ਹਾਲਾਤ ਤੁਹਾਡੇ ਗੁਲਾਮ ਹਨ, ਤੁਸੀਂ ਹਾਲਾਤ ਦੇ ਗੁਲਾਮ ਨਹੀਂ ਹੋ। ਨਿਰਾਸ਼ਾ ਦੇ ਹੱਥੋਂ ਆਪਣੀਆਂ ਸ਼ਕਤੀਆਂ ਦਾ ਨਾਸ਼ ਨਾ ਹੋਣ ਦਿਓ। ਤੁਸੀਂ ਖੁਦ ਸਾਹਸ ਹੋ। ਤੁਸੀਂ ਖੁਦ ਸ਼ਕਤੀ ਹੋ। ਕਿਉਂਕਿ ਤੁਸੀਂ ਪੂਰਨ ਪੁਰਸ਼ ਹੋ। ਪੂਰਨ ਪੁਰਸ਼ ਉੱਤੇ ਨਿਰਾਸ਼ਾ ਦਾ ਕੋਈ ਵਸ ਨਹੀਂ ਚੱਲ ਸਕਦਾ ਹੈ। ਨਿਰਾਸ਼ਾ ਸਿਰਫ ਦੂਸ਼ਿਤ ਮਨ ਦੀ ਕਲਪਨਾ ਹੈ। ਨਿਰਾਸ਼ ਉਹ ਹੁੰਦੇ ਹਨ ਜਿਨ੍ਹਾਂ ਦਾ ਈਸ਼ਵਰ ਉੱਤੇ ਵਿਸ਼ਵਾਸ ਨਹੀਂ ਹੈ।

ਜੋ ਸਾਹਸ ਨੂੰ ਛੱਡ ਦਿੰਦੇ ਹਨ, ਜੋ ਨਿਰਾਸ਼ ਹੋ ਜਾਂਦੇ ਹਨ, ਉਹ ਈਸ਼ਵਰ ਤੇ ਦ੍ਰਿੜ੍ਹ ਵਿਸ਼ਵਾਸ ਨਹੀਂ ਰੱਖਦੇ। ਉਨ੍ਹਾਂ ਦਾ ਵਿਸ਼ਵਾਸ ਕਿਸੇ ਦਾਨਵੀ ਸ਼ਕਤੀ ਵਿੱਚ ਹੋਗਿਆ ਹੈ। ਸੰਘਰਸ਼ਾਂ ਦੇ ਬੋਝ ਨਾਲ ਦਬ ਨਾ ਜਾਓ ਬਲਕਿ ਉਨ੍ਹਾਂ ਤੇ ਜਿੱਤ ਪਾਓ।

ਈਸ਼ਵਰ ਦੇ ਨਜ਼ਦੀਕ ਖੁਦ ਨੂੰ ਅਨੁਭਵ ਕਰਦੇ ਹੋਏ ਵਧਦੇ ਰਹੋ। ਸਫਲਤਾ ਤੁਹਾਡੇ ਕਦਮ ਚੁੰਮੇਗੀ। ਸਫਲਤਾ ਦੂਰ ਨਹੀਂ ਹੈ, ਤੁਸੀਂ ਦੇਖ ਨਹੀਂ ਪਾ ਰਹੇ ਹੋ, ਇਨ੍ਹਾਂ ਹੀ ਕਠਿਨਾਈਆਂ ਦੇ ਉਸ ਪਾਰ ਖੜ੍ਹੀ ਹੈ। ਇਨ੍ਹਾਂ ਨੂੰ ਪਾਰ ਕਰੋ। ਸਫਲਤਾ ਤਾਂ ਜੈ ਮਾਲਾ ਲਈ ਤੁਹਾਡੇ ਸੁਆਗਤ ਦੇ ਲਈ ਤਿਆਰ ਖੜ੍ਹੀ ਹੈ। ਮਹਾਨ ਉਹੀ ਹੈ ਜਿਸ ਨੇ ਜੀਵਨ ਦੇ ਕੁੱਲ ਤੂਫਾਨ ਨੂੰ ਹੱਸਦੇ-ਹੱਸਦੇ ਝੇਲ ਕੇ ਅਸਫਲਤਾਵਾਂ ਅਤੇ ਕਠਿਨਾਈਆਂ ਨੂੰ ਪਾਰ ਕੀਤਾ ਹੈ ਅਤੇ ਸਫਲਤਾ ਦੇ ਕੋਲ ਪਹੁੰਚੇ ਹਨ। ਆਪਣੇ ਜੀਵਨ ਦੀ ਸਫਲਤਾ ਤੁਹਾਡੇ ਹੱਥਾਂ ਵਿੱਚ ਹੈ।

ਅੱਜ ਤੁਹਾਡੀਆਂ ਅੱਖਾਂ ਤੋਂ ਰਸਤਾ ਓਝਲ ਹੈ ਤਾਂ ਇਸ ਦਾ ਇਹ ਅਰਥ ਨਹੀਂ ਹੈ ਕਿ ਉਹ ਓਝਲ ਰਹੇਗਾ। ਉਹ ਦਿਖਾਈ ਵੀ ਦੇਵੇਗਾ। ਵਧਦੇ ਜਾਓ ਅਤੇ ਅੱਗੇ ਵਧਦੇ ਜਾਓ। ਰੁਕਾਵਟਾਂ ਦੀ ਪ੍ਰਵਾਹ ਨਾ ਕਰੋ। ਜੀਵਨ ਬੇੜੀ ਨੂੰ ਸਾਹਸ ਦੇ ਨਾਲ ਮੰਝਧਾਰ 'ਚੋਂ ਪਾਰ ਲੈ ਜਾਓ।

ਮਨ ਵਿੱਚ ਕਦੇ ਹੀਣ ਭਾਵਨਾਵਾਂ ਨਾ ਆਉਣ ਦਿਓ। ਤੁਸੀਂ ਕਿਉਂਕਿ ਈਸ਼ਵਰ ਦੇ ਅੰਸ਼ ਹੋ-ਈਸ਼ਵਰ ਦੇ ਪੁੱਤਰ ਹੋ। ਇਸ ਲਈ ਹੀਣਤਾ ਦੀਆਂ ਭਾਵਨਾਵਾਂ ਨਾਲ ਈਸ਼ਵਰ ਦਾ ਅਪਮਾਨ ਹੋਵੇਗਾ ਜੋ ਕਿ ਇਸ ਸ੍ਰਿਸ਼ਟੀ ਦਾ ਪਾਲਕ ਹੈ। ਉਸ ਦੇ ਲਈ ਕੁੱਝ ਵੀ ਅਸੰਭਵ ਨਹੀਂ ਹੈ। ਉਹ ਮਹਾਨ ਹੈ। ਜੀਵਨ ਦੀਆਂ ਬਹੁਮੁੱਲੀਆਂ ਵਸਤੂਆਂ ਤੁਹਾਡੀ ਉਡੀਕ ਵਿੱਚ ਹਨ। ਉਨ੍ਹਾਂ ਨੂੰ ਪਾਉਣ ਦੇ ਲਈ ਤੁਸੀਂ ਯਤਨ ਤਾਂ ਕਰੋ। ਕਦੇ ਨਾ ਕਹੋ ਅਤੇ ਨਾ ਹੀ ਕਦੇ ਸਮਝੋ ਕਿ ਤੁਸੀਂ ਇਹ ਨਹੀਂ ਕਰ ਸਕਦੇ-ਉਹ ਨਹੀਂ ਕਰ ਸਕਦੇ। ਅਜਿਹਾ ਕਹਿ ਕੇ ਤੁਸੀਂ ਆਪਣੀਆਂ ਸ਼ਕਤੀਆਂ ਦੀ ਉਪੇਖਿਆ ਕਰ ਰਹੇ ਹੋ। ਤੁਸੀਂ ਕਰ ਸਕਦੇ ਹੋ-ਕਰੋਗੇ। ਕਰਨ ਵਿੱਚ ਸਮਰੱਥ ਹੋ। ਤੁਹਾਡੇ ਵਿੱਚ ਸਾਹਸ ਹੈ। ਤੁਸੀਂ ਉਸ ਈਸ਼ਵਰ ਦੇ ਅੰਸ਼ ਹੋ ਜੋ ਸਫਲਤਾਵਾਂ ਦਾ ਸਰੋਤ ਹੈ। ਇਸ ਲਈ ਅਸਫਲਤਾ ਨਾਲ ਤੁਹਾਡਾ ਕੋਈ ਸੰਬੰਧ ਨਹੀਂ ਹੈ। ਤੁਹਾਡਾ ਸੰਬੰਧ ਸਫਲਤਾਵਾਂ ਨਾਲ ਹੈ। ਤੁਸੀਂ ਸਾਖਿਆਤ ਸਾਹਸ ਹੋ-ਸ਼ਕਤੀ ਹੋ।

-0-

# ਕਾਂਵਿ ਕਿਆਰੀ

## ਨਿਆਰਾਪਣ

ਕਰਮਜੀਤ ਸਿੰਘ ਬਿੰਜਲ +91 98774 19348

ਲੈ ਕੇ ਨਿਆਰੇ ਪਣ ਦੀ ਸੋਚ ਨੂੰ,
ਕੀਤਾ ਖਾਲਸਾ ਪੰਥ ਤਿਆਰ।
ਗੱਦੀ ਦੇ ਕੇ ਗੁਰੂ ਗ੍ਰੰਥ ਨੂੰ,
ਦਸ਼ਮੇਸ਼ ਕਿਹਾ ਲਲਕਾਰ।
ਭੇਖੀ ਸਿੱਖ ਨੂੰ ਨਹੀਂ ਸਿਆਣਦਾ
ਮੈਨੂੰ ਰਹਿਤ ਦੇ ਨਾਲ ਪਿਆਰ।
ਜੋ ਬਿਪਰ ਰੀਤ ਅਪਨਾਉਣਗੇ,
ਉਹਦਾ ਕਰਾਂ ਨਾ ਮੈਂ ਇਤਬਾਰ।
ਨਹੀਓ ਟੇਕ ਬੰਦੇ ਤੇ ਰੱਖਣੀ,
ਭਾਵੇਂ ਜੰਮਣ ਗੁਰੂ ਹਜ਼ਾਰ।
ਆ ਕੇ ਦੇਖ ਪੁੱਤਾਂ ਦੇ ਦਾਨੀਆਂ,
ਤੇਰੇ ਕਰਦੇ ਕੀ ਸਰਦਾਰ।
ਮੜੀ ਕਬਰ ਤੇ ਗੁਰੂ ਗ੍ਰੰਥ ਨੂੰ,
ਭੇਖੀ ਰੱਜ ਕੇ ਕਰਨ ਖੁਆਰ।
ਮਰਿਆਦਾ ਘੜ ਕੇ ਰੰਗ ਬਰੰਗੀਆਂ
ਕਰਦੇ ਵੱਖੋ ਵੱਖ ਪ੍ਰਚਾਰ।
ਮਨਮੁਖ ਮਾਇਆ ਬਿਕਰਦੇ,
ਸੰਪਟ ਪਾਠਾਂ ਰਾਹੀਂ ਵਾਪਾਰ।
ਗੁਰਾਂ ਜਾਤ ਅਭਿਮਾਨ ਨੂੰ ਤੋੜਿਆ
ਛਕਾ ਕੇ ਅੰਮ੍ਰਿਤ ਖੰਡੇ ਧਾਰ।
ਕਈ ਜਾਤ ਪਾਠੀ ਦੀ ਪੁੱਛ ਕੇ,
ਚਲਦੇ ਪਾਠ 'ਚੋਂ ਕੱਢ ਦੇ ਬਾਹਰ।
ਕਿਸੇ ਦੇ ਪਿਓ ਦੀ ਰੱਬ ਜਾਗੀਰ ਨਹੀਂ
ਵਸਦੈ ਘਟ ਘਟ ਆਪ ਨਿਰੰਕਾਰ।
ਜੇਹੜੇ ਰਹਿਤ ਮਰਿਆਦਾ ਨਹੀਂ ਮੰਨਦੇ ,
ਰੋਕਣ ਗੁਰਮਤਿ ਦਾ ਪ੍ਰਚਾਰ।
ਅੱਜ ਕੌਮ ਦੇ ਸਿਰ ਤੇ ਬਹਿ ਗਿਆ ,
ਇੱਕ ਰਾਜਨੀਤਿਕ ਪਰਿਵਾਰ।
ਖੋਰਾ ਲਾਉਂਦਾ ਸਿੱਖੀ ਸਿਧਾਂਤ ਨੂੰ,
ਬੋਝਿਓਂ ਕੱਢ ਕੇ ਜਥੇਦਾਰ।
ਕਈ ਤਖਤਾਂ ਤੇ ਵੱਢਣ ਬੱਕਰੇ,
ਭੰਗੀ ਯੋਧੇ ਤੇਗਾਂ ਮਾਰ।
ਗਪੌੜ ਸਾਖੀਆਂ ਕੁਝ ਗ੍ਰੰਥ ਦੇ,
ਮਸਲੇ ਕੌਮ 'ਚ ਗੁੰਝਲਦਾਰ।
ਰੋਟੀ ਖਾਤਰ ਬਿੰਜਲਾ ਨੱਚਦੇ,
ਕਠ-ਪੁਤਲੀਆਂ ਜਥੇਦਾਰ।
ਕਰਮਜੀਤ ਸਿਆਂ ਸੱਚ ਲਿਖਦੇ।
ਭੇਖੀਆਂ ਬਾਰੇ ਅੱਖਰ ਚਾਰ।
-0-

## ਕਰਮਕਾਂਡੀ ਭੇਖੀ ਸਾਧ

ਕਰਮਜੀਤ ਸਿੰਘ ਬਿੰਜਲ # +91 98774 19348

ਝੂਠ ਫਰੇਬ ਦੇ ਭਰੇ ਪਖੰਡੀ,
ਬਾਹਰੋਂ ਸੰਤ ਕਹਾਉਂਦੇ।

ਲੋਕ ਲੁੱਟਣ ਲਈ ਠੱਗ ਬਨਾਰਸੀ,
ਮਾਲਾ ਵੀ ਗਲ ਪਾਉਂਦੇ।
10 ਗੁਰਾਂ ਤੱਕ ਕਿਸੇ ਸਿੱਖ ਨੇ,
ਨਹੀਂ ਸੰਤ ਅਖਵਾਇਆ।
ਗੁਰੂਆਂ ਵੇਲੇ ਕੇਹੜੇ ਸੰਤ ਨੇ,
ਦੱਸੋ ਨਾਮ ਜਪਾਇਆ।
ਸੰਤ ਸਬਦ ਗੁਰਬਾਣੀ ਅੰਦਰ,
ਰੱਬ, ਗੁਰੂ ਜਾਂ ਸਿੱਖ ਲਈ ਆਏ।
ਪਖੰਡੀ ਸਾਧ ਹਜ਼ਾਰਾਂ ਫਿਰਦੇ,
ਕੀਹਨੇ ਸੰਤ ਬਣਾਏ।
ਕਿਰਤ ਗ੍ਰਿਸਤ ਤੋਂ ਸਾਧ ਭੱਜ ਕੇ,
ਡੇਰੇ ਬਹੁਤ ਬਣਾਉਂਦੇ।
ਮਰੇ ਸਾਧ ਦੀ ਮਹਿਮਾ ਕਰਕੇ,
ਲੋਕਾਂ ਨੂੰ ਭਰਮਾਉਂਦੇ।
ਗੁਰਮਤਿ ਦੀ ਗੱਲ ਨਾ ਹੁੰਦੀ ਡੇਰੇ,
ਸੁਣਾਉਂਦੇ ਗੱਪ ਕਹਾਣੀ।
ਭੇਖੀ ਸਾਧ ਤੇ ਕਰਮ ਕਾਂਡਾਂ ਨੂੰ,
ਰੱਦ ਕਰੇ ਗੁਰਬਾਣੀ।
ਰਾਗੀ, ਢਾਡੀ, ਪ੍ਰਚਾਰਕ ਦੇਖੇ,
ਗਲ ਲਮਕਾਏ ਸਾਫੇ।
ਮਹਿਮਾ ਗਾਉਣ ਪਖੰਡੀ ਸਾਧ ਦੀ,
ਜਿੱਥੋਂ ਮਿਲਣ ਲਿਫਾਫੇ।
ਭੁੱਲ ਕੇ ਗੁਰੂ ਨੂੰ ਕਰਮਜੀਤ ਸਿਆਂ ,
ਡੇਰੇ ਕਿਸੇ ਨਹੀਂ ਜਾਣਾ।
ਜੋ ਗੁਰੂ ਕਹਿੰਦਾ ਭਲਾ ਓਸੇ ਵਿੱਚ ,
ਮੰਨਦੈ ਸਿੱਖ ਨਿਮਾਣਾ।
-0-

## ਕੁਦਰਤ ਸੰਗ ਖਿਲਵਾੜ ਕਰਨ ਦਾ ਸਿੱਟਾ ਮਾੜਾ ਹੈ

ਡਾ: ਦਲਵਿੰਦਰ ਸਿੰਘ ਗ੍ਰੇਵਾਲ



ਕੁਦਰਤ ਸੰਗ ਖਿਲਵਾੜ ਕਰਨ ਦਾ ਸਿੱਟਾ ਮਾੜਾ ਹੈ।
ਰਚਨਾ ਢਹਿੰਦੀ ਵੇਖ ਬੜੀ ਚਿੰਤਾ ਵਿੱਚ ਘਾੜਾ ਹੈ ।
ਅੱਜ ਵਗਦੇ ਦਰਿਆਵਾਂ ਨੂੰ ਬੰਨ ਲਾਇਆ ਜਾਂਦਾ ਹੈ।
ਬਜਰੀ ਖਾਤਰ ਪਰਬਤ ਨੂੰ ਵੀ ਢਾਇਆ ਜਾਂਦਾ ਹੈ।
ਮਾਰੂ ਐਟਮ ਬੰਬ ਘੜੇ ਵਿਗਿਆਨ ਦਾ ਪਾੜ੍ਹਾ ਹੈ।
ਕੁਦਰਤ ਸੰਗ ਖਿਲਵਾੜ ਕਰਨ ਦਾ ਸਿੱਟਾ ਮਾੜਾ ਹੈ ।
ਆਉਂਦੇ ਨੇ ਤੂਫਾਨ ਤੇ ਹੜ ਵਿੱਚ ਆਉਂਦੀਆਂ ਨਦੀਆਂ ਨੇ।
ਮੌਤ ਨੂੰ ਮਾਊਂ ਕਹਿੰਦੀਆਂ ਹੁਣ ਇਨਸਾਨੀ ਬਦੀਆਂ ਨੇ।
ਮਾਇਆ ਮੋਹ ਵਿੱਚ ਵੱਧਦਾ ਜਾਂਦਾ ਜੱਗ ਵਿੱਚ ਸਾੜਾ ਹੈ।
ਕੁਦਰਤ ਸੰਗ ਖਿਲਵਾੜ ਕਰਨ ਦਾ ਸਿੱਟਾ ਮਾੜਾ ਹੈ ।
ਆਪਸ ਦੇ ਵਿੱਚ ਜੰਗਾਂ ਵਿੱਚ ਹੁੰਦੀ ਰੋਜ ਤਬਾਹੀ ਹੈ।
ਰੋਜ਼ ਹਜ਼ਾਰਾਂ ਉੱਤੇ ਫਿਰਦੀ ਕਾਲ-ਸਿਆਹੀ ਹੈ ।
ਮੈਂ ਮੇਰੀ ਦਾ ਇਹ ਜਗ ਬਣਿਆ ਵੱਡਾ ਖਾੜਾ ਹੈ।
ਕੁਦਰਤ ਸੰਗ ਖਿਲਵਾੜ ਕਰਨ ਦਾ ਸਿੱਟਾ ਮਾੜਾ ਹੈ ।
ਲੁੱਟਾਂ ਖੋਹਾਂ, ਮਾਰ-ਧਾੜ ਹੈ ਆਮ ਚੁਫੇਰੇ ਵਿੱਚ।
ਭੈਣ-ਭਾਈ, ਪਿਓ-ਪੁੱਤ ਦੇ ਕਾਤਲ ਤੇਰੇ ਮੇਰੇ ਵਿੱਚ।
ਕਾਬਜ਼ੇ ਮੁਲਕ ਇੱਕ-ਦੂਜੇ ਦਾ ਕਰ ਕੂੜ ਕਬਾੜਾ ਹੈ।
ਕੁਦਰਤ ਸੰਗ ਖਿਲਵਾੜ ਕਰਨ ਦਾ ਸਿੱਟਾ ਮਾੜਾ ਹੈ।
ਲਗਦਾ ਹੈ ਇਹ ਮਾਰਧਾੜ ਜਗ ਖਤਮ ਕਰੂ ਇਕ ਦਿਨ।
ਕਿਸਾ ਕੋਹ ਕੋਹ ਦੀਪ ਬਲੂ ਸੱਚ ਹੋ ਕੇ ਰਹੂ ਇਕ ਦਿਨ।
ਖੁਦ ਮਿਟਣੇ ਨੂੰ ਪਾਉਂਦਾ ਬੰਦਾ ਨਵਾਂ ਪੁਆੜਾ ਹੈ ।
ਕੁਦਰਤ ਸੰਗ ਖਿਲਵਾੜ ਕਰਨ ਦਾ ਸਿੱਟਾ ਮਾੜਾ ਹੈ।
-0-

# Guru Har Krishan Sahib Ji

**Gurmat Virsa Bureau**

Guru Har krishan Sahib, the 8th Guru of Sikhs was born on 23.07.1656. Guru Har Rai Sahib and Mata Krishan Kaur were his parents. He was enthroned as eighth Guru of Sikhs on 20.10.1661.

When Baba Ram Rai, his elder brother and elder son of Guru Har Rai Sahib came to know that his younger brother (Guru) Harkrishan Sahib has been enthroned as the successor of Guru Har Rai Sahib, he became furious. In connivance with his uncle Baba Dhir Mal, Baba Ram Rai established proximity with some **Masands and started propagating himself as Guru of Sikhs through them.

---

** Masands were appointed by Guru Sahib in different regions for preaching Sikhism. They preached the teachings of Guru Sahib. They also used to collect the offerings from Sikhs for Guru Sahib.

---

But the Sikhs respected the order / decision of Guru Har Rai Sahib and didn't oblige Baba Ram Rai. At this, he approached Emperor Aurangzeb and complained that being the elder son of Guru Har Rai Sahib he was the rightful heir of throne. He sought the royal help in enthroning him as successor of Guru Har Rai Sahib. Emperor Aurangzeb instructed Raja Mirza Jai Singh to invite Guru Harkrishan Sahib to Delhi. Raja Mirza Jai Singh deputed his Diwan Paras Ram along with 50 soldiers to go to Kiratpur Sahib to request Guru Harkrishan Sahib to visit Delhi. When Sikhs of the region came to know about the visit of Guru,Har Krishan Sahib Ji to Delhi, they assembled in large number at Kiratpur Sahib. Guru Sahib gave endurance to the assembled Sikhs and told them to be calm and quiet. Even then hundreds of Sikhs followed him to Delhi. Before leaving for Delhi, Guru Sahib conveyed a message to the brother of his grandfather Baba (Guru) Tegh Bahadur Sahib at Patna, who was on preaching tour to eastern India to reach Delhi at the earliest possible.

On his way to Delhi, Guru Harkrishan Sahib reached Panjokhra in Ambala District, there lived a Brahmin named Lal Chand. When he saw Guru Harkrishan Sahib, he got very irritated as how a child of such young age can be a Guru! He exclaimed that Sikhs address Guru Sahib to Guru Harkrishan Sahib. If he is Guru, he must interpret the sloakas of Gita pronounced by Sri Krishan in the battle field of Mahabharat. Sikhs narrated the whole instance to Guru Sahib. Guru Sahib invited Brahmin Lal Chand in the congregation and told him that in case he wishes to assess the blessings of Guru Nanak Sahib, he may bring any one in the congregation and with the mercy and blessings of Guru Nanak Sahib Ji all his doubts would be cleared. He brought Bhai Chhajju (a person from low caste) to interpret the sloakas of Gita, who was a chief preacher of Sikhism at Jagannath puri. Bhai Chhajju was very simple in his personal appearance. At that time Bhai Chhajju was serving water in the Langar. Bhai Chhajju started interpreting Sloakas of Gita like a very learned scholar. On listening the interpretation by Bhai Chhajju, Brahmin Lal Chand got ashamed and felt that if such a simple Sikh is able to interpret Gita in such a nice manner, what about other Sikhs. He was impressed and adopted Sikhism as his religion. For his onward journey to Delhi, Guru Sahib asked all the Sikhs except a few prominent to go back to Kiratpur Sahib.

On reaching Delhi, Guru Sahib stayed at the palace of Raja Mirza Jai Singh. At present Gurdwara Bangla Sahib is situated at the place of stay of Guru Sahib. Every day Sikhs from Delhi assembled at the palace of Raja Mirza Jai Singh to have a glimpse of Guru Sahib.

Emperor Aurangzeb sent his son prince Muazzam, who also got ultimate peace of mind on hearing the teachings of Sikhism. Through Prince Muazzam, Guru Sahib conveyed to Emperor Aurangzeb that the throne of Guru is not merely transferable among the members of family. My elder brother Baba Ram Rai has done wrong by making wrong interpretation of Gurbani hence Guru father has disowned him. In this whole episode there is neither any excess to anybody nor any unjust. Prince Muazzam narrated the whole discussions between him and Guru Sahib to Emperor Aurangzeb, who got convinced that no excess has been made to Baba Ram Rai.

During the stay of Guru Sahib, there spread Smallpox all over in Delhi. Guru Sahib started helping and serving the poor and needy there. The amount offered by the Sikhs to Guru Sahib as Dasvandh (1/10th) was spent on this noble cause. Guru Sahib himself visited the places/ areas affected the most. Guru Sahib was carrying with him the clinic established during the period of Guru Arjan Sahib and further extended by his Guru father, Har Rai Sahib Ji. There was a big movement of Sikh Sangat at the palace where Guru Sahib was staying. A large number of people assembled every day and expressed their desire to adopt Sikhism.

Smallpox had widely spread in Delhi. One day, Guru

# ਲੀਚੀ ਦੀ ਤੁੜਾਈ ਅਤੇ ਸਾਂਭ-ਸੰਭਾਲ

**ਇੰਦਰਾ ਦੇਵੀ, ਸੁਮਨਜੀਤ ਕੌਰ ਅਤੇ ਨਵਪ੍ਰੇਮ ਸਿੰਘ**

ਲੀਚੀ ਆਪਣੇ ਆਪ ਪੱਕਣ ਵਾਲਾ ਫਲ (ਨੌਨ-ਕਲਾਈਮੈਟੇਰਿਕ) ਹੋਣ ਕਾਰਨ ਤੁੜਾਈ ਤੋਂ ਬਾਅਦ ਇਸ ਦੀ ਗੁਣਵੱਤਾ ਵਿਚ ਸੁਧਾਰ ਨਹੀਂ ਕੀਤਾ ਜਾ ਸਕਦਾ। ਇਸ ਲਈ ਸਹੀ ਸਮੇਂ 'ਤੇ ਤੁੜਾਈ ਇਸ ਨੂੰ ਲੰਬੇ ਸਮੇਂ ਤੱਕ ਕਮਰੇ ਦੇ ਤਾਪਮਾਨ 'ਤੇ ਰੱਖਣ ਲਈ ਅੱਤ ਜ਼ਰੂਰੀ ਕਾਰਜ ਹੈ। ਇਸ ਫਲ ਨੂੰ ਜ਼ਿਆਦਾ ਸਮੇਂ ਲਈ ਸਟੋਰ ਨਹੀ ਕੀਤਾ ਜਾ ਸਕਦਾ।

ਲੀਚੀ ਆਪਣੇ ਆਪ ਪੱਕਣ ਵਾਲਾ ਫਲ (ਨੌਨ-ਕਲਾਈਮੈਟੇਰਿਕ) ਹੋਣ ਕਾਰਨ ਤੁੜਾਈ ਤੋਂ ਬਾਅਦ ਇਸਦੀ ਗੁਣਵੱਤਾ ਵਿਚ ਸੁਧਾਰ ਨਹੀਂ ਕੀਤਾ ਜਾ ਸਕਦਾ। ਇਸ ਲਈ ਸਹੀ ਸਮੇਂ 'ਤੇ ਤੁੜਾਈ ਇਸ ਨੂੰ ਲੰਬੇ ਸਮੇਂ ਤੱਕ ਕਮਰੇ ਦੇ ਤਾਪਮਾਨ 'ਤੇ ਰੱਖਣ ਲਈ ਅੱਤ ਜ਼ਰੂਰੀ ਕਾਰਜ ਹੈ। ਇਸ ਫਲ ਨੂੰ ਜ਼ਿਆਦਾ ਸਮੇਂ ਲਈ ਸਟੋਰ ਨਹੀ ਕੀਤਾ ਜਾ ਸਕਦਾ। ਲੀਚੀ ਦੇ ਫਲ ਰੁੱਖ ਉੱਪਰ ਫਲ ਨੂੰ ਜ਼ਿਆਦਾ ਸਮਾਂ ਰੱਖਣ ਨਾਲ ਇਹ ਪਾਣੀ ਛੱਡ ਦਿੰਦਾ ਹੈ ਅਤੇ ਜਿਸ ਕਾਰਨ ਦੂਰ ਦੁਰਾਡੇ ਦੀਆਂ ਮੰਡੀਆਂ ਵਿਚ ਪਹੁੰਚਾਣਾ ਔਖਾ ਹੋ ਜਾਂਦਾ ਹੈ। ਫਲਾਂ ਦੀ ਸਹੀ ਸਮੇਂ 'ਤੇ ਤੁੜਾਈ ਲਈ ਕੁੱਝ ਮਾਪਦੰਡ ਬਣਾਏ ਗਏ ਹਨ ਜੋ ਕਿ ਇਸ ਦੀ ਮੰਡੀ ਤੋਂ ਦੂਰੀ ਦੇ ਹਿਸਾਬ ਨਾਲ ਵੰਡੇ ਗਏ ਹਨ। ਇਹ ਫਲ ਪੌਦੇ 'ਤੇ ਸੈੱਟ ਹੋਣ ਤੋਂ ਤਿੰਨ ਮਹੀਨੇ ਬਾਅਦ ਮੰਡੀ ਵਿਚ ਪਹੁੰਚ ਜਾਂਦਾ ਹੈ ਉਥੇ ਜੇ ਇਸ ਨੂੰ ਸਹੀ ਸਮੇਂ 'ਤੇ ਨਾ ਤੋੜਿਆ ਜਾਵੇ ਤਾਂ ਉਚਿੱਤ ਮੁੱਲ ਮਿਲਣਾ ਔਖਾ ਹੋ ਜਾਂਦਾ ਹੈ। ਪਹਿਲਾਂ ਤੋੜੇ ਫਲ ਦੀ ਟੀ ਐਸ ਐਸ, ਐਸਿਡ ਅਨੁਪਾਤ, ਸੁਆਦ ਅਤੇ ਖੁਸ਼ਬੂ ਘੱਟ ਵਿਕਸਤ ਹੁੰਦੀ ਹੈ ਜਦੋਂ ਕਿ ਲੇਟ ਤੋੜਣ ਨਾਲ ਇਹ ਫਲ ਆਪਣਾ ਸੁਆਦ ਅਤੇ ਸਟੋਰ ਹੋਣ ਦਾ ਗੁਣ ਗੁਆ ਲੈਂਦਾ ਹੈ।



**ਫਲ ਦੀ ਤੁੜਾਈ ਦੇ ਸੂਚਕ :** ਲੀਚੀ ਦੀ ਤੁੜਾਈ ਲਈ ਸਭ ਤੋਂ ਪਹਿਲਾਂ ਇਸ ਦਾ ਰੰਗ ਮਹੱਤਵਪੂਰਨ ਸੂਚਕ ਹੈ। ਜਦੋਂ ਇਸ ਦਾ ਬਾਹਰਲਾ ਛਿਲਕਾ ਇਕਸਾਰ ਗਹਿਰਾ ਲਾਲ ਰੰਗ ਫੜ ਲਵੇ ਤਾਂ ਇਹ ਤੁੜਾਈ ਲਈ ਤਿਆਰ ਹਨ। ਦੂਸਰਾ ਤਰੀਕਾ ਹੈ ਇਸ ਦੀ ਟੀ ਐਸ ਐਸ ਭਾਵ ਕੁੱਲ ਸ਼ੂਗਰ ਦੀ ਮਾਤਰਾ ਜਿਸ ਵਿਚ ਕਿ ਸੂਕਰੋਜ਼, ਗਲੂਕੋਜ਼ ਅਤੇ ਫਰੱਕਟੋਜ਼ ਦੀ ਮਾਤਰਾ ਅਲੱਗ-ਅਲੱਗ ਹੁੰਦੀ ਹੈ। ਜੈਵਿਕ ਐਸਿਡ ਮੁੱਖ ਤੌਰ 'ਤੇ ਮੈਲਿਕ ਐਸਿਡ ਦੀ ਮਾਤਰਾ ਵੀ ਮਹੱਤਵਪੂਰਨ ਹੈ। ਸੱਭ ਤੋਂ ਵੱਧ ਭਰੋਸੇਯਗ ਸੂਤਰ ਹੈ ਟਾਈਟਰੇਬਲ ਐਸੀਡਿਟੀ ਅਤੇ ਕੁੱਲ ਘੁਲਣਸ਼ੀਲ ਤਰਲ ਦਾ ਅਨੁਪਾਤ।

ਇਸ ਦੀ ਬਾਹਰਲੀ ਚਮੜੀ 'ਤੇ ਫਲ ਕਈ ਹਿੱਸਿਆਂ ਦਾ ਘੱਟ ਨੁਕੀਲਾ ਹੋਣਾ ਇਕ ਵਧੀਆ ਸੂਚਕ ਹੈ। ਬਹੁਤ ਜ਼ਿਆਦਾ ਪੱਕੇ ਹੋਏ ਫਲ ਮਿੱਠੇ ਹੁੰਦੇ ਹਨ, ਪਰ ਨਰਮ ਪੈ ਜਾਂਦੇ ਹਨ। ਇਸ ਲਈ ਫਲਾਂ ਦੇ ਸਹੀ ਸਮੇਂ 'ਤੇ ਤੁੜਾਈ ਲਈ ਇਸਦਾ ਆਕਾਰ, ਰੰਗ, ਸ਼ੂਗਰ (18-20 ਬ੍ਰਿਕਸ) ਅਤੇ ਸੁਆਦ ਦਾ ਖਾਸ ਧਿਆਨ ਰੱਖਿਆ ਜਾਵੇ।

**ਤੁੜਾਈ ਦਾ ਸਹੀ ਸਮਾਂ :** ਲੀਚੀ ਇਕ ਜਲਦੀ ਖਰਾਬ ਹੋਣ ਵਾਲਾ ਫਲ ਹੋਣ ਕਾਰਨ ਇਸ ਨੂੰ ਕਮਰੇ ਦੇ ਤਾਪਮਾਨ 'ਤੇ ਜ਼ਿਆਦਾ ਸਮੇਂ ਲਈ ਸਟੋਰ ਨਹੀਂ ਕੀਤਾ ਜਾ ਸਕਦਾ। ਇਸ ਲਈ ਇਸ ਫਲ ਦੀ ਤੁੜਾਈ ਕਰਨ ਵੇਲੇ ਆਵਾਜਾਈ ਦੇ ਸਾਧਨ, ਮੌਸਮ, ਮੰਡੀ ਦੀ ਮੰਗ ਆਦਿ ਦਾ ਖਾਸ ਧਿਆਨ ਰੱਖਿਆ ਜਾਵੇ। ਤੁੜਾਈ ਲਈ ਸਭ ਤੋਂ ਢੁੱਕਵਾਂ ਸਮਾਂ ਸਵੇਰ ਦਾ ਹੈ। ਜਿਸ ਖੇਤਰ ਵਿਚ ਰਾਤ ਨੂੰ ਆਵਾਜਾਈ ਦੀ ਜ਼ਰੂਰਤ ਹੋਵੇ ਉੱਥੇ ਸਿਖਰ ਦੁਪਹਿਰ ਵਿਚ ਤੁੜਾਈ ਤੋਂ ਪਰਹੇਜ਼ ਕਰੋ। ਸਵੇਰੇ ਜਲਦੀ ਅਤੇ ਸ਼ਾਮ ਨੂੰ ਠੰਡੇ ਸਮੇਂ ਫਲਾਂ ਦੀ ਤੁੜਾਈ ਇਸ ਵਿਚ ਪਾਣੀ ਦੀ ਮਾਤਰਾ ਨੂੰ ਵਧਾਉਂਦੀ ਜਿਸ ਕਾਰਨ ਇਹ ਜਲਦੀ ਖਰਾਬ ਨਹੀਂ ਹੁੰਦੇ। ਦੂਰ ਦੀਆਂ ਮੰਡੀਆਂ ਵਿਚ ਲੈ ਕੇ ਜਾਣ ਲਈ ਭੰਡਾਰਨ ਅਤੇ ਪੈਕਿੰਗ ਸੈਂਟਰ ਦੀ ਸੁਵਿਧਾ ਲਾਜ਼ਮੀ ਹੈ।

**ਤੁੜਾਈ** : ਵਧੀਆਂ ਗੁਣਕਾਰੀ ਫਲ ਲੈਣ ਲਈ, ਸਹੀ ਸਮੇਂ 'ਤੇ ਪੱਕਣ ਵਾਲੇ ਫਲਾਂ ਦੀ ਚੋਣ ਕਰਨੀ ਅੱਤ ਜ਼ਰੂਰੀ ਹੈ ਕਿਉਕਿ ਲੀਚੀ ਦੇ ਸਾਰੇ ਫਲ ਬੂਟੇ 'ਤੇ ਇਕੋ ਸਮੇਂ 'ਤੇ ਨਹੀ ਪੱਕਦੇ। ਇਸ ਲਈ ਇਕੋ ਬੂਟੇ ਉੱਪਰ ਕੁੱਝ ਦਿਨਾਂ ਦੇ ਵਕਫੇ 'ਤੇ ਦੋ ਜਾਂ ਤਿੰਨ ਵਾਰ ਤੁੜਾਈ ਕਰੋ। ਥੋੜੇ ਜਿਹੇ ਪੱਤਿਆਂ ਦੇ ਨਾਲ ਲੀਚੀ ਦੇ ਫਲ ਦੇ ਗੁੱਛਿਆਂ ਨੂੰ ਤੋੜੋ। ਤੁੜਾਈ ਲਈ ਪਿਕਿੰਗ ਪਲੇਟਫਾਰਮ ਜਾਂ ਪੌੜੀਆਂ ਦੀ ਵਰਤੋਂ ਕਰੋ। ਗੁੱਛਿਆਂ ਨੂੰ ਜ਼ਮੀਨ 'ਤੇ ਡਿੱਗਣ ਤੋਂ ਬਚਾਉਣ ਲਈ ਕੱਪੜੇ ਦੀਆਂ ਝੋਲੀਆਂ ਜਾਂ ਪਲਾਸਟਿਕ ਦੇ ਕਰੇਟਾਂ ਦੀ ਵਰਤੋਂ ਕਰੋ। ਫਲਾਂ ਨੂੰ ਦਾਗ ਧੱਬਿਆਂ ਤੋਂ ਬਚਾਉ।

**ਦਰਜਾਬੰਦੀ :** ਇਸ ਫਲ ਦੀ ਆਕਾਰ, ਰੰਗ ਅਤੇ ਭਾਰ ਦੇ ਹਿਸਾਬ ਨਾਲ ਦਰਜਾਬੰਦੀ ਕੀਤੀ ਜਾਂਦੀ ਹੈ। ਆਮ ਤੌਰ 'ਤੇ ਦਰਜਾਬੰਦੀ ਛਟਾਈ ਦੇ ਦੌਰਾਨ ਹੀ ਕਰ ਲਈ ਜਾਂਦੀ ਹੈ। ਖਰਾਬ ਫਲਾਂ ਨੂੰ ਸ਼ੁਰੂ ਵਿਚ ਹੀ ਕੱਢ ਦਿਉ। ਦੋ ਜਾਂ ਤਿੰਨ ਤਰ੍ਹਾਂ ਦੀ ਦਰਜਾਬੰਦੀ ਮੰਡੀ ਦੀ ਜ਼ਰੂਰਤ ਦੇ ਹਿਸਾਬ ਨਾਲ ਕੀਤੀ ਜਾਂਦੀ ਹੈ। ਨਿਰਯਾਤ ਮੰਡੀ ਵਿਚ ਘਰੇਲੂ ਮੰਡੀ ਤੋਂ ਉੱਚੇ ਮਿਆਰ ਦੇ ਫਲ ਹੋਣ ਕਾਰਨ ਵੱਧ ਭਾਅ ਮਿਲ ਜਾਂਦਾ ਹੈ।

**ਲੀਚੀ ਦੀ ਪੈਕਿੰਗ :** ਆਮ ਤੌਰ 'ਤੇ ਵਪਾਰੀ ਜੂਟ ਦੀਆਂ ਬੋਰੀਆਂ ਵਿਚ ਫਲਾਂ ਦਾ ਮੰਡੀਕਰਨ ਕਰਦੇ ਹਨ ਜੋ ਕਿ ਫਲਾਂ ਦੇ ਭੰਡਾਰਨ 'ਤੇ ਬਹੁਤ ਬੁਰਾ ਅਸਰ ਪਾਉਂਦੇ ਹਨ। ਲੀਚੀ ਦੇ ਮੰਡੀਕਰਨ ਲਈ ਗੱਤੇ ਦੇ ਡੱਬਿਆਂ ਦੀ ਵਰਤੋਂ ਸਭ ਤੋਂ ਵੱਧ ਲਾਹੇਵੰਦ ਹੈ।

-ਐਮ. ਐਸ. ਰੰਧਾਵਾ ਫਲ ਖੋਜ ਕੇਂਦਰ, ਗੰਗੀਆਂ

Sahib caught severe fever with signs of smallpox on his body. Baba (Guru) Tegh Bahadur reached Delhi on 7th April,1664. Considering the end of his life approaching near, Guru Sahib explained and assigned the responsibility of Guruship, to (Guru) Tegh Bahadur sahib and sent him to Baba Bakala on 8th April, 1664. On 16th April,1664 he left for his heavenly abode by telling the Sikhs " BABA resides IN BAKALA" (bwbw bsY grwm bkwly) which meant " the successor and 9th Guru is living in Bakala". At the place of cremation of Guru Harkrishan Sahib a beautiful Gurdwara was constructed by Sikhs named – Bala Sahib is situated.

-0-

ਸਿਹਤ ਸੰਭਾਲ

# ਹੱਡੀਆਂ ਦਾ ਕਮਜ਼ੋਰ ਹੋਣਾ

ਡਾ. ਅਜੀਤਪਾਲ ਸਿੰਘ ਐਮ. ਡੀ.
98156 29301

## (ਓਸਟੀਓਪਰੋਰੋਸਿਸ) ਦੇ ਕਾਰਨ ਲੱਛਣ,ਇਲਾਜ ਤੇ ਉਪਾਅ

ਓਸਟੀਓਪੋਰੋਸਿਸ ਇੱਕ ਅਜਿਹੀ ਸਥਿਤੀ ਹੈ ਜੋ ਉਦੋਂ ਵਿਕਸਤ ਹੁੰਦੀ ਹੈ ਜਦੋਂ ਹੱਡੀ ਦੀ ਘਣਤਾ ਘੱਟ ਜਾਂਦੀ ਹੈ ਅਤੇ ਹੱਡੀਆਂ ਦਾ ਉਤਪਾਦਨ ਕਾਫ਼ੀ ਘੱਟ ਜਾਂਦਾ ਹੈ। ਇਹ ਮਰਦਾਂ ਅਤੇ ਔਰਤਾਂ ਦੋਵਾਂ ਨੂੰ ਪ੍ਰਭਾਵਿਤ ਕਰਦਾ ਹੈ। ਪਰ, ਔਰਤਾਂ, ਖਾਸ ਤੌਰ 'ਤੇ ਮੀਨੋਪੌਜ਼ ਤੋਂ ਬਾਅਦ, ਓਸਟੀਓਪੋਰੋਸਿਸ ਦੇ ਵਿਕਾਸ ਦੇ ਵਧੇਰੇ ਜੋਖਮ 'ਤੇ ਹੁੰਦੀਆਂ ਹਨ। ਇਹ ਐਸਟ੍ਰੋਜਨ ਦੇ ਪੱਧਰ ਵਿੱਚ ਅਚਾਨਕ ਕਮੀ ਦੇ ਕਾਰਨ ਹੈ ਜੋ ਆਮ ਤੌਰ 'ਤੇ ਓਸਟੀਓਪੋਰੋਸਿਸ ਤੋਂ ਬਚਾਉਂਦਾ ਹੈ। ਜਿਵੇਂ-ਜਿਵੇਂ ਤੁਹਾਡੀ ਉਮਰ ਵਧਦੀ ਜਾਂਦੀ ਹੈ, ਹੱਡੀਆਂ ਕਮਜ਼ੋਰ ਹੋਣ ਲੱਗਦੀਆਂ ਹਨ ਅਤੇ ਉਨ੍ਹਾਂ ਦੀ ਘਣਤਾ ਘਟ ਜਾਂਦੀ ਹੈ, ਜਿਸ ਨਾਲ ਥੋੜ੍ਹੇ ਜਿਹੇ ਡਿੱਗਣ ਜਾਂ ਮਾਮੂਲੀ ਦਸਤਕ ਨਾਲ ਵੀ ਫ੍ਰੈਕਚਰ ਦਾ ਵਧੇਰੇ ਜੋਖਮ ਹੁੰਦਾ ਹੈ।

**ਓਸਟਿਓਪੋਰੋਸਿਸ ਦੇ ਲੱਛਣ :**

ਹੱਡੀਆਂ ਦੇ ਨੁਕਸਾਨ ਦੇ ਸ਼ੁਰੂਆਤੀ ਪੜਾਵਾਂ ਵਿੱਚ, ਕੋਈ ਵੀ ਲੱਛਣ ਦਿਖਾਈ ਨਹੀਂ ਦਿੰਦੇ ਹਨ। ਪਰ ਇੱਕ ਵਾਰ ਓਸਟੀਓਪੋਰੋਸਿਸ ਦੁਆਰਾ ਹੱਡੀ ਕਮਜ਼ੋਰ ਹੋ ਜਾਂਦੀ ਹੈ, ਹੇਠ ਲਿਖੇ ਲੱਛਣ ਹੋ ਸਕਦਾ ਹੈ:-

* ਝੁਕਣ ਵਾਲੀ ਸਥਿਤੀ ਢੂਹੀ ਜਾਂ ਟੁੱਟੇ ਹੋਏ ਵਰਟੀਬਰਾ ਦੇ ਕਾਰਨ

* ਪਿੱਠ ਵਿੱਚ ਦਰ ਮਾਮੂਲੀ ਗਿਰਾਵਟ ਕਾਰਨ ਹੱਡੀ ਟੁੱਟ ਜਾਂਦੀ ਹੈ

* ਉਚਾਈ ਦਾ ਨੁਕਸਾਨ

* ਜੇ ਤੁਸੀਂ ਕਈ ਮਹੀਨਿਆਂ ਤੋਂ ਕੋਰਟੀਕੋਸਟੀਰੋਇਡਜ਼ ਲੈਂਦੇ ਹੋ ਜਾਂ ਛੇਤੀ ਮੇਨੋਪੌਜ਼ ਤੋਂ ਲੰਘ ਰਹੇ ਹੋ ਤਾਂ ਤੁਹਾਨੂੰ ਓਸਟੀਓਪੋਰੋਸਿਸ ਬਾਰੇ ਡਾਕਟਰ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ। ਨਾਲ ਹੀ, ਜੇਕਰ ਤੁਹਾਡੇ ਮਾਤਾ-ਪਿਤਾ ਵਿੱਚੋਂ ਕਿਸੇ ਦੇ ਵੀ ਕਮਰ ਦੇ ਫ੍ਰੈਕਚਰ ਹਨ, ਤਾਂ ਤੁਹਾਨੂੰ ਡਾਕਟਰ ਨੂੰ ਮਿਲਣਾ ਚਾਹੀਦਾ ਹੈ।

**ਕਾਰਨ:**

ਤੁਹਾਡਾ ਸਰੀਰ ਲਗਾਤਾਰ ਪੁਰਾਣੀਆਂ ਹੱਡੀਆਂ ਨੂੰ ਤੋੜ ਕੇ ਨਵੀਂ ਹੱਡੀ ਬਣਾ ਰਿਹਾ ਹੈ। ਜਦੋਂ ਤੁਸੀਂ ਜਵਾਨ ਹੁੰਦੇ ਹੋ,ਤਾਂ ਇਹ ਪ੍ਰਕਿਰਿਆ ਬਹੁਤ ਤੇਜ਼ ਹੁੰਦੀ ਹੈ ਨਤੀਜੇ ਵਜੋਂ ਹੱਡੀਆਂ ਦਾ ਪੁੰਜ ਵਧਦਾ ਹੈ। ਆਪਣੇ 20 ਦੇ ਦਹਾਕੇ 'ਤੇ, ਲੋਕ ਆਪਣੇ ਸਰੀਰ ਦੇ ਪੁੰਜ ਦੇ ਸਿਖਰ 'ਤੇ ਪਹੁੰਚ ਜਾਂਦੇ ਹਨ. ਜਿਵੇਂ-ਜਿਵੇਂ ਅਸੀਂ ਬੁੱਢੇ ਹੋਣ ਲੱਗਦੇ ਹਾਂ ਇਹ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ ਅਤੇ ਹੱਡੀਆਂ ਦਾ ਪੁੰਜ ਸਰੀਰ ਦੇ ਉਤਪਾਦਨ ਨਾਲੋਂ ਤੇਜ਼ੀ ਨਾਲ ਖਤਮ ਹੋ ਜਾਂਦਾ ਹੈ।

ਕੀ ਤੁਸੀਂ ਓਸਟੀਓਪੋਰੋਸਿਸ ਵਿਕਸਿਤ ਕਰੋਗੇ ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਆਪਣੀ ਜਵਾਨੀ ਵਿੱਚ ਪੁੰਜ ਕਿਵੇਂ ਪ੍ਰਾਪਤ ਕੀਤਾ ਸੀ। ਜੇ ਤੁਹਾਡੇ ਕੋਲ ਉੱਚ ਪੀਕ





ਬੋਨ ਪੁੰਜ ਹੈ, ਤਾਂ ਤੁਹਾਡੇ ਕੋਲ ਬੈਂਕ ਵਿੱਚ ਜ਼ਿਆਦਾ ਹੱਡੀਆਂ ਦਾ ਪੁੰਜ ਹੋਵੇਗਾ ਅਤੇ ਤੁਹਾਨੂੰ ਇਸ ਸਥਿਤੀ ਦੇ ਵਿਕਾਸ ਦੀ ਸੰਭਾਵਨਾ ਘੱਟ ਹੋਵੇਗੀ।

ਓਸਟੀਓਪਰੋਰਰੋਸਿਸ ਦੇ ਜੋਖਮ ਦੇ ਕਾਰਕ

ਕੁਝ ਕਾਰਕ ਹਨ ਜੋ ਤੁਹਾਨੂੰ ਸਥਿਤੀ ਦੇ ਵਿਕਾਸ ਦੇ ਉੱਚ ਜੋਖਮ 'ਤੇ ਪਾਉਂਦੇ ਹਨ।

**ਨਾ ਬਦਲਣਯੋਗ ਜੋਖਮ:**

* ਲਿੰਗ - ਔਰਤਾਂ ਵਿੱਚ ਸਥਿਤੀ ਵਿਕਸਿਤ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ ਉਮਰ - ਤੁਸੀਂ ਜਿੰਨੀ ਵੱਡੀ ਉਮਰ ਪ੍ਰਾਪਤ ਕਰੋਗੇ, ਓਨਾ ਹੀ ਵੱਡਾ ਜੋਖਮ ਹੋਵੇਗਾ ਲ

* ਨਸਲ - ਗੋਰੇ ਜਾਂ ਏਸ਼ੀਅਨ ਲੋਕਾਂ ਨੂੰ ਸਥਿਤੀ ਵਿਕਸਿਤ ਹੋਣ ਦਾ ਵਧੇਰੇ ਜੋਖਮ ਹੁੰਦਾ ਹੈ।

* ਪਰਿਵਾਰਕ ਇਤਿਹਾਸ - ਜੇਕਰ ਤੁਹਾਡੀ ਮਾਂ ਜਾਂ ਪਿਤਾ ਦੀ ਕਮਰ ਫ੍ਰੈਕਚਰ ਸੀ, ਜਾਂ ਇਸ ਸਥਿਤੀ ਨਾਲ ਕੋਈ ਨਜ਼ਦੀਕੀ ਰਿਸ਼ਤੇਦਾਰ ਹੈ, ਤਾਂ ਤੁਹਾਨੂੰ ਇਹ ਸਥਿਤੀ ਵਿਕਸਿਤ ਹੋਣ ਦੀ ਜ਼ਿਆਦਾ ਸੰਭਾਵਨਾ ਹੈ।

* ਬਾਡੀ ਫ੍ਰੇਮ - ਛੋਟੇ ਸਰੀਰ ਦੇ ਫਰੇਮਾਂ ਵਾਲੇ ਲੋਕਾਂ ਦੀ ਹੱਡੀਆਂ ਦਾ ਪੁੰਜ ਘੱਟ ਹੁੰਦਾ ਹੈ ਜਿਸ ਨਾਲ ਉਹ ਓਸਟੀਓਪੋਰੋਸਿਸ ਲਈ ਵਧੇਰੇ ਕਮਜ਼ੋਰ ਹੁੰਦੇ ਹਨ।

* ਹਾਰਮੋਨ ਦੇ ਪੱਧਰ-

ਬਹੁਤ ਘੱਟ ਜਾਂ ਬਹੁਤ ਜ਼ਿਆਦਾ ਹਾਰਮੋਨ ਓਸਟੀਓਪੋਰੋਸਿਸ ਦੇ ਜੋਖਮ ਨੂੰ ਵਧਾ ਸਕਦੇ ਹਨ

* ਸੈਕਸ ਹਾਰਮੋਨ - ਸੈਕਸ ਹਾਰਮੋਨ ਦਾ ਘੱਟ ਪੱਧਰ ਹੱਡੀਆਂ ਨੂੰ ਕਮਜ਼ੋਰ ਕਰ ਸਕਦਾ ਹੈ।

* ਥਾਇਰਾਇਡ ਦੀਆਂ ਸਮੱਸਿਆਵਾਂ - ਥਾਇਰਾਇਡ ਹਾਰਮੋਨ ਦਾ ਉੱਚ ਪੱਧਰ ਹੱਡੀਆਂ ਦੇ ਨੁਕਸਾਨ ਦਾ ਕਾਰਨ ਬਣ ਸਕਦਾ ਹੈ।

* ਹੋਰ ਗ੍ਰੰਥੀਆਂ - ਓਵਰਐਕਟਿਵ ਐਡਰੀਨਲ ਅਤੇ ਪੈਰਾਥਾਈਰੋਇਡ ਗ੍ਰੰਥੀਆਂ ਨੂੰ ਓਸਟੀਓਪੋਰੋਸਿਸ ਨਾਲ ਜੋੜਿਆ ਗਿਆ ਹੈ।


**ਖੁਰਾਕ ਦੇ ਕਾਰਕ:**

ਤੁਹਾਨੂੰ ਓਸਟੀਓਪੋਰੋਸਿਸ ਲਈ ਵਧੇਰੇ ਕਮਜ਼ੋਰ ਬਣਾਉਣ ਲਈ ਜ਼ਿੰਮੇਵਾਰ ਖੁਰਾਕ ਸੰਬੰਧੀ ਕਾਰਕ ਇਹ ਹਨ :

* ਘੱਟ ਕੈਲਸ਼ੀਅਮ ਦਾ ਸੇਵਨ - ਘੱਟ ਕੈਲਸ਼ੀਅਮ ਦੇ ਨਤੀਜੇ ਵਜੋਂ ਹੱਡੀਆਂ ਦਾ ਛੇਤੀ ਨੁਕਸਾਨ ਹੁੰਦਾ ਹੈ, ਹੱਡੀਆਂ ਦੀ ਘਣਤਾ ਘਟ ਜਾਂਦੀ ਹੈ ਅਤੇ ਫ੍ਰੈਕਚਰ ਦੇ ਵਧੇ ਹੋਏ ਜੋਖਮ ਹੁੰਦੇ ਹਨ। ਖਾਣ ਦੀਆਂ ਵਿਕਾਰ - ਘੱਟ ਭਾਰ ਹੋਣ

ਬਾਕੀ ਸਫਾ 42 'ਤੇ

# ਗੁਰਮਤਿ ਸੰਜੋਗ



ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

## ਲਾੜੀ ਦੀ ਲੋੜ

**ਫਾਰਮ ਨੰ. 303**
ਲੁਧਿਆਣਾ ਵਾਸੀ ਗੁਰਸਿੱਖ, ਜਨਮ ਮਿਤੀ 11-12-82, ਕੱਦ 5'-8", Qualification BHMS, MD, ਹੋਮਿਊਪੈਥੀ ਡਾਕਟਰ ਆਪਣਾ ਕਲੀਨਿਕ ਲਈ ਯੋਗ ਕੰਨਿਆ ਦੀ ਲੋੜ ਹੈ। ਸੰਪਰਕ: 94639-11443, 94640-39043

**ਫਾਰਮ ਨੰ. 373:** ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 6 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

**ਫਾਰਮ ਨੰ. 375:** Ludhiana Area, DOB 23-03-94, Hight 6'-2" Doing MD (Medicine) 2nd Year Want a Doctor Girl Should Be Gursikh either MD (Clinical) or Doing MD. Contact: 98550-10569, 87288-00569

**ਫਾਰਮ ਨੰ. 376:** ਲੁਧਿਆਣਾ ਵਾਸੀ, ਜਨਮ ਮਿਤੀ 27-4-83, ਕੱਦ 5'-9", Diploma in Software/Hardware, Occupation Auditor ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ : 75890-64853

**ਫਾਰਮ ਨੰ. 377:** ਜਲੰਧਰ ਵਾਸੀ, ਗੁਰਸਿੱਖ ਪਰਿਵਾਰ ਦੇ ਦੋ ਪੁੱਤਰ ਵੱਡਾ ਕੈਨੇਡਾ PR, ਉਮਰ 29 ਸਾਲ, ਕੱਦ 5'-9", M.Sc., ਛੋਟਾ ਪੰਜਾਬ ਵਿਚ ਕਾਰੋਬਾਰੀ, ਉਮਰ 26 ਸਾਲ, ਕੱਦ 5'-6", B.Com ਲਈ ਯੋਗ ਲੜਕੀਆਂ ਦੀ ਲੋੜ ਹੈ। ਸੰਪਰਕ: 92168-12358

**ਫਾਰਮ ਨੰ. 378:** Gursikh Issueless Divorcee, Jan. 1984, 5'-8" MBA, B.Tech, Working Top Company Mumbai, Very Decent Package, Required Homely, Unmarried/ Issueless, Divorcee/Widow Without Children Preferred. Parents Ludhiana Based. Contact: 98721-83880

**ਫਾਰਮ ਨੰ. 379:** ਲੁਧਿਆਣਾ ਵਾਸੀ, ਜਨਮ ਮਿਤੀ 1-6-1986, ਕੱਦ 5'-11", MBA, MDH ਕੰਪਨੀ ਵਿਚ ਨੌਕਰੀ, ਸੈਲਰੀ 33,000/- ਆਪਣਾ ਘਰ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98141-82370

**ਫਾਰਮ ਨੰ. 380:** ਭਿੱਖੀਵਿੰਡ ਵਾਸੀ, ਜਨਮ ਮਿਤੀ 8-12-1995, ਕੱਦ 5'-11", MA-History, Job in ICICI Bank, ਸੈਲਰੀ 28,000/- 5 ਏਕੜ ਜ਼ਮੀਨ ਲਈ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 85679-70737

**ਫਾਰਮ ਨੰ. 381:** ਲੁਧਿਆਣਾ ਵਾਸੀ, ਜਨਮ ਮਿਤੀ 12-12-1993, ਕੱਦ 5'-6", +2, ਆਪਣੀ ਗੋਲਡ ਜਵੈਲਰੀ ਦੀ ਦੁਕਾਨ, ਸੰਪਰਕ: 81465-40125, 82890-80662

**ਫਾਰਮ ਨੰ. 383:** ਲੁਧਿਆਣਾ ਵਾਸੀ, ਜਨਮ ਮਿਤੀ 10-02-1991, ਕੱਦ 5'-8", B.Tech (Mech.) ਆਪਣਾ ਕਾਰੋਬਾਰ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 98146-47179

**ਫਾਰਮ ਨੰ. 384:** ਜਨਮ ਮਿਤੀ 27-10-1991, ਕੱਦ 5'-9", BBA, ਆਪਣਾ ਕਾਰੋਬਾਰ Running Hotel on Lease ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 70096-42659

**ਫਾਰਮ ਨੰ. 385:** ਅਮਰੀਕਾ ਨਾਗਰਿਕ, ਜਨਮ ਮਿਤੀ 01-05-1996, ਕੱਦ 5'-9", Qualification B-Pharmacy, ਲਈ ਯੋਗ ਲੜਕੀ ਦੀ ਲੋੜ ਹੈ ਨਰਸਿੰਗ ਕੀਤੀ ਲੜਕੀ ਨੂੰ ਪਹਿਲ। ਸੰਪਰਕ: 99887-78082, +1-848-235-8564

**ਫਾਰਮ ਨੰ. 386:** ਲੁਧਿਆਣਾ ਵਾਸੀ, ਜਨਮ ਮਿਤੀ 31-7-1993, ਕੱਦ 5'-7", Qualification 10+2, Private Job Electrical Material Marketing Salary 45,000/- ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 95017-44821

**ਫਾਰਮ ਨੰ. 387:** ਲੁਧਿਆਣਾ ਵਾਸੀ, ਜਨਮ ਮਿਤੀ 25-12-1990, ਕੱਦ 6'-0", Qualification B.Sc., own Medical Shop & many other properties, Good Income ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ: 99885-18270, 85286-59090

**ਫਾਰਮ ਨੰ. 388:** ਲੁਧਿਆਣਾ ਵਾਸੀ, ਜਨਮ ਮਿਤੀ 04-08-1995, ਕੱਦ 5'-10", Qualification +2, Private Job, Salary 18000/- ਅੰਮ੍ਰਿਤਧਾਰੀ ਲਈ ਅੰਮ੍ਰਿਤਧਾਰੀ, ਦੁਮਾਲਾ ਵਾਲੀ ਯੋਗ ਲੜਕੀ ਦੀ ਲੋੜ ਹੈ। ਸੰਪਰਕ: 93592-20005, 75084-21123

**ਫਾਰਮ ਨੰ. 389:** ਲੁਧਿਆਣਾ ਵਾਸੀ, ਜਨਮ ਮਿਤੀ 01-07-1991, ਕੱਦ 5'-6", Qualification B.A, Occupation Accountant ਲਈ ਗੁਰਸਿੱਖ, ਅੰਮ੍ਰਿਤਧਾਰੀ, ਲੜਕੀ ਦੀ ਲੋੜ ਹੈ। ਸੰਪਰਕ 99880-41300, 99154-41932

**ਫਾਰਮ ਨੰ. 390:** ਲੁਧਿਆਣਾ ਵਾਸੀ, ਜਨਮ ਮਿਤੀ 26-5-1993, ਕੱਦ 5'-7", Qualification Master in Big Analytics (Hons.) Occupation Data Analytics at Canada Post ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 95018-79056

**ਫਾਰਮ ਨੰ. 391:** ਲੁਧਿਆਣਾ ਵਾਸੀ, ਜਨਮ ਮਿਤੀ 4-7-1995, ਕੱਦ 5'-6", Qualification BA, Business Own Pipe Shop at Ludhiana ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ 94643-54516, 98729-36952

**ਫਾਰਮ ਨੰ. 391:** ਸਰਹਿੰਦ ਵਾਸੀ, ਜਨਮ ਮਿਤੀ 14-11-1993, ਕੱਦ 5'-10", Qualification B.Com, Private Job Assistant Agriculture Department ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ 95404-89803

**ਫਾਰਮ ਨੰ. 392:** ਲੁਧਿਆਣਾ ਵਾਸੀ, ਜਨਮ ਮਿਤੀ 12-11-94, ਕੱਦ 5'-4", Qualification B.com, MBA, Business, ਲਈ ਯੋਗ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਸੰਪਰਕ: 98885-17812

**ਫਾਰਮ ਨੰ. 393:** ਹਰੀਕੇ (ਤਰਨਤਾਰਨ) ਵਾਸੀ, ਜਨਮ ਮਿਤੀ 28-4-1993, ਕੱਦ 5'-7" ਪੜ੍ਹਾਈ B.A., Art & Craft Diploma 2 years, Self Employee ਗੁਰਸਿੱਖ ਅੰਮ੍ਰਿਤਧਾਰੀ ਲੜਕੇ ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 9876738466

**ਫਾਰਮ ਨੰ. 395:** ਲੁਧਿਆਣਾ ਵਾਸੀ, ਜਨਮ ਮਿਤੀ 2 ਅਪ੍ਰੈਲ 1992, ਕੱਦ 5'-8", ਪੜ੍ਹਾਈ MA (Pol Science), ਆਪਣਾ ਕਾਰੋਬਾਰ, ਆਮਦਨ 1.50 ਲੱਖ ਮਹੀਨਾ, ਗੁਰਸਿੱਖ ਲੜਕੇ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 78891-78322, 98155-68161 (ਵਟਸਐਪ)

**ਫਾਰਮ ਨੰ. 396:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 27-08-1994, ਕੱਦ 6'-1", MBBS Doctor, Currently working on CMO post in ESI Hospital Delhi, ਅੰਮ੍ਰਿਤਧਾਰੀ ਲੜਕੇ ਲਈ ਯੋਗ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ : 94170-41847

**ਫਾਰਮ ਨੰ. 398:** ਲੁਧਿਆਣਾ ਵਾਸੀ, ਜਨਮ ਮਿਤੀ 20-12-1994, ਕੱਦ 5'-6", B.com, Business Electrical Shop, Income 8-10 Lacs Per Annum, ਅੰਮ੍ਰਿਤਧਾਰੀ ਲੜਕੇ ਲਈ ਯੋਗ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ : 90447-72948 -0-

**ਫਾਰਮ ਨੰ. 399:** ਫਗਵਾੜਾ ਵਾਸੀ, ਜਨਮ ਮਿਤੀ 1999, ਕੱਦ 6'-2", 10+2, 50 ਏਕੜ ਜ਼ਮੀਨ, ਅਮਰੀਕਾ ਤੇ ਕੈਨੇਡਾ ਦਾ 10 ਸਾਲਾ ਵੀਜ਼ਾ ਲਈ ਯੋਗ ਲੜਕੀ ਦੀ ਲੋੜ ਹੈ। ਸੰਪਰਕ : 99140-08017 -0-

## ਲਾੜੇ ਦੀ ਲੋੜ

**ਫਾਰਮ ਨੰ. 364:** ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Govt. Teacher ਲਈ ਲੜਕੇ ਦੀ ਲੋੜ ਹੈ। ਕੇਵਲ ਲੁਧਿਆਣਾ ਜ਼ਿਲ੍ਹੇ ਵਾਲੇ ਹੀ ਸੰਪਰਕ ਕਰਨ: 95018-94943, 98765-55925

**ਫਾਰਮ ਨੰ. 394:** ਲੁਧਿਆਣਾ ਵਾਸੀ, ਜਨਮ 1982, B.A., Fashion Designer ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 99153-12064

**ਫਾਰਮ ਨੰ. 397:** ਹੁਸ਼ਿਆਰਪੁਰ ਵਾਸੀ, ਜਨਮ ਮਿਤੀ 13-09-1993, ਕੱਦ 5'-7" MBBS Doctor, Currently working in Apollo Hospital, Delhi ਲਈ ਯੋਗ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ : 94170-41847

-0-

# ਮਈ ਮਹੀਨੇ ਦੀਆਂ ਸਰਗਰਮੀਆਂ

**ਮਾਝਾ:-**

**1. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 8 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਬਾਣੀ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇੱਕ ਸਕੂਲ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

**2. ਪਰਿੰਗੜੀ (95923-67125, 98718-09216)-** ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵਲੋਂ ਹਰ ਐਤਵਾਰ ਨੂੰ ਬੱਚਿਆਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਜਾਂਦੀ ਹੈ। ਹਰ ਸ਼ਨਿਚਰਵਾਰ ਨੂੰ ਗ੍ਰੰਥੀ ਸਿੰਘ ਭਾਈ ਜਸਵਿੰਦਰ ਸਿੰਘ ਗੁਰਬਾਣੀ ਸੰਥਿਆ ਦੀ ਕਲਾਸ ਲਗਾਉਂਦੇ ਹਨ। ਦੋਵੇਂ ਦਿਨਾਂ ਵਿੱਚ ਤਕਰੀਬਨ 30-40 ਵਿਦਿਆਰਥੀ ਹਾਜ਼ਰੀ ਭਰਦੇ ਹਨ।

**3. ਭੈਲ ਢਾਏ ਵਾਲਾ (ਤਰਨਤਾਰਨ) (73476-95174)-** ਕੇਂਦਰ ਦੇ ਪ੍ਰਚਾਰਕ ਭਾਈ ਹਰਦੀਪ ਸਿੰਘ ਵਲੋਂ ਹਰ ਰੋਜ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਐਤਵਾਰ ਗੁਰਦੁਆਰਾ ਸਾਹਿਬ ਵਿਖੇ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜਰੀ ਭਰੀ।

**ਮਾਲਵਾ:-**

**4. ਗਰੇਸ ਪਬਲਿਕ ਸਕੂਲ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਗਰੇਸ ਪਬਲਿਕ ਸਕੂਲ ਵਿਖੇ ਸਵੇਰ ਦੀ ਸਭਾ ਵਿੱਚ ਬੱਚਿਆਂ ਨੂੰ ਜਪੁਜੀ ਸਾਹਿਬ ਦਾ ਪਾਠ ਕਰਵਾਇਆ ਜਾਂਦਾ ਹੈ। ਗੁਰਮਤਿ ਦੀ ਵਿਦਿਆ ਦੇ ਨਾਲ-ਨਾਲ ਸਕੂਲ ਵਿੱਚ ਬੱਚਿਆਂ ਨੂੰ ਨੈਤਿਕ ਵਿਦਿਆ ਵੀ ਦਿੱਤੀ ਜਾਂਦੀ ਹੈ। ਸਕੂਲ ਵਿੱਚ ਬੱਚਿਆਂ ਨੂੰ ਸਹਿਜ ਪਾਠ ਨਾਲ ਜੋੜਿਆ ਜਾਂਦਾ ਹੈ। ਸ਼ਹੀਦੀ ਵਿਸ਼ਿਆਂ ਤੇ ਗੁਰਪੁਰਬ ਦੇ ਹੋਰ ਧਾਰਮਿਕ ਦਿਹਾੜਿਆਂ ਤੇ ਅਸੈਂਬਲੀ ਵਿੱਚ ਲੈਕਚਰ ਕੀਤੇ ਜਾਂਦੇ ਹਨ। ਮਈ ਮਹੀਨੇ ਵਿਚ 36 ਬੱਚਿਆਂ ਨੂੰ ਅੰਮ੍ਰਿਤ ਛਕਾਇਆ ਗਿਆ, ਜਿਨ੍ਹਾਂ ਨੂੰ ਸਕੂਲ ਵਲੋਂ ਮੈਡਲ ਪਾ ਕੇ ਸਨਮਾਨਿਤ ਕੀਤਾ ਗਿਆ। 120 ਬੱਚੇ ਸਹਿਜ ਪਾਠ ਕਰ ਰਹੇ ਹਨ, 2 ਬੱਚਿਆਂ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ ਅਤੇ 2 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**5. ਪਟਿਆਲਾ (88378-04927)-** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਹਰ ਰੋਜ ਕੇਂਦਰ ਦੇ ਵਿਦਿਆਰਥੀਆਂ ਵਲੋਂ ਸਵੇਰ ਅਤੇ ਸ਼ਾਮ ਦੇ ਦੀਵਾਨਾਂ ਦੀ ਡਿਊਟੀ ਨਿਭਾਈ ਜਾਂਦੀ ਹੈ। ਦਸਤਾਰ ਸਜਾਉਣ ਦੀ ਸਿਖਲਾਈ ਅਤੇ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਸ਼ਾਮ ਸਮੇਂ ਨਵੇਂ ਬੱਚੇ ਅਤੇ ਬੀਬੀਆਂ ਦੀ ਨਿਤਨੇਮ ਸੰਥਿਆ ਕਲਾਸ ਸ਼ੁਰੂ ਕੀਤੀ ਗਈ। ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਨਾਲ ਸੰਬੰਧਿਤ ਹਰ ਰੋਜ ਸ਼ਾਮ ਨੂੰ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ ਤੇ ਇਤਿਹਾਸ ਦੀ ਵਿਚਾਰ ਕੀਤੀ ਜਾਂਦੀ ਹੈ।

**6. ਪਟਿਆਲਾ (87289-34413)-** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਪਿੰਡ ਅਨੈਤਪੁਰ ਵਿਖੇ ਸ਼ਾਮ ਦੇ ਦੀਵਾਨਾਂ ਦੀ ਹਾਜਰੀ (ਸੇਵਾ) ਬੱਚਿਆਂ ਵਲੋਂ ਨਿਭਾਈ ਜਾਂਦੀ ਹੈ, ਜਿਸ ਵਿੱਚ ਰਹਿਰਾਸੁ ਸਾਹਿਬ, ਅਰਦਾਸ, ਹੁਕਮਨਾਮਾ ਸਾਹਿਬ ਅਤੇ ਸੁਖਆਸਣ ਦੀ ਸੇਵਾ ਆਦਿ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਨੂੰ ਮੁੱਖ ਰਖਦਿਆਂ ਗੁਰਦੁਆਰਾ ਸਾਹਿਬ ਵਿਖੇ ਬੀਬੀਆਂ ਅਤੇ ਬੱਚਿਆਂ ਵਲੋਂ ਹਰ ਰੋਜ ਸੁਖਮਨੀ ਸਾਹਿਬ ਦੇ ਪਾਠ ਕੀਤੇ ਜਾਂਦੇ ਹਨ।

**7. ਮਹਾਂ ਸਿੰਘ ਨਗਰ (98149-25551)-** ਪ੍ਰਚਾਰਕ ਬੀਬੀ ਪਰਮਜੀਤ ਕੌਰ ਵਲੋਂ ਸ਼ਾਮ ਵੇਲੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ, ਜਿਸ ਵਿੱਚ ਬੱਚਿਆਂ ਨੂੰ ਗੁਰਮਤਿ ਵਿਦਿਆ ਦੇ ਨਾਲ-ਨਾਲ ਨੈਤਿਕ ਵਿਦਿਆ ਵੀ ਦਿੱਤੀ ਜਾਂਦੀ ਹੈ। ਬੱਚਿਆਂ ਨੂੰ ਰਹਿਰਾਸੁ ਸਾਹਿਬ ਦਾ ਪਾਠ ਵੀ ਕੰਠ ਕਰਵਾਇਆ ਜਾਂਦਾ ਹੈ। 3 ਬੱਚੇ ਸਹਿਜ ਪਾਠ ਕਰ ਰਹੇ ਹਨ, 2 ਬੱਚਿਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**ਦੁਆਬਾ:-**

**8. ਅੱਪਰਾ (85280-78722)-** ਪ੍ਰਚਾਰਕ ਭਾਈ ਨਰਿੰਦਰ ਸਿੰਘ ਵਲੋਂ ਹਰ ਹਫਤੇ 6 ਪਿੰਡਾਂ ਵਿੱਚ ਅਤੇ 3 ਸਕੂਲਾਂ ਵਿੱਚ ਗੁਰਬਾਣੀ ਸੰਥਿਆ ਅਤੇ ਨੈਤਿਕ ਸਿਖਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਚਾਰ ਸਕੂਲਾਂ ਵਿੱਚ ਨੈਤਿਕ ਸਿੱਖਿਆ ਕੈਂਪ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਭਾਈ ਨਛੱਤਰ ਸਿੰਘ ਦੀ ਟੀਮ ਵਲੋਂ ਲਗਾਏ ਗਏ, ਜਿਸ ਵਿੱਚ ਅਵੱਲ ਦਰਜੇ ਤੇ ਆਉਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ।

**9. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਅਤੇ ਸੈਂਟ ਜੋਨਸ ਅਕੈਡਮਿਕ ਸਕੂਲ ਸ਼ੰਕਰ ਵਿਖੇ ਗੁਰਮਤਿ ਦੀਆਂ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸੇਧ ਦੇ ਰਹੇ ਹਨ। ਕੇਂਦਰ ਵਿਖੇ ਹਰ ਰੋਜ ਗੁਰਬਾਣੀ ਨਿਤਨੇਮ ਦੇ ਪਾਠ ਕਰਨ ਤੋਂ ਉਪਰੰਤ ਗੁਰਮਤਿ ਵਿਚਾਰਾਂ ਦੀ ਸਾਂਝ ਕੀਤੀ ਜਾਂਦੀ ਹੈ। ਕੇਂਦਰ ਵਿਖੇ ਸ਼ਾਮ ਨੂੰ ਵੱਡੀ ਸੰਗਤ ਦੀ ਗੁਰਮਤਿ ਕਲਾਸ ਵੀ ਲਗਾਈ ਜਾਂਦੀ ਹੈ, ਜਿਸ ਵਿੱਚ ਸੁਖਮਨੀ ਸਾਹਿਬ ਦੀ ਸੰਥਿਆ ਕਰਵਾਈ ਜਾ ਰਹੀ ਹੈ। ਕੇਂਦਰ ਵਿਖੇ ਗੁਰੂ ਅਰਜਨ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਜਾ ਰਹੇ ਹਨ। ਕੇਂਦਰ ਵਿਖੇ ਕੀਰਤਨ ਕਲਾਸ ਦੇ ਨਾਲ-ਨਾਲ ਗਤਕੇ ਦੀ ਕਲਾਸ ਵੀ ਲਗਾਈ ਜਾਂਦੀ ਹੈ।

**10. ਦੇਵੀਦਾਸ (89687-22872)-** ਕੇਂਦਰ ਦੇ ਪ੍ਰਚਾਰਕ ਭਾਈ ਜਸਕਰਨ ਸਿੰਘ ਵਲੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ ਸਵੇਰ ਵੇਲੇ ਨਿਤਨੇਮ ਅਤੇ ਸ਼ਾਮ ਨੂੰ ਹੁਕਮਨਾਮੇ ਦੀ ਕਥਾ-ਵਿਚਾਰ ਕੀਤੀ ਜਾਂਦੀ ਹੈ। ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾ ਕੇ ਗੁਰਬਾਣੀ ਅਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

**11. ਡਰੋਲੀ ਖੁਰਦ (98774-95935)-** ਕੇਂਦਰ ਦੇ ਪ੍ਰਚਾਰਕ ਭਾਈ ਪ੍ਰਭਪ੍ਰੀਤ ਸਿੰਘ ਵਲੋਂ ਪਿੰਡ ਡਰੋਲੀ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਦੀਆਂ ਗੁਰਬਾਣੀ ਸ਼ੁੱਧ ਉਚਾਰਣ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ।

**12. ਗਲੋਟੀ (95010-81353)-** ਕੇਂਦਰ ਦੇ ਪ੍ਰਚਾਰਕ ਭਾਈ ਰਣਵੀਰ ਸਿੰਘ ਵਲੋਂ

ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਰੋਜਾਨਾ ਸਵੇਰੇ ਅਤੇ ਸ਼ਾਮ ਸੰਗਤ ਨਾਲ ਕਥਾ-ਵਿਚਾਰ ਕੀਤੀ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿਖੇ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲੱਗ ਰਹੀਆਂ ਹਨ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**13. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**14. ਜਰਮਨ (0049 1631892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲੜਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀ ਗੁਰਮਤਿ ਕਲਾਸ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**15. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਸਵੇਰੇ 9 ਵਜੇ ਤੋਂ 10.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਸਿੰਘਪੁਰਾ ਮੁਰਾਲੀਆਂ ਵਿਖੇ, 12 ਵਜੇ ਤੋਂ 1.30 ਵਜੇ ਤੱਕ ਗੁਰਦੁਆਰਾ ਸਾਹਿਬ ਮਮਕਾ ਵਿਖੇ, 4 ਵਜੇ ਤੋਂ 5.30 ਵਜੇ ਤੱਕ ਗੁਰਦੁਆਰਾ ਗੁਰੂ ਸਿੰਘ ਸਭਾ ਫਿੰਦੜ ਆਰ. ਐਸ. ਪੁਰਾ ਵਿਖੇ ਬੱਚਿਆਂ ਦੀ ਗੁਰਮਤਿ ਦੀ ਕਲਾਸ ਲਗਾਈ ਜਾਂਦੀ ਹੈ ਅਤੇ ਨਾਲ ਹੀ ਗੁਰਬਾਣੀ ਦੀ ਸੰਥਿਆ ਵੀ ਕਰਵਾਈ ਜਾਂਦੀ ਹੈ।

**16. ਦੁਰਗ (ਛੱਤੀਸਗੜ੍ਹ) (98821-42424)-** ਪ੍ਰਚਾਰਕ ਭਾਈ ਕੰਵਲਪ੍ਰੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕ ਪਥ, ਦੁਰਗ ਛੱਤੀਸਗੜ੍ਹ ਵਿਖੇ ਰੋਜਾਨਾ ਅੰਮ੍ਰਿਤ ਵੇਲੇ ਹੁਕਮਨਾਮਾ ਸਾਹਿਬ ਦੀ ਵਿਚਾਰ ਕੀਤੀ ਜਾਂਦੀ ਹੈ। ਗੁਰਦੁਆਰਾ ਸਿੰਘ ਸਭਾ ਗੁਰੂ ਤੇਗ ਬਹਾਦਰ ਨਗਰ ਰਾਏਪੁਰ 2 ਮਈ ਨੂੰ ਦਸਤਾਰ ਤੇ ਦੁਮਾਲੇ ਦੇ ਮੁਕਾਬਲੇ ਅਤੇ ਗਤਕੇ ਦੇ ਮੁਕਾਬਲੇ ਕਰਵਾਏ ਗਏ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਨਾਨਕ ਪਥ ਦੁਰਗ ਛੱਤੀਸਗੜ੍ਹ ਵਿਖੇ 17 ਮਈ ਨੂੰ ਸਿੱਖੀ ਸਰੂਪ ਮੁਕਾਬਲੇ ਕਰਵਾਏ ਗਏ। 23 ਮਈ ਨੂੰ ਸਿੱਖੀ ਪ੍ਰੈਜ਼ੇਨਟੇਸ਼ਨ ਇਤਿਹਾਸ ਮਾਡਲ ਤਿਆਰ ਕਰਕੇ ਬੱਚਿਆਂ ਵਲੋਂ ਉਸ ਦੇ ਇਤਿਹਾਸ ਬਾਰੇ ਦੱਸਿਆ ਗਿਆ। 24 ਅਤੇ 25 ਮਈ ਨੂੰ ਕੀਰਤਨ ਮੁਕਾਬਲੇ ਕਰਵਾਏ ਗਏ।

**17. ਇੰਫਾਲ (ਮਨੀਪੁਰ) -** ਪ੍ਰਚਾਰਕ ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

**18. ਗੁਰਦੁਆਰਾ ਸਿੱਖ ਸੰਗਤ ਦਮ ਦਮ (ਕਲਕੱਤਾ)-** ਪ੍ਰਚਾਰਕ ਭਾਈ ਅੰਗਰੇਜ ਸਿੰਘ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾਂਦੀ ਹੈ।

-0-

**ਸਿਹਤ ਸੰਭਾਲ** **ਸਫਾ 39 ਦਾ ਬਾਕੀ**

ਅਤੇ ਭੋਜਨ ਦੇ ਸੇਵਨ ਨੂੰ ਸੀਮਤ ਕਰਨ ਨਾਲ ਹੱਡੀਆਂ ਕਮਜ਼ੋਰ ਹੋ ਸਕਦੀਆਂ ਹਨ।

* ਗੈਸਟਰੋਇੰਟੇਸਟਾਈਨਲ ਸਰਜਰੀ - ਜੇ ਤੁਸੀਂ ਆਪਣੇ ਪੇਟ ਦਾ ਆਕਾਰ ਘਟਾ ਦਿੱਤਾ ਸੀ ਜਾਂ ਤੁਹਾਡੀ ਆਂਦਰ ਦਾ ਇੱਕ ਹਿੱਸਾ ਹਟਾ ਦਿੱਤਾ ਗਿਆ ਸੀ, ਤਾਂ ਤੁਹਾਨੂੰ ਸਥਿਤੀ ਵਿਕਸਿਤ ਹੋਣ ਦਾ ਵਧੇਰੇ ਜੋਖਮ ਹੁੰਦਾ ਹੈ। ਇਹ ਇਸ ਲਈ ਹੈ ਕਿਉਂਕਿ ਪੌਸ਼ਟਿਕ ਤੱਤਾਂ ਦੇ ਸਮਾਈ ਲਈ ਉਪਲਬਧ ਸਤਹ ਖੇਤਰ ਸੀਮਤ ਹੈ।

* ਦਵਾਈਆਂ

ਜੇਕਰ ਤੁਸੀਂ ਹੇਠ ਲਿਖੀਆਂ ਸਥਿਤੀਆਂ ਵਿੱਚੋਂ ਕਿਸੇ ਇੱਕ ਦਾ ਮੁਕਾਬਲਾ ਕਰਨ ਲਈ ਕੋਈ ਦਵਾਈ ਲੈ ਰਹੇ ਹੋ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਓਸਟੀਓਪਰੋਰੋਸਿਸ ਹੋਣ ਦਾ ਵਧੇਰੇ ਖ਼ਤਰਾ ਹੋਵੇ:

* ਗੈਸਟਿਕ ਰਿਫਲਕਸ
* ਕਸਰ
* ਦੌਰੇ
* ਟ੍ਰਾਂਸਪਲਾਂਟ ਰੱਦ

ਨਾਲ ਹੀ, ਜੇਕਰ ਤੁਹਾਡੀ ਹਾਲਤ ਕੁਝ ਹੇਠ ਲਿਖੇ ਮੁਤਾਬਿਕ ਹੈ ਤਾਂ ਤੁਹਾਨੂੰ ਓਸਟੀਓਪੋਰੋਸਸ ਦੀ ਸੰਭਾਵਨਾ ਹੈ:

* ਇਨਫਲਾਮਟੋਰੀ ਬੌਲ ਡਿਸੀਜ਼
* ਸੈਲੀਅਕ ਬੀਮਾਰੀ ਗੁਰਦੇ ਜਾਂ ਜਿਗਰ ਦੀ ਬਿਮਾਰੀ
* ਲੂਪਸ
* ਗਠੀਏ
* ਮਲਟੀਪਲ ਮਾਇਲੋਮਾ
* ਜੀਵਨ ਸ਼ੈਲੀ ਦੀਆਂ ਚੋਣਾਂ

ਕੁਝ ਜੀਵਨਸ਼ੈਲੀ ਵਿਕਲਪ ਜਿਵੇਂ ਸੁਸਤ ਜੀਵਨ ਸ਼ੈਲੀ, ਤੰਬਾਕੂ ਦੀ ਵਰਤੋਂ, ਅਤੇ ਬਹੁਤ ਜ਼ਿਆਦਾ ਅਲਕੋਹਲ ਦਾ ਸੇਵਨ ਤੁਹਾਡੇ ਓਸਟੀਓਪੋਰੋਸਿਸ ਦੇ ਜੋਖਮ ਨੂੰ ਵਧਾਉਂਦਾ ਹੈ।

**ਇਲਾਜ :**

* ਮਰਦਾਂ-ਔਰਤਾਂ ਦੋਵਾਂ ਲਈ, ਇਲਾਜ ਦਵਾਈਆਂ ਨਾਲ ਸ਼ੁਰੂ ਹੁੰਦਾ ਹੈ।

ਤੁਹਾਡਾ ਡਾਕਟਰ ਤੁਹਾਨੂੰ ਦਵਾਈਆਂ ਲਿਖ ਦੇਵੇਗਾ। ਇਹਨਾਂ ਦਵਾਈਆਂ ਦੇ ਕੁਝ ਮਾੜੇ ਪ੍ਰਭਾਵ ਹੋ ਸਕਦੇ ਹਨ ਜਿਵੇਂ ਕਿ ਪੇਟ ਵਿੱਚ ਦਰਦ, ਦਿਲ ਵਿੱਚ ਜਲਨ ਵਰਗੇ ਲੱਛਣ, ਅਤੇ ਮਤਲੀ।

* ਹਾਰਮੋਨ-ਸਬੰਧਤ ਥੈਰੇਪੀ

ਤੁਸੀਂ ਐਸਟ੍ਰੋਜਨ ਥੈਰੇਪੀ ਲਈ ਜਾਣ ਦੀ ਕੋਸ਼ਿਸ਼ ਕਰ ਸਕਦੇ ਹੋ। ਇਹ ਔਰਤਾਂ ਨੂੰ ਉਹਨਾਂ ਦੇ ਮੁੜ ਬਹਾਲ ਕਰਨ ਵਿੱਚ ਮਦਦ ਕਰੇਗਾ ਹੱਡੀਆਂ ਦੀ ਸਿਹਤ. ਹਾਲਾਂਕਿ, ਇਹ ਛਾਤੀ ਦੇ ਕੈਂਸਰ, ਦਿਲ ਦੀ ਬਿਮਾਰੀ, ਖੂਨ ਦੇ ਥੱਕੇ ਅਤੇ ਐਂਡੋਮੈਟਰੀਅਲ ਕੈਂਸਰ ਦੇ ਜੋਖਮ ਨੂੰ ਵੀ ਵਧਾਉਂਦਾ ਹੈ।

* ਜੀਵਨਸ਼ੈਲੀ ਅਤੇ ਘਰੇਲੂ ਉਪਚਾਰ

ਜੀਵਨਸ਼ੈਲੀ ਵਿੱਚ ਕੁਝ ਮਾਮੂਲੀ ਤਬਦੀਲੀਆਂ ਤੁਹਾਡੀ ਸਥਿਤੀ ਵਿੱਚ ਮਹੱਤਵਪੂਰਨ ਸੁਧਾਰ ਕਰ ਸਕਦੀਆਂ ਹਨ। ਇਹਨਾਂ ਤਬਦੀਲੀਆਂ ਵਿੱਚ ਸ਼ਾਮਲ ਹਨ:

* ਜ਼ਿਆਦਾ ਅਲਕੋਹਲ ਤੋਂ ਪਰਹੇਜ਼ ਕਰਨਾ ਕਿਉਂਕਿ ਇਹ ਹੱਡੀਆਂ ਦੇ ਗਠਨ ਨੂੰ ਘਟਾਉਂਦਾ ਹੈ।

* ਸਿਗਰਟਨੋਸ਼ੀ ਛੱਡਣਾ ਕਿਉਂਕਿ ਇਹ ਹੱਡੀਆਂ ਦੇ ਨੁਕਸਾਨ ਦੀ ਦਰ ਨੂੰ ਵਧਾਉਂਦਾ ਹੈ।

* ਨਾਨ-ਸਲਿਪ ਸੋਲਸ ਦੇ ਨਾਲ ਨੀਵੀਂ ਅੱਡੀ ਵਾਲੇ ਜੁੱਤੇ ਪਾ ਕੇ ਡਿੱਗਣ ਤੋਂ ਬਚਣ ਦੀ ਕੋਸ਼ਿਸ਼ ਕਰੋ। ਨਾਲ ਹੀ, ਇਹ ਯਕੀਨੀ ਬਣਾਓ ਕਿ ਤੁਹਾਡੇ * ਘਰ ਵਿੱਚ ਕੋਈ ਤਿਲਕਣ ਵਾਲੀ ਸਤ੍ਹਾ ਨਾ ਹੋਵੇ।

* ਵਿਟਾਮਿਨ ਡੀ ਅਤੇ ਕੈਲਸ਼ੀਅਮ ਦੀ ਭਰਪੂਰ ਮਾਤਰਾ ਲਓ

* ਨਿਯਮਤ ਕਸਰਤ ਲਓ।

-0-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਨਾਰੰਗਵਾਲ ਵਲੋਂ ਪਿੰਡ ਸਾਈਆਂ ਵਿਖੇ ਪੰਜ ਰੋਜ਼ਾ ਗੁਰਮਤਿ ਟ੍ਰੇਨਿੰਗ ਕੈਂਪ ਲਗਾਇਆ ਗਿਆ



ਪਿੰਡ ਪਲਾਸੌਰ (ਤਰਨਤਾਰਨ) ਵਿਖੇ ਸਕੂਲ ਵਿਚ ਬੱਚਿਆਂ ਦੇ ਲੱਗੇ ਗੁਰਮਤਿ ਕੈਂਪ ਦੌਰਾਨ ਪ੍ਰਚਾਰਕ ਵੀਰ ਕਲਾਸ ਲਗਾਉਂਦੇ ਹੋਏ।





ਪਿੰਡ ਬੜੂੰਦੀ (ਲੁਧਿਆਣਾ) ਵਿਖੇ ਲੱਗੇ ਗੁਰਮਤਿ ਟ੍ਰੇਨਿੰਗ ਕੈਂਪ ਦੌਰਾਨ ਵੱਡੀ ਗਿਣਤੀ ਵਿਚ ਬੱਚਿਆਂ ਨੇ ਹਿੱਸਾ ਲਿਆ, ਦਸਤਾਰ ਮੁਕਾਬਲੇ ਅਤੇ ਲੰਮੇ ਕੇਸ ਮੁਕਾਬਲੇ ਵੀ ਕਰਵਾਏ ਗਏ ਉਪਰੰਤ ਬੱਚਿਆਂ ਨੂੰ ਮੈਡਲਾਂ ਅਤੇ ਸ਼ੀਲਡਾਂ ਨਾਲ ਸਨਮਾਨਤ ਕੀਤਾ ਗਿਆ।



ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਬਠਿੰਡਾ ਵਲੋਂ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਦੇ ਸਹਿਯੋਗ ਸਦਕਾ ਗੁਰਮਤਿ ਟ੍ਰੇਨਿੰਗ ਕੈਂਪ ਲਗਾਇਆ ਗਿਆ।



ਗੁਰਮਤਿ ਗਿਆਨ ਮਿਸ਼ਨਰੀ ਕਾਲਜ ਅਤੇ ਸਿੱਖ ਏਡ ਗਲੋਬਲ ਸੰਸਥਾ ਵਲੋਂ ਮੱਧ ਪ੍ਰਦੇਸ਼ ਦੇ ਵੱਖ ਵੱਖ ਪਿੰਡਾਂ ਉਮਰਟੀ, ਪਾਂਗਰੀ, ਪਾਚੌਰੀ ਆਦਿ ਵਿਖੇ ਗੁਰਮਤਿ ਕੈਂਪ ਲਗਾਏ ਗਏ।



ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ, ਬਠਿੰਡਾ ਵਿਖੇ ਲੱਗੇ ਗੁਰਮਤਿ ਕੈਂਪ ਦੌਰਾਨ ਭਾਈ ਰਜਿੰਦਰ ਸਿੰਘ ਕਲਾਸ ਲਗਾਉਂਦੇ ਹੋਏ।



ਕੇਂਦਰ ਨਵਾਂਸ਼ਹਿਰ ਦੇ ਪਿੰਡ ਬੈਂਸ ਵਿਖੇ ਲੱਗੇ ਗੁਰਮਤਿ ਕੈਂਪ ਦੌਰਾਨ ਬੱਚਿਆਂ ਅਤੇ ਬੀਬੀਆਂ ਨੂੰ ਸਨਮਾਨਤ ਕੀਤਾ ਗਿਆ।

RNI No.: PUNMUL/2019/78309 Postal Regd. No.: L-6/PB/LDC/805/2024-26 (31-12-2026) Postal Date: 5th of every month

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਵੱਖ-ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ




ਕੇਂਦਰ ਚੱਕ ਕਲਾਂ ਵਿਖੇ ਪੰਜ ਰੋਜ਼ਾ ਗੁਰਮਤਿ ਟ੍ਰੇਨਿੰਗ ਕੈਂਪ ਲਗਾਇਆ ਗਿਆ ਜਿਸ ਵੱਡੀ ਤਾਦਾਦ ਵਿਚ ਸੰਗਤ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਕੈਂਪ ਉਪਰੰਤ ਬੱਚਿਆਂ ਨੂੰ ਸਨਮਾਨਤ ਵੀ ਕੀਤਾ ਗਿਆ। ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਦੀ ਪੂਰੀ ਟੀਮ ਕੈਂਪ ਦੌਰਾਨ ਹਾਜ਼ਰ ਰਹੀ।



ਕੇਂਦਰ ਚੱਕ ਕਲਾਂ ਦੇ ਪਿੰਡ ਹੇਰਾਂ ਵਿਖੇ ਲੱਗੇ ਗੁਰਮਤਿ ਟ੍ਰੇਨਿੰਗ ਕੈਂਪ ਵਿਚ ਹਾਜ਼ਰ ਸੰਗਤ



ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਫੱਤੂਭੀਲਾ ਵਿਖੇ ਲੱਗੇ ਗੁਰਮਤਿ ਕੈਂਪ ਦੌਰਾਨ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੇ ਹਾਜ਼ਰੀ ਭਰੀ।



ਪਿੰਡ ਸਿਗਨੂਰ (ਖਰਗੌਨ) ਮੱਧ ਪ੍ਰਦੇਸ਼ ਵਿਖੇ ਗੁਰਦੁਆਰਾ ਸਾਹਿਬ ਵਿਚ ਗੁਰਮਤਿ ਕੈਂਪ ਲਗਾਇਆ ਗਿਆ।



ਪਿੰਡ ਖਕਨਾਰ (ਖਰਗੌਨ) ਮੱਧ ਪ੍ਰਦੇਸ਼ ਵਿਖੇ ਗੁਰਦੁਆਰਾ ਸਾਹਿਬ ਵਿਚ ਗੁਰਮਤਿ ਕੈਂਪ ਲਗਾਇਆ ਗਿਆ।



24 ਮਈ ਤੋਂ 4 ਜੂਨ ਤਕ ਬੰਗਾਲ ਦੇ ਵੱਖ ਵੱਖ ਖੇਤਰਾਂ ਵਿਚ ਗੁਰਮਤਿ ਟ੍ਰੇਨਿੰਗ ਕੈਂਪ ਲਗਾਏ ਗਏ।



ਚੀਨਾਕੌੜੀ (ਪੱਛਮੀ ਬੰਗਾਲ) ਵਿਖੇ ਗੁਰਮਤਿ ਕੈਂਪ ਲਗਾਇਆ ਗਿਆ ਬੱਚਿਆਂ ਵਿਚ ਕਾਫੀ ਉਤਸ਼ਾਹ ਨਜ਼ਰ ਆਇਆ।



ਸ਼ਿਮਲਾਪੁਰੀ (ਲੁਧਿਆਣਾ) ਵਿਖੇ ਲੱਗੇ ਗੁਰਮਤਿ ਟ੍ਰੇਨਿੰਗ ਕੈਂਪ ਵਿਚ ਭਾਗ ਲੈ ਰਹੇ ਬੱਚੇ।